@Qpatrika | @qaumipatrika punjabi | instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Punjabi National Daily

Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Sunday, 18 February 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਐਤਵਾਰ 18 ਫਰਵਰੀ 2024, 3 ਫੱਗਣ ਨਾਨਕਸ਼ਾਹੀ ਸੰਮਤ 554 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 79, qpatrika@gmail.com ਫੋਨ : 9971359517 www.qaumipatrika.org

## ਏਅਰਪੋਰਟ 'ਤੇ ਨਹੀਂ ਮਿਲੀ ਵ੍ਹੀਲਚੇਅਰ, ਪੈਦਲ ਤੁਰਨ ਤੋਂ ਬਾਅਦ 80 ਸਾਲਾ ਬਜੁਰਗ ਦੀ ਮੌਤ

ਮੁੰਬਈ 17 ਫਰਵਰੀ। ਮੁੰਬਈ ਹਵਾਈ ਅੱਡੇ 'ਤੇ ਏਅਰ ਇੰਡੀਆ ਦੇ 80 ਸਾਲਾ ਯਾਤਰੀ ਨੇ ਵ੍ਹੀਲਚੇਅਰ ਲਈ ਬੇਨਤੀ ਕੀਤੀ ਪਰ ਵ੍ਹੀਲਚੇਅਰ ਦੀ ਭਾਰੀ ਮੰਗ ਕਾਰਨ ਉਡੀਕ ਕਰਨ ਲਈ ਕਹੇ ਜਾਣ 'ਤੇ ਉਸ ਵਿਅਕਤੀ ਨੇ ਤੁਰਨ ਦਾ ਫੈਸਲਾ ਕੀਤਾ। ਹਾਲਾਂਕਿ, ਇਮੀਗ੍ਰੇਸ਼ਨ ਪ੍ਰਕਿਰਿਆ ਦੌਰਾਨ ਡਿੱਗਣ ਨਾਲ ਉਸ ਦੀ ਮੌਤ ਹੋ ਗਈ। ਇਹ ਘਟਨਾ 12 ਫਰਵਰੀ ਨੂੰ ਨਿਊਯਾਰਕ ਤੋਂ ਏਅਰ ਇੰਡੀਆ ਦੀ ਫਲਾਈਟ ਤੋਂ ਯਾਤਰੀ ਦੇ ਉਤਰਨ ਤੋਂ ਬਾਅਦ ਹਵਾਈ ਅੱਡੇ 'ਤੇ ਵਾਪਰੀ। ਏਅਰਲਾਈਨ ਦੇ ਬੁਲਾਰੇ ਨੇ ਸ਼ੁੱਕਰਵਾਰ ਨੂੰ ਦੱਸਿਆ ਕਿ ਯਾਤਰੀ ਦੀ ਉਮਰ 80 ਸਾਲ ਤੋਂ ਵੱਧ ਸੀ। ਏਅਰ ਇੰਡੀਆ ਨੇ ਸ਼ੁੱਕਰਵਾਰ ਨੂੰ ਇਕ ਬਿਆਨ ਵਿਚ ਕਿਹਾ ਕਿ ਵ੍ਹੀਲਚੇਅਰ ਦੀ ਜ਼ਿਆਦਾ ਮੰਗ ਦੇ ਕਾਰਨ, ਉਸ ਨੇ ਯਾਤਰੀ ਨੂੰ ਏਅਰਲਾਈਨ ਸਟਾਫ ਦੀ ਸਹਾਇਤਾ ਵਾਲੀ ਵ੍ਹੀਲਚੇਅਰ ਦੀ ਉਡੀਕ ਕਰਨ ਲਈ ਕਿਹਾ ਸੀ ਪਰ ਵਿਅਕਤੀ ਨੇ ਵ੍ਹੀਲਚੇਅਰ 'ਤੇ ਬੈਠੀ ਆਪਣੀ ਪਤਨੀ ਨਾਲ ਤੁਰਨ ਦਾ ਬਦਲ ਚੁਣਿਆ। ਏਅਰਲਾਈਨ ਨੇ ਕਿਹਾ,"ਇਕ ਮੰਦਭਾਗੀ ਘਟਨਾ 'ਚ 12 ਫਰਵਰੀ ਨੂੰ ਨਿਊਯਾਰਕ ਤੋਂ ਮੁੰਬਈ ਲਈ ਉਡਾਣ ਭਰਨ ਵਾਲੇ ਸਾਡੇ ਯਾਤਰੀਆਂ 'ਚੋਂ ਇਕ ਆਪਣੀ ਪਤਨੀ ਨਾਲ ਇਮੀਗ੍ਰੇਸ਼ਨ ਪ੍ਰਕਿਰਿਆ ਪੂਰੀ ਕਰਨ ਦੌਰਾਨ ਬੀਮਾਰ ਪੈ ਗਏ। ਉਨ੍ਹਾਂ ਦੀ ਪਤਨੀ ਵ੍ਹੀਲਚੇਅਰ 'ਤੇ ਸਨ।" ਏਅਰਲਾਈਨ ਨੇ ਕਿਹਾ ਕਿ ਬੀਮਾਰ ਪੈਣ ਤੋਂ ਬਾਅਦ ਵਿਅਕਤੀ ਦਾ ਇਲਾਜ ਕਰ ਰਹੇ ਹਵਾਈ ਅੱਡੇ ਦੇ ਡਾਕਟਰ ਦੀ ਸਲਾਹ ਅਨੁਸਾਰ ਯਾਤਰੀ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ, ਜਿੱਥੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਕਰ ਦਿੱਤਾ ਗਿਆ। ਏਅਰ ਇੰਡੀਆ ਅਨੁਸਾਰ ਉਹ ਸੋਗ ਪੀੜਤ ਪਰਿਵਾਰ ਦੇ ਮੈਂਬਰਾਂ ਨਾਲ ਲਗਾਤਾਰ ਸੰਪਰਕ 'ਚ ਹੈ ਅਤੇ ਜ਼ਰੂਰੀ ਮਦਦ ਪ੍ਰਦਾਨ ਕਰ ਰਹੀ ਹੈ। ਏਅਰਲਾਈਨ ਨੇ ਕਿਹਾ ਕਿ ਵ੍ਹੀਲਚੇਅਰ ਦੀ ਪ੍ਰੀ-ਬੁਕਿੰਗ ਕਰਨ ਵਾਲੇ ਸਾਰੇ ਯਾਤਰੀਆਂ ਨੂੰ ਵ੍ਹੀਲਚੇਅਰ ਮਦਦ ਪ੍ਰਦਾਨ ਕਰਨ ਬਾਰੇ ਉਸ ਦੀ ਸਪੱਸ਼ਟ ਤੈਅ ਨੀਤੀ ਹੈ। ਘਟਨਾ 'ਤੇ ਮੁੰਬਈ ਹਵਾਈ ਅੱਡੇ ਦੇ ਸੰਚਾਲਕ ਐੱਮ.ਆਈ.ਏ.ਐੱਲ. ਵਲੋਂ ਤੁਰੰਤ ਕੋਈ ਟਿੱਪਣੀ ਨਹੀਂ ਆਈ ਹੈ।

# ਹਰ ਬੂਥ 'ਤੇ ਭਾਜਪਾ ਦੇ 370 ਵੋਟ ਵਧਾਉਣ ਵਰਕਰ : ਪ੍ਰਧਾਨ ਮੰਤਰੀ ਮੋਦੀ

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 17 ਫਰਵਰੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਨੀਵਾਰ ਨੂੰ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਵਰਕਰਾਂ ਨੂੰ ਕਿਹਾ ਕਿ ਉਹ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿਚ ਪਾਰਟੀ ਦੇ 370 ਤੋਂ ਵੱਧ ਸੀਟਾਂ ਜਿੱਤਣ ਦੇ ਟੀਚੇ ਨੂੰ ਕੋਈ ਅੰਕੜਾ ਨਹੀਂ, ਸਗੋਂ ਡਾ. ਸ਼ਯਾਮਾ ਪ੍ਰਸਾਦ ਮੁਖਰਜੀ ਨੂੰ ਸਰਧਾਂਜਲੀ ਸਮਝ ਕੇ ਪ੍ਰਾਪਤ ਕਰੋ। ਪੀ.ਐੱਮ. ਮੋਦੀ ਨੇ ਭਾਜਪਾ ਦੇ ਕੌਮੀ ਸੰਮੇਲਨ ਦੇ ਉਦਘਾਟਨ ਤੋਂ ਪਹਿਲਾਂ ਪਾਰਟੀ ਦੇ ਕੌਮੀ ਅਹੁਦੇਦਾਰਾਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਇਹ ਵੀ ਕਿਹਾ ਕਿ ਹਰ ਬੂਥ 'ਤੇ ਭਾਜਪਾ ਦੀਆਂ 370 ਵੋਟਾਂ ਵਧਾਉਣ। ਭਾਜਪਾ ਦੇ ਜਨਰਲ ਸਕੱਤਰ ਵਿਨੋਦ ਤਾਵੜੇ ਨੇ ਪੱਤਰਕਾਰਾਂ ਨੂੰ ਪ੍ਰਧਾਨ ਮੰਤਰੀ ਦੇ ਮਾਰਗਦਰਸਨ ਦੇ ਨੁਕਤਿਆਂ ਬਾਰੇ ਜਾਣਕਾਰੀ ਦਿੱਤੀ। ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਜਪਾ ਨੂੰ 370 ਅਤੇ ਰਾਸਟਰੀ ਜਨਤਾਂਤਰਿਕ ਗਠਜੋੜ (ਐਨ.ਡੀ.ਏ.) ਨੂੰ 400 ਤੋਂ ਪਾਰ ਲਿਜਾਉਣ ਦਾ ਟੀਚਾ ਸਿਰਫ ਇਕ ਅੰਕੜਾ ਨਹੀਂ ਹੈ। ਡਾ. ਸ਼ਯਾਮਾ ਪ੍ਰਸਾਦ ਮੁਖਰਜੀ ਨੇ ਜੰਮੂ ਕਸ਼ਮੀਰ ਨੂੰ ਭਾਰਤ ਦਾ ਅਟੁੱਟ ਹਿੱਸਾ ਬਣਾਉਣ ਲਈ ਬਲੀਦਾਨ ਦਿੱਤਾ ਸੀ। ਹਰ ਵਰਕਰ ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਲਈ ਅੱਗੇ ਆਏ ਅਤੇ ਇਸ ਨੂੰ ਇਕ ਅੰਕੜੇ ਵਜੋਂ ਨਹੀਂ ਸਗੋਂ ਸ਼ਰਧਾਂਜਲੀ ਵਜੋਂ ਲੈਣ। ਸ਼੍ਰੀ ਤਾਵੜੇ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਭਾਜਪਾ ਅਤੇ ਰਾਜਗ ਜੋ ਸੀਟਾਂ ਲੜਨੀਆਂ ਹਨ, ਉਨ੍ਹਾਂ ਦੇ ਉਮੀਦਵਾਰ ਦਾ ਸਰਕਾਰਾਂ ਦੀਆਂ ਯੋਜਨਾਵਾਂ ਦਾ ਲਾਭ ਮਿਲਿਆ ਹੈ, ਉਨ੍ਹਾਂ ਨਾਲ 100 ਦਿਨਾਂ 'ਚ ਸੰਪਰਕ ਕਰਨ।



ਐਲਾਨ ਕਰ ਦਿੱਤਾ ਅਤੇ ਉਹ ਉਮੀਦਵਾਰ ਹੈ- ਕਮਲ ਦਾ ਫੁੱਲ। ਉਨ੍ਹਾਂ ਨੇ ਸੱਦਾ ਦਿੱਤਾ ਕਿ ਸਾਰੇ ਵਰਕਰ ਕਮਲ ਨੂੰ ਜਿਤਾਉਣ ਲਈ ਕਮਰ ਕੱਸ ਲੈਣ।ਜਿਹੜੇ ਲੋਕਾਂ ਨੂੰ ਕੇਂਦਰ ਜਾਂ ਰਾਜ ਦੀਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਹਰ ਬੂਥ 'ਤੇ ਭਾਜਪਾ ਦੇ ਵਰਕਰ ਅਗਲੇ 100 ਦਿਨਾਂ ਤੱਕ ਪਿਛਲੀ ਵਾਰ ਪ੍ਰਾਪਤ ਵੋਟਾਂ 'ਚ ਘੱਟੋ-ਘੱਟ 370 ਵੋਟਾਂ ਦਾ ਵਾਧਾ ਕਰਨ।

## ਇਸਰੋ ਨੇ ਰਚਿਆ ਇਤਿਹਾਸ, ਮੌਸਮ ਸੈਟੇਲਾਈਟ ਇਨਸੈਟ-3 ਡੀ. ਕੀਤਾ ਸਫਲਤਾਪੂਰਵਕ ਲਾਂਚ

ਸ਼੍ਰੀਹਰਿਕੋਟਾ 17 ਫਰਵਰੀ। ਭਾਰਤ ਦੇ ਸਭ ਤੋਂ ਐਡਵਾਂਸ ਮੌਸਮ ਸੈਟੇਲਾਈਟ ਇਨਸੈਟ-3 ਡੀ.ਐੱਸ. ਨੂੰ ਲਾਂਚ ਕਰ ਦਿੱਤਾ ਗਿਆ ਹੈ। ਇਸਰੋ ਨੇ ਆਂਧਰਾ ਪ੍ਰਦੇਸ਼ ਦੇ ਸ਼੍ਰੀਹਰਿਕੋਟਾ ਸਥਿਤ ਸਤੀਸ਼ ਧਵਨ ਪੁਲਾੜ ਕੇਂਦਰ (ਐੱਸ.ਡੀ.ਐੱਸ.ਸੀ.) ਤੋਂ ਸ਼ਨੀਵਾਰ ਸ਼ਾਮ 5.35 ਵਜੇ ਇਨਸੈੱਟ-3ਡੀਐੱਸ ਸੈਟੇਲਾਈਟ ਲਾਂਚ ਕੀਤਾ ਹੈ। ਸਤੀਸ਼ ਧਵਨ ਸਪੇਸ ਸੈਂਟਰ ਦੇ ਦੂਜੇ ਲਾਂਚ ਪੈਡ ਤੋਂ ਜੀ.ਐੱਸ.ਐੱਲ.ਵੀ.-ਐੱਫ14 ਰਾਕੇਟ ਰਾਹੀਂ



ਇਨਸੈੱਟ-3ਡੀਐੱਸ ਸੈਟੇਲਾਈਟ ਨੂੰ ਉਸ ਦੀ ਤੈਅ ਪੰਧ 'ਚ ਛੱਡਿਆ ਗਿਆ। ਇਹ ਸੀਰੀਜ ਦਾ ਤੀਜੀ ਪੀੜ੍ਹੀ ਦਾ ਸੈਟੇਲਾਈਟ ਹੈ। ਇਸ ਸੈਟੇਲਾਈਟ ਦਾ ਮਕਸਦ ਧਰਤੀ ਦੀ ਸਤਿਹ ਅਤੇ ਸਮੁੰਦਰੀ ਨਿਰੀਖਣਾਂ ਦੇ ਅਧਿਐਨ ਨੂੰ ਉਤਸ਼ਾਹ ਦੇਣਾ ਹੈ। 51.7 ਮੀਟਰ ਲੰਬਾ ਜੀ.ਐੱਸ.ਐੱਲ.ਵੀ.-ਐੱਫ14 ਰਾਕੇਟ ਇੱਥੋਂ ਲਾਂਚ ਕੀਤਾ ਗਿਆ। ਲਾਂਚ ਦੇਖਣ ਲਈ ਇਕੱਠੀ ਭੀੜ ਨੇ ਰਾਕੇਟ ਦੇ ਰਵਾਨਾ ਹੋਣ 'ਤੇ ਤਾੜੀਆਂ ਵਜਾ ਕੇ ਖੁਸ਼ੀ ਜਤਾਈ। ਇਸਰੋ ਨੇ ਕਿਹਾ ਕਿ 2,274 ਕਿਲੋਗ੍ਰਾਮ ਭਾਰੀ ਸੈਟੇਲਾਈਟ ਭਾਰਤੀ ਮੌਸਮ ਵਿਗਿਆਨ ਵਿਭਾਗ (ਆਈ.ਐੱਮ.ਡੀ.) ਸਮੇਤ ਪ੍ਰਿਥਵੀ ਵਿਗਿਆਨ ਮੰਤਰਾਲਾ ਦੇ ਅਧੀਨ ਵੱਖ-ਵੱਖ ਵਿਭਾਗਾਂ ਨੂੰ ਸੇਵਾ ਪ੍ਰਦਾਨ ਕਰੇਗਾ। ਇਕ ਜਨਵਰੀ ਨੂੰ ਪੀ.ਐੱਸ.ਐੱਲ.ਵੀ.-ਸੀ58/ਐਕਸਪੋਸੈਟ ਮਿਸ਼ਨ ਦੇ ਸਫਲ ਲਾਂਚ ਤੋਂ ਬਾਅਦ 2024 'ਚ ਇਸਰੋ ਲਈ ਇਹ ਦੂਜਾ ਮਿਸ਼ਨ ਹੈ। ਇਨਸੈੱਟ-3ਡੀਐੱਸ ਮਿਸ਼ਨ ਦਾ ਮਕਸਦ ਮੌਸਮ, ਜਲਵਾਯੂ ਅਤੇ ਚੱਕਰਵਾਤਾਂ 'ਤੇ ਨਜਰ ਰੱਖਣਾ ਹੈ। ਜਿਸ ਨਾਲ ਮੌਸਮ ਅਤੇ ਆਫਤ ਦੀ ਸਹੀ ਜਾਣਕਾਰੀ ਹਾਸਲ ਕੀਤੀ ਜਾ ਸਕੇ। ਜਦੋਂ ਕੁਦਰਤੀ ਆਫਤਾਵਾਂ ਦੇ ਪਹਿਲੇ ਹੀ ਸਹੀ ਜਾਣਕਾਰੀ ਮਿਲੇਗੀ ਤਾਂ ਉਨ੍ਹਾਂ ਨੂੰ ਰੋਕਣ ਦੇ ਵੀ ਪ੍ਰਭਾਵੀ ਉਪਾਅ ਕੀਤੇ ਜਾਣਗੇ। ਭਾਰਤੀ ਮੌਸਮ ਏਜੰਸੀਆਂ ਲਈ ਇਹ ਮੌਸਮ ਸੈਟੇਲਾਈਟ ਬੇਹੱਦ ਅਹਿਮ ਸਾਬਤ ਹੋਵੇਗਾ।

# ਕਿਸਾਨੀ ਹੱਕਾਂ ਵਾਸਤੇ ਸੁਖਬੀਰ ਬਾਦਲ ਦੀ ਭਾਰਤ ਸਰਕਾਰ ਨੂੰ ਅਪੀਲ

**ਨਵਦੀਪ ਸਿੰਘ ਸਾਹਨੀ**

ਚੰਡੀਗੜ੍ਹ 16 ਫਰਵਰੀ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਕਿਸਾਨੀ ਹੱਕਾਂ ਵਾਸਤੇ ਹਮੇਸਾ ਡਟਿਆ ਹੈ, ਡਟਿਆ ਰਹੇਗਾ ਅਤੇ ਹਮੇਸਾ ਕਿਸਾਨਾਂ ਦੇ ਨਾਲ ਖੜ੍ਹਾ ਹੋਵੇਗਾ। ਪਾਰਟੀ ਕਿਸਾਨਾਂ ਦੇ ਸਾਂਤਮਈ ਲੋਕਤੰਤਰੀ ਰੋਸ ਪ੍ਰਗਟਾਵੇ ਦੇ ਅਧਿਕਾਰ ਦਾ ਡਟਵਾਂ ਸਮਰਥਨ ਕਰਦੀ ਹੈ। ਉਨ੍ਹਾਂ ਕਿਹਾ ਕਿ ਮੈਂ ਭਾਰਤ ਸਰਕਾਰ ਨੂੰ ਅਪੀਲ ਕਰਦਾ ਹਾਂ ਕਿ ਕਿਸਾਨਾਂ ਨਾਲ ਪਹਿਲਾਂ ਕੀਤੇ ਵਾਅਦੇ ਪੂਰੀ ਤਰ੍ਹਾਂ ਲਾਗੂ ਕੀਤੇ ਜਾਣ। ਅਸੀਂ ਇਹ ਵੀ ਮੰਗ ਕਰਦੇ ਹਾਂ ਕਿ ਕੇਜਰੀਵਾਲ ਅਤੇ ਭਗਵੰਤ ਮਾਨ ਆਪਣੇ ਕੀਤੇ ਵਾਅਦੇ ਅਨੁਸਾਰ ਕਣਕ ਤੇ ਝੋਨੇ ਸਮੇਤ 17 ਫਸਲਾਂ 'ਤੇ ਐੱਮ. ਐੱਸ. ਪੀ. ਦੇਣ



ਦਾ ਆਪਣਾ ਵਾਅਦਾ ਪੂਰਾ ਕਰਨ। ਉਨ੍ਹਾਂ ਕਿਹਾ ਕਿ ਅਸੀਂ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਅਪੀਲ ਕਰਦੇ ਹਾਂ ਕਿ ਉਹ ਕਿਸਾਨਾਂ ਦੀਆਂ ਵਾਜਿਬ ਮੰਗਾਂ ਦੇ ਹੱਲ ਲਈ ਗੱਲਬਾਤ ਰਾਹੀਂ ਯਤਨ ਕਰਨ ਨਾ ਕਿ ਦਮਨਕਾਰੀ ਨੀਤੀਆਂ ਅਪਨਾਉਣ। ਦੱਸਣਯੋਗ ਹੈ ਕਿ ਕਿਸਾਨ ਅੰਦੋਲਨ 2.0 ਦਾ ਅੱਜ ਯਾਨੀ ਕਿ ਬੁੱਧਵਾਰ ਨੂੰ ਦੂਜਾ ਦਿਨ ਹੈ। ਦਿੱਲੀ ਦੀਆਂ ਸਰਹੱਦਾਂ 'ਤੇ ਡਟੇ ਕਿਸਾਨ ਅੱਜ ਯਾਨੀ ਕਿ 15 ਫਰਵਰੀ ਨੂੰ ਇਕ ਵਾਰ ਫਿਰ ਦਿੱਲੀ ਕੂਚ ਦੀ ਕੋਸ਼ਿਸ਼ ਕਰਨਗੇ। ਸ਼ੰਭੂ ਬਾਰਡਰ 'ਤੇ ਜਿੱਥੇ ਕਿਸਾਨਾਂ ਦਾ ਵੱਡਾ ਇਕੱਠ ਜੁੱਟ ਗਿਆ ਹੈ, ਉੱਥੇ ਹੀ ਟਿਕਰੀ ਬਾਰਡਰ ਵੀ ਆਵਾਜਾਈ ਲਈ ਬੰਦ ਕਰ ਦਿੱਤਾ ਗਿਆ ਹੈ।

## ਫੇਮਾ ਕਾਨੂੰਨ ਦੀ ਉਲੰਘਣਾ ਦਾ ਮਾਮਲਾ, ਈ. ਡੀ. ਨੇ ਜਾਰੀ ਕੀਤਾ ਮਹੂਆ ਮੋਇਤਰਾ ਨੂੰ ਸੰਮਨ

ਨਵੀਂ ਦਿੱਲੀ 17 ਫਰਵਰੀ। ਐਨਫੋਰਸਮੈਂਟ ਡਾਇਰੈਕਟੋਰੇਟ (ਈ. ਡੀ.) ਨੇ ਤ੍ਰਿਣਮੂਲ ਕਾਂਗਰਸ ਦੀ ਨੇਤਾ ਅਤੇ ਸਾਬਕਾ ਲੋਕ ਸਭਾ ਮੈਂਬਰ ਮਹੂਆ ਮੋਇਤਰਾ (49) ਨੂੰ ਫੇਮਾ ਐਕਟ ਦੀ ਕਥਿਤ ਉਲੰਘਣਾ ਦੇ ਇਕ ਮਾਮਲੇ ਵਿਚ ਸੰਮਨ ਜਾਰੀ ਕਰ ਕੇ 19 ਫਰਵਰੀ ਨੂੰ ਪੇਸ਼ ਹੋਣ ਲਈ ਕਿਹਾ ਹੈ। ਮਹੂਆ ਦੇ ਖ਼ਿਲਾਫ ਕੇਂਦਰੀ ਜਾਂਚ ਬਿਊਰੋ (ਸੀ. ਬੀ. ਆਈ.) ਵੀ ਜਾਂਚ ਕਰ ਰਹੀ ਹੈ। ਉਹ ਲੋਕਪਾਲ ਵੱਲੋਂ ਮਾਮਲਾ ਭੇਜੇ ਜਾਣ 'ਤੇ ਮੋਇਤਰਾ ਦੇ ਖਿਲਾਫ ਦੋਸਾਂ ਦੀ ਮੁੱਢਲੀ ਜਾਂਚ ਕਰ ਰਹੀ ਹੈ।

## ਕਿਸਾਨ ਸਮਰਥਕ ਰੁਖ ਕਾਰਨ ਪਰਮਜੀਤ ਸਰਨਾ ਦਾ ਫੇਸਬੁੱਕ ਪੇਜ ਹੋਇਆ ਬਲਾਕ

ਨਵੀਂ ਦਿੱਲੀ 17 ਫਰਵਰੀ। ਕਿਸਾਨ ਵਿਰੋਧੀ ਅਤੇ ਸਰਕਾਰ ਸਮਰਥਨ ਮਨਜਿੰਦਰ ਸਿੰਘ ਸਿਰਸਾ ਦੇ ਕਹਿਣ 'ਤੇ ਮੈਟਾ ਨੇ ਕਿਸਾਨ ਸਮਰਥਕ ਰੁਖ ਲਈ ਦਿੱਲੀ ਅਕਾਲੀ ਮੁਖੀ ਪਰਮਜੀਤ ਸਿੰਘ ਸਰਨਾ ਦੇ ਫੇਸਬੁੱਕ ਪੇਜ ਨੂੰ ਬਲਾਕ ਕਰ ਦਿੱਤਾ ਹੈ। ਸਰਨਾ ਦੀ ਆਈ.ਟੀ. ਨੇ ਫੇਸਬੁੱਕ ਦੀ ਮੂਲ ਕੰਪਨੀ ਮੈਟਾ ਨਾਲ ਸੰਪਰਕ ਕੀਤਾ ਅਤੇ ਲੋਕਤੰਤਰ ਵਿਰੋਧੀ ਤਾਕਤਾਂ ਦੇ ਇਸ਼ਾਰਿਆਂ 'ਤੇ ਲੋਕਤੰਤਰੀ ਆਵਾਜਾਂ ਨੂੰ ਦਬਾਉਣ ਲਈ ਸਖਤ ਵਿਰੋਧ ਦਰਜ ਕਰਵਾਇਆ ਹੈ। ਸਰਨਾ ਨੇ ਕਿਹਾ,"ਸਾਨੂੰ ਸ਼ਿਕਾਇਤਾਂ ਮਿਲੀਆਂ ਹਨ ਕਿ ਸਿਰਸਾ ਕਈ ਪੰਥਕ ਆਨਲਾਈਨ ਸੋਸ਼ਲ ਅਕਾਊਂਟਸ 'ਤੇ ਸਟ੍ਰਾਈਕ ਜਾਰੀ ਕਰ ਰਿਹਾ ਹੈ। ਅਸੀਂ ਇਨ੍ਹਾਂ ਵਿਰੋਧੀ ਤਾਕਤਾਂ ਦੀਆਂ ਕਿਸਾਨ ਵਿਰੋਧੀ ਅਤੇ ਲੋਕਤੰਤਰ ਵਿਰੋਧੀ ਰਣਨੀਤੀ ਦੀ ਜੜ੍ਹ ਤੱਕ ਪਹੁੰਚਾਂਗੇ।



# ਕਿਸਾਨ ਅੰਦੋਲਨ 'ਤੇ ਅਨੁਰਾਗ ਠਾਕੁਰ ਬੋਲੇ- ਜਲਦੀ ਹੀ ਨਿਕਲੇਗਾ ਮਸਲੇ ਦਾ ਕੋਈ ਹੱਲ

**ਏਜੰਸੀਆਂ**

ਨਵੀਂ ਦਿੱਲੀ 17 ਫਰਵਰੀ। ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) ਦੀ ਕਾਨੂੰਨੀ ਗਾਰੰਟੀ ਦੀ ਮੰਗ ਨੂੰ ਲੈ ਕੇ ਪ੍ਰਦਰਸਨ ਕਰ ਰਹੀਆਂ ਕਿਸਾਨ ਜਥੇਬੰਦੀਆਂ ਨਾਲ ਕੇਂਦਰ ਸਰਕਾਰ ਦੀ ਅਗਲੀ ਗੱਲਬਾਤ ਐਤਵਾਰ ਨੂੰ ਹੋਵੇਗੀ। ਸੂਚਨਾ ਤੇ ਪ੍ਰਸਾਰਣ ਮੰਤਰੀ ਅਨੁਰਾਗ ਸਿੰਘ ਠਾਕੁਰ ਨੇ ਵੀਰਵਾਰ ਨੂੰ ਇੱਥੇ ਕਿਹਾ ਕਿ ਕਿਸਾਨ ਜਥੇਬੰਦੀਆਂ ਨਾਲ ਬੀਤੀ ਦੇਰ ਰਾਤ ਤੱਕ ਗੱਲਬਾਤ ਜਾਰੀ ਰਹੀ ਜੋ ਬਹੁਤ ਸਕਾਰਾਤਮਕ ਰਹੀ। ਉਨ੍ਹਾਂ ਦੱਸਿਆ ਕਿ ਮੀਟਿੰਗ ਵਿੱਚ ਹੀ ਅਗਲੇ ਦੌਰ ਦੀ ਗੱਲਬਾਤ ਲਈ ਐਤਵਾਰ ਦਾ ਦਿਨ ਤੈਅ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਕਿਸਾਨ ਜਥੇਬੰਦੀਆਂ ਨੂੰ ਗੱਲਬਾਤ ਲਈ ਸੱਦਾ ਦਿੱਤਾ ਸੀ। ਉਹ ਆਏ ਅਤੇ ਗੱਲਬਾਤ ਸਾਕਾਰਾਤਮਕ ਮਾਹੌਲ ਵਿੱਚ ਹੋਈ। ਇਸ ਵਿੱਚ ਅਗਲੀ ਗੱਲਬਾਤ ਲਈ ਐਤਵਾਰ ਦਾ ਦਿਨ ਤੈਅ ਕੀਤਾ ਗਿਆ। ਠਾਕੁਰ ਨੇ ਕਿਹਾ ਕਿ ਮੈਨੂੰ ਉਮੀਦ ਹੈ ਕਿ ਗੱਲਬਾਤ ਦਾ ਹਾਂ-ਪੱਖੀ ਰੁਝਾਨ ਜਾਰੀ ਰਹੇਗਾ ਅਤੇ ਅਸੀਂ ਮਸਲੇ ਹੱਲ ਕਰਨ ਲਈ ਅੱਗੇ ਵਧਾਂਗੇ। ਉਨ੍ਹਾਂ ਕਿਹਾ ਕਿ ਕਿਸਾਨਾਂ ਦੇ ਸਾਰੇ ਮਸਲੇ ਹੱਲ ਕਰ ਲਏ ਜਾਣਗੇ ਪਰ ਮੋਦੀ ਸਰਕਾਰ ਨੇ ਬਹੁਤ ਕੰਮ ਕੀਤਾ ਹੈ। ਬਹੁਤ ਸਾਰੇ ਪ੍ਰੋਜੈਕਟ ਪੂਰੇ ਹੋ ਚੁੱਕੇ ਹਨ ਅਤੇ ਕਿਸਾਨਾਂ ਨੂੰ ਹੋਰ



ਕਰਜੇ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਸਵਾਮੀਨਾਥਨ ਕਮੇਟੀ ਅਨੁਸਾਰ ਮੋਦੀ ਸਰਕਾਰ ਨੇ ਖੇਤੀ ਲਾਗਤ 'ਤੇ 50 ਫੀਸਦੀ ਮੁਨਾਫਾ ਯਕੀਨੀ ਬਣਾਇਆ ਹੈ। ਦੱਸ ਦੇਈਏ ਕਿ ਕਿਸਾਨ ਜਥੇਬੰਦੀਆਂ ਨਾਲ ਗੱਲਬਾਤ ਦਾ ਤੀਜਾ ਦੌਰ ਚੰਡੀਗੜ੍ਹ ਵਿੱਚ ਦੇਰ ਰਾਤ ਤੱਕ ਚੱਲਿਆ। ਇਸ ਮੀਟਿੰਗ ਵਿੱਚ ਕੇਂਦਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਅਰਜੁਨ ਮੁੰਡਾ, ਕੇਂਦਰੀ ਖਪਤਕਾਰ ਅਤੇ ਖੁਰਾਕ ਸਪਲਾਈ ਮੰਤਰੀ ਪੀਯੂਸ਼ ਗੋਇਲ, ਕੇਂਦਰੀ ਗ੍ਰਹਿ ਰਾਜ ਮੰਤਰੀ ਨਿਤਿਆਨੰਦ ਰਾਏ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ਿਰਕਤ ਕੀਤੀ। ਕੇਂਦਰ ਸਰਕਾਰ ਅਤੇ ਕਿਸਾਨ ਜਥੇਬੰਦੀਆਂ ਦਰਮਿਆਨ ਤਿੰਨ ਦੌਰ ਦੀ ਗੱਲਬਾਤ ਹੋ ਚੁੱਕੀ ਹੈ ਜਿਸ ਵਿੱਚ ਕੋਈ ਠੋਸ ਨਤੀਜਾ ਨਹੀਂ ਨਿਕਲਿਆ ਹੈ। ਸੂਤਰਾਂ ਦਾ ਕਹਿਣਾ ਹੈ ਕਿ ਸਰਕਾਰ ਨੇ ਕਿਸਾਨਾਂ ਦੀਆਂ ਬਹੁਤੀਆਂ ਮੰਗਾਂ ਮੰਨ ਲਈਆਂ ਹਨ ਪਰ ਕੁਝ ਮੰਗਾਂ ਮੰਨਣ ਵਿੱਚ ਕਾਨੂੰਨੀ ਅੜਚਣਾਂ ਹਨ ਅਤੇ ਇਨ੍ਹਾਂ ਲਈ ਵਿਸਥਾਰਤ ਸਲਾਹ-ਮਸਵਰੇ ਦੀ ਲੋੜ ਹੈ। ਕਿਸਾਨ ਜਥੇਬੰਦੀਆਂ ਸਵਾਮੀਨਾਥਨ ਕਮਿਸਨ ਦੀਆਂ ਸਿਫਾਰਸਾਂ ਨੂੰ ਲਾਗੂ ਕਰਨ ਤੋਂ ਇਲਾਵਾ ਘੱਟੋ-ਘੱਟ ਸਮਰਥਨ ਮੁੱਲ, ਕਿਸਾਨਾਂ ਤੇ ਖੇਤ ਮਜਦੂਰਾਂ ਲਈ ਪੈਨਸਨ, ਕਿਸਾਨੀ ਕਰਜਾ ਮੁਆਫੀ, ਪੁਲਸ ਕੇਸ ਵਾਪਸ ਲੈਣ, ਲਖੀਮਪੁਰੀ ਖੇੜੀ ਹਿੰਸਾ ਦੇ ਪੀੜਤਾਂ ਨੂੰ ਇਨਸਾਫ ਦੇਣ, ਜਮੀਨ ਪ੍ਰਾਪਤੀ ਕਾਨੂੰਨ 2013 ਦੀ ਕਾਨੂੰਨੀ ਗਾਰੰਟੀ ਦੇਣ ਅਤੇ ਪਿਛਲੇ ਅੰਦੋਲਨ ਦੌਰਾਨ ਮਾਰੇ ਗਏ ਕਿਸਾਨਾਂ ਦੇ ਪਰਿਵਾਰਾਂ ਲਈ ਐਕਸ-ਗ੍ਰੇਸ਼ੀਆ ਦੀ ਮੰਗ ਕਰ ਰਹੀਆਂ ਹਨ।

# ਪਹਿਲੀ ਵਾਰ ਇਕੱਠੇ ਕੰਮ ਕਰਨ ਲਈ ਤਿਆਰ ਟਾਟਾ ਤੇ ਰਿਲਾਇੰਸ

**ਤੇਜਿੰਦਰ ਕੌਰ ਬੱਬਰ**

ਬਿਜਨੈੱਸ ਡੈਸਕ 17 ਫਰਵਰੀ। ਰਿਲਾਇੰਸ ਇੰਡਸਟਰੀਜ ਦੇ ਚੇਅਰਮੈਨ ਮੁਕੇਸ ਅੰਬਾਨੀ ਦੀ ਅਗਵਾਈ ਵਾਲੀ ਕੰਪਨੀ ਰਿਲਾਇੰਸ ਇੰਡਸਟਰੀਜ ਅਤੇ ਟਾਟਾ ਇਕੱਠੇ ਕੰਮ ਕਰਨ ਦੀ ਤਿਆਰੀ ਕਰ ਰਹੇ ਹਨ। ਦੱਸ ਦੇਈਏ ਕਿ ਰਿਲਾਇੰਸ ਇੰਡਸਟਰੀਜ ਅਤੇ ਟਾਟਾ ਪਲੇਅ 'ਚ ਵਾਲਟ ਡਿਜਨੀ ਦੀ 29.8 ਫੀਸਦੀ ਹਿੱਸੇਦਾਰੀ ਖਰੀਦਣ ਲਈ ਇਹਨਾਂ ਵਲੋਂ ਗੱਲਬਾਤ ਕਰਨੀ ਸ਼ੁਰੂ ਕਰ ਦਿੱਤੀ ਗਈ ਹੈ। ਰਿਲਾਇੰਸ ਨੇ ਦੇਸ ਵਿੱਚ ਟੀਵੀ ਡਿਸਟ੍ਰੀਬਿਊਸਨ ਕਾਰੋਬਾਰ ਵਿੱਚ ਆਪਣੀ ਮੌਜੂਦਗੀ ਨੂੰ ਵਧਾਉਣ ਲਈ ਵਿਆਪਕ ਯੋਜਨਾਵਾਂ ਬਣਾਈਆਂ ਹਨ ਅਤੇ ਪ੍ਰਸਤਾਵਿਤ ਸੌਦਾ ਉਸੇ ਰਣਨੀਤੀ ਦਾ ਹਿੱਸਾ ਹੈ। ਟਾਟਾ ਗਰੁੱਪ ਦੀ ਹੋਲਡਿੰਗ ਕੰਪਨੀ ਟਾਟਾ ਸੰਨਜ ਕੋਲ ਸੈਟੇਲਾਈਟ ਟੈਲੀਵਿਜਨ ਬ੍ਰਾਡਕਾਸਟਰ ਟਾਟਾ ਪਲੇਅ 'ਚ 50.2 ਫੀਸਦੀ ਹਿੱਸੇਦਾਰੀ ਹੈ ਅਤੇ ਵਾਲਟ ਡਿਜਨੀ ਦੀ 29.8 ਫੀਸਦੀ ਹਿੱਸੇਦਾਰੀ ਹੈ। ਬਾਕੀ ਦੀ ਹਿੱਸੇਦਾਰੀ ਸਿੰਗਾਪੁਰ ਫੰਡ ਟੇਮਾਸੇਕ ਕੋਲ ਹੈ। ਜੇਕਰ ਟਾਟਾ ਪਲੇ 'ਤੇ ਗੱਲਬਾਤ ਸਫਲ ਹੁੰਦੀ ਹੈ, ਤਾਂ ਟਾਟਾ ਗਰੁੱਪ ਅਤੇ ਅੰਬਾਨੀ ਪਹਿਲੀ ਵਾਰ ਕਿਸੇ ਉੱਦਮ ਵਿੱਚ ਸਾਂਝੇ ਹਿੱਸੇਦਾਰ ਹੋਣਗੇ ਅਤੇ ਟਾਟਾ ਪਲੇ ਪਲੇਟਫਾਰਮ 'ਤੇ ਜਿਓ ਸਿਨੇਮਾ ਦਾ ਵਿਸਤਾਰ ਕੀਤਾ ਜਾਵੇਗਾ। ਡਿਜਨੀ ਨੇ



ਪਹਿਲਾਂ ਟਾਟਾ ਪਲੇ ਦੀ ਸ਼ੁਰੂਆਤੀ ਜਨਤਕ ਪੇਸਕਸ ਦੇ ਸਮੇਂ ਕੰਪਨੀ ਤੋਂ ਬਾਹਰ ਨਿਕਲਣ ਦੀ ਯੋਜਨਾ ਬਣਾਈ ਸੀ ਪਰ ਇਸ ਵਿੱਚ ਦੇਰੀ ਹੋ ਗਈ ਹੈ ਅਤੇ ਅਮਰੀਕੀ ਕੰਪਨੀ ਆਪਣੇ ਨਿਵੇਸ ਤੋਂ ਬਾਹਰ ਨਿਕਲਣ ਲਈ ਹੋਰ ਵਿਕਲਪਾਂ ਦੀ ਖੋਜ ਕਰ ਰਹੀ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਟਾਟਾ ਪਲੇ 'ਚ ਹਿੱਸੇਦਾਰੀ ਖਰੀਦ ਕੇ ਰਿਲਾਇੰਸ ਆਪਣੇ ਜੀਓ ਸਿਨੇਮਾ ਦੀ ਸਮੁੱਚੀ ਸਮੱਗਰੀ ਟਾਟਾ ਪਲੇ ਦੇ ਗਾਹਕਾਂ ਨੂੰ ਉਪਲਬਧ ਕਰਵਾ ਸਕਦੀ ਹੈ। ਇਸ ਬਾਰੇ ਪੁੱਛੇ ਜਾਣ 'ਤੇ ਰਿਲਾਇੰਸ, ਡਿਜਨੀ ਅਤੇ ਟਾਟਾ ਸੰਨਜ ਦੇ ਬੁਲਾਰੇ ਨੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ। ਟਾਟਾ ਪਲੇ ਵਿੱਚ ਡਿਜਨੀ ਦੀ ਹਿੱਸੇਦਾਰੀ ਦਾ ਮੁਲਾਂਕਣ ਫਿਲਹਾਲ ਕੀਤਾ ਜਾ ਰਿਹਾ ਹੈ ਕਿਉਂਕਿ ਨੈੱਟਫਲਿਕਸ, ਹੌਟਸਟਾਰ, ਜੀਓ ਸਿਨੇਮਾ ਅਤੇ ਐਮਾਜਾਨ ਪ੍ਰਾਈਮ ਵਰਗੇ ਸਟ੍ਰੀਮਿੰਗ ਪਲੇਟਫਾਰਮਾਂ ਤੋਂ ਸਖਤ ਮੁਕਾਬਲੇ ਦੇ ਕਾਰਨ ਟਾਟਾ ਕੰਪਨੀ ਨੂੰ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੰਪਨੀਆਂ ਵਿਚਕਾਰ ਹੋਏ ਸਮਝੌਤਿਆਂ ਦੇ ਅਨੁਸਾਰ ਡਿਜਨੀ ਭਾਰਤੀ ਕਾਰੋਬਾਰ ਵਿੱਚ 40 ਫੀਸਦੀ ਹਿੱਸੇਦਾਰੀ ਰੱਖੇਗੀ, ਜਦੋਂ ਕਿ ਰਿਲਾਇੰਸ 51 ਫੀਸਦੀ ਅਤੇ ਜੇਮਸ ਮਰਡੋਕ ਅਤੇ ਡਿਜਨੀ ਇੰਡੀਆ ਦੇ ਸਾਬਕਾ ਮੁਖੀ ਉਦੈ ਸੰਕਰ ਦੀ ਕੰਪਨੀ ਬੋਧੀ ਟ੍ਰੀ ਕੋਲ ਟੀਵੀ ਨੈੱਟਵਰਕ ਅਤੇ ਓਟੀਟੀ ਕਾਰੋਬਾਰ ਵਿਚ 9 ਫੀਸਦੀ ਹਿੱਸੇਦਾਰੀ ਹੋਵੇਗੀ।



# ਮਰਦਾਨਾ ਕਮਜ਼ੋਰੀ ਤੇ ਤਾਕਤ ਦੀ ਕਮੀ ਲਈ ਆਹ ਦੇਸੀ ਨੁਕਤਾ ਹੋਵੇਗਾ ਕਾਰਗਰ

ਜਲੰਧਰ 17 ਫਰਵਰੀ। ਦੋਸਤੋ! ਪੁਰਸ਼ਾਂ 'ਚ ਮਰਦਾਨਾ ਤਾਕਤ ਦੀ ਕਮੀ ਜਾਂ ਮਰਦਾਨਾ ਕਮਜ਼ੋਰੀ ਹੋਣਾ ਇਕ ਗੰਭੀਰ ਸਮੱਸਿਆ ਹੈ। ਜਵਾਨੀ ਹੋਵੇ ਜਾਂ ਬੁਢਾਪਾ ਇਹ ਸਮੱਸਿਆ ਕਿਸੇ ਵੀ ਉਮਰ ਵਿਚ ਹੋ ਸਕਦੀ ਹੈ। ਜੋ ਨੌਜਵਾਨ ਵਿਆਹ ਤੋਂ ਪਹਿਲਾਂ ਜਾਂ ਬਾਅਦ ਕਿਸੇ ਵੀ ਤਰ੍ਹਾਂ ਦੀ ਸੈਕਸੁਅਲ ਕਮਜ਼ੋਰੀ ਤੋਂ ਪ੍ਰੇਸ਼ਾਨ ਹਨ ਅਤੇ ਜਿਹੜੇ ਬਜ਼ੁਰਗ ਵੀਰ ਵਧੇਰੇ ਉਮਰ ਕਾਰਨ ਜਾਂ ਸ਼ੂਗਰ ਕਾਰਨ ਮਰਦਮੀ ਤਾਕਤ ਦੀ ਕਮੀ ਮਹਿਸੂਸ ਕਰਦੇ ਹਨ ਤਾਂ ਇਹ ਖਾਸ ਖਬਰ ਜ਼ਰੂਰ ਧਿਆਨ ਨਾਲ ਪੜ੍ਹੋ। ਮਰਦਾਨਾ ਕਮਜ਼ੋਰੀ ( ) ਇਕ ਅਜਿਹੀ ਸਮੱਸਿਆ ਹੈ, ਜਿਸ ਨਾਲ ਅੱਜ ਦੁਨੀਆ ਭਰ ਦੇ ਕਰੋੜਾਂ ਲੋਕ ਜੂਝ ਰਹੇ ਹਨ। ਇਹ ਕਮਜ਼ੋਰੀ ਕਈ ਪ੍ਰਕਾਰ ਦੀ ਹੋ ਸਕਦੀ ਹੈ, ਜਿਵੇਂ ਸ਼ੀਘਰਪਤਨ (ਸਰੀਰਕ ਸੰਬੰਧ ਬਣਾਉਂਦੇ ਸਮੇਂ ਜਲਦੀ ਗਿਰ ਜਾਣਾ), ਨਸਾਂ 'ਚ ਢਿੱਲਾਪਣ (ਇਰੈਕਸ਼ਨ ਦੀ ਕਮੀ), ਧਾਂਤ ਰੋਗ (ਪਿਸ਼ਾਬ ਕਰਦੇ ਸਮੇਂ ਧਾਤੂ ਦਾ ਗਿਰਨਾ), ਸੁਪਨਦੋਸ਼ (ਰਾਤ ਨੂੰ ਸੁੱਤੇ ਹੋਏ ਆਪਣੇ-ਆਪ ਵੀਰਜ ਦਾ ਰਿਸਣਾ), ਮਰਦਾਨਾ ਕਮਜ਼ੋਰੀ (ਜੋਸ਼ ਤੇ ਸਟੈਮਿਨਾ ਦੀ ਕਮੀ), ਨਾਮਰਦੀ (ਸੈਕਸ 'ਚ ਰੁਚੀ ਨਾ ਰਹਿਣਾ) ਆਦਿ। ਇਨ੍ਹਾਂ ਸਭ ਸਮੱਸਿਆਵਾਂ ਦੇ ਪਿੱਛੇ ਦਾ ਕਾਰਨ ਨਸ਼ੇ, ਵਧੀਆ ਖੁਰਾਕ ਦੀ ਕਮੀ, ਅੱਜ ਦਾ ਗਲਤ ਲਾਈਫ ਸਟਾਈਲ, ਬਚਪਨ 'ਚ ਕੀਤੀਆਂ ਗਲਤੀਆਂ ਅਤੇ ਮਾਨਸਿਕ ਤਣਾਅ ਵੀ ਹੋ ਸਕਦਾ ਹੈ। ਆਪਣੀ ਖੁਰਾਕ 'ਚ ਸਹੀ ਪੌਸ਼ਟਿਕ ਤੱਤਾਂ ਨਾਲ ਭਰਪੂਰ ਭੋਜਨ ਸ਼ਾਮਲ ਕਰੋ, ਜਿਸ ਵਿੱਚ ਖਣਿਜ, ਵਿਟਾਮਿਨ, ਕਾਰਬੋਹਾਈਡਰੇਟ, ਚਰਬੀ, ਪ੍ਰੋਟੀਨ, ਫਾਈਬਰ ਵਰਗੇ ਪੌਸ਼ਟਿਕ ਤੱਤ ਮੌਜੂਦ ਹੋਣ ਤਾਂ ਜੋ ਤੁਹਾਡੇ ਸਰੀਰ ਵਿੱਚ ਪੌਸ਼ਟਿਕ ਤੱਤਾਂ ਦੀ ਕਮੀ ਕਾਰਨ ਤੁਹਾਨੂੰ ਮਰਦਾਨਾ ਕਮਜ਼ੋਰੀ ਮਹਿਸੂਸ ਨਾ ਹੋਵੇ ਅਤੇ ਤੁਸੀਂ ਆਪਣੀ ਫਰਟੀਲਿਟੀ ਨੂੰ ਮੇਨਟੇਨ ਰੱਖ ਸਕੋ। ਯੋਗ, ਪ੍ਰਾਣਾਯਾਮ, ਮੈਡੀਟੇਸ਼ਨ ਅਤੇ ਕੋਈ ਵੀ ਹਲਕੀ-ਫੁਲਕੀ ਐਕਸਰਸਾਈਜ਼ ਨੂੰ ਆਪਣੇ ਜੀਵਨ ਦਾ ਅਨਿੱਖੜਵਾਂ ਅੰਗ ਬਣਾਓ। ਕਈ ਤਰ੍ਹਾਂ ਦੇ ਯੋਗ ਅਤੇ ਪ੍ਰਾਣਾਯਾਮ ਦਾ ਅਭਿਆਸ ਕਰਨ ਨਾਲ ਸਾਡੇ ਸਰੀਰ 'ਚ ਬਲੱਡ ਸਰਕੂਲੇਸ਼ਨ ਨਿਰਵਿਘਨ ਹੋ ਜਾਂਦਾ ਹੈ, ਜਿਸ ਦੇ ਕਾਰਨ ਮਰਦਾਂ ਵਿੱਚ ਫਰਟੀਲਿਟੀ ਤੋਂ ਉਬਰਿਆ ਜਾ ਸਕਦਾ ਹੈ। ਜੇਕਰ ਤੁਸੀਂ ਵੀ ਮਰਦਾਨਾ ਕਮਜ਼ੋਰੀ ਮਹਿਸੂਸ ਕਰ ਰਹੇ ਹੋ ਤਾਂ ਆਪਣੀ ਜੀਵਨ ਸ਼ੈਲੀ ਵਿੱਚ ਸੁਧਾਰ ਕਰੋ ਅਤੇ ਇਸ ਨੂੰ ਯੋਗ ਬਣਾਓ। ਸਿਗਰਟ, ਸ਼ਰਾਬ, ਤੰਬਾਕੂ ਅਤੇ ਨਸ਼ਿਆਂ ਦਾ ਸੇਵਨ ਕਰਨ ਤੋਂ ਸਦਾ ਲਈ ਬਚੋ। ਪੁਰਸ਼ਾਂ ਦੀਆਂ ਕਿਸੇ ਵੀ ਮਰਦਾਨਾ ਸਮੱਸਿਆਵਾਂ ਸਬੰਧੀ ਇਕ ਵਾਰ ਰੋਸ਼ਨ ਹੈਲਥ ਕੇਅਰ ਦੇ ਤਜਰਬੇਕਾਰ ਡਾਕਟਰਾਂ ਨਾਲ ਜ਼ਰੂਰ ਸਲਾਹ ਕਰੋ। ਦੋਸਤੋ! ਜੇਕਰ ਤੁਹਾਨੂੰ ਕਿਸੇ ਵੀ ਯੌਨ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤਾਂ ਇਸ ਗੱਲ ਨੂੰ ਛੁਪਾਉਣਾ ਨਹੀਂ ਚਾਹੀਦਾ। ਇਸ ਦੇ ਨਾਲ ਹੀ ਸਮਾਜ ਦੇ ਡਰ ਅਤੇ ਸ਼ਰਮ ਨੂੰ ਛੱਡ ਕੇ ਆਪਣੇ ਜੀਵਨ ਸਾਥੀ ਨਾਲ ਆਪਣੀ ਇਹ ਸਮੱਸਿਆ ਸ਼ੇਅਰ ਕਰਨੀ ਚਾਹੀਦੀ ਹੈ। ਮਰਦਾਨਾ ਕਮਜ਼ੋਰੀ ਅਤੇ ਨਾਲ ਹੀ ਕੋਈ ਸੈਕਸ ਸਬੰਧੀ ਸਮੱਸਿਆਵਾਂ ਦਾ ਕੋਈ ਅਨੁਭਵ ਹੋ ਰਿਹਾ ਹੈ ਤਾਂ ਤੁਰੰਤ ਡਾਕਟਰ ਕੋਲ ਸਲਾਹ ਲਵੋ। ਅਸ਼ਵਗੰਧਾ, ਸਤਾਵਰੀ, ਸਾਲਮ ਮਿਸ਼ਰੀ, ਸਾਲਮ ਪੰਜਾ, ਸ਼ਿਲਾਜੀਤ, ਕੇਸਰ, ਕੌਂਚ ਬੀਜ, ਗੋਖਰੂ, ਬੀਜ ਬੰਦ, ਵਿਦਾਰੀਕੰਦ, ਅੰਬਰ, ਮੁਕਤਾ ਪਿਸ਼ਟੀ, ਵੰਗ ਭਸਮ, ਨਾਗ ਭਸਮ, ਲੋਹ ਭਸਮ, ਤ੍ਰਿਵੰਗ, ਰਜਤ ਭਸਮ, ਮਕਰਧਵੱਜ ਤੇ ਸਵਰਨ ਭਸਮ ਤੇ ਹੋਰ ਉੱਤਮ ਔਸ਼ਧੀਆਂ ਨੂੰ ਮਿਲਾ ਕੇ ਇਕ ਅਜਿਹੀ ਦਵਾਈ ਤਿਆਰ ਕੀਤੀ ਗਈ ਹੈ, ਜਿਸ ਦਾ ਸੇਵਨ ਕਰਨ ਤੋਂ ਬਾਅਦ ਤੁਸੀਂ ਪੁਰਾਣੀ ਤੋਂ ਪੁਰਾਣੀ ਧਾਂਤ, ਸਪਨਦੋਸ਼, ਵੀਰਜ ਦਾ ਪਤਲਾਪਣ, ਮਰਦਾਨਾ ਕਮਜ਼ੋਰੀ, ਸ਼ੀਘਰਪਤਨ, ਜੋਸ਼ ਦੀ ਘਾਟ, ਨਸਾਂ ਦਾ ਢਿੱਲਾਪਣ, ਸ਼ੁਕਰਾਣੂ ਸਮੱਸਿਆ ਤੇ ਮਰਦਾਂ ਦੇ ਹਰ ਤਰ੍ਹਾਂ ਦੇ ਗੁਪਤ ਰੋਗਾਂ ਨੂੰ ਹਮੇਸ਼ਾ ਲਈ ਜੜ੍ਹੋਂ ਖਤਮ ਕਰ ਸਕਦੇ ਹਾਂ। ਵਿਸ਼ਵਾਸ ਲਈ ਪਹਿਲਾਂ ਸਿਰਫ ਇਕ ਕੋਰਸ ਮੰਗਵਾ ਕੇ ਅਸਰ ਦੇਖੋ। ਪੁਰਾਣੀ ਕਹਾਵਤ ਹੈ ਕਿ "ਮਰਦ ਅਤੇ ਘੋੜਾ ਕਦੇ ਵੀ ਬੁੱਢੇ ਨਹੀਂ ਹੁੰਦੇ" ਜੇਕਰ ਵਧੀਆ ਖੁਰਾਕ ਮਿਲਦੀ ਰਹੇ। ਵਧੇਰੇ ਉਮਰ ਕਾਰਨ ਮਰਦਾਨਾ ਤਾਕਤ ਦਾ ਕਮਜ਼ੋਰ ਹੋਣਾ ਕੁਦਰਤੀ ਹੈ ਪਰ ਕੁਝ ਲੋਕਾਂ 'ਚ ਇਹ ਲੱਛਣ ਸਮੇਂ ਤੋਂ ਪਹਿਲਾਂ ਹੀ ਦਿਸਣ ਲੱਗ ਜਾਂਦੇ ਹਨ। ਅੱਜਕੱਲ 50 ਸਾਲ ਛੱਡੋ 30-40 ਸਾਲ ਦੇ ਨੌਜਵਾਨਾਂ 'ਚ ਵੀ ਮਰਦਾਨਾ ਕਮਜ਼ੋਰੀ ਆ ਰਹੀ ਹੈ। ਮਰਦਾਨਾ ਕਮਜ਼ੋਰੀ, ਸ਼ੀਘਰਪਤਨ ਅਤੇ ਨਸਾਂ ਦਾ ਢਿੱਲਾਪਣ ਭਾਵੇਂ ਵਧ ਰਹੀ ਉਮਰ ਕਾਰਨ, ਜ਼ਿਆਦਾ ਅੰਗਰੇਜ਼ੀ ਦਵਾਈਆਂ ਦੇ ਵਰਤੋਂ, ਘਰੇਲੂ ਤੇ ਕਾਰੋਬਾਰ ਟੈਨਸ਼ਨ, ਬੀ. ਪੀ. ਜਾਂ ਸ਼ੂਗਰ ਕਾਰਨ ਹੋਵੇ। ਉਮਰ ਭਾਵੇਂ 50 ਹੋਵੇ ਜਾਂ 60 ਸਾਲ ਬਜ਼ੁਰਗ ਵੀਰ ਇਕ ਵਾਰ ਜ਼ਰੂਰ ਸਾਡੇ ਆਯੁਰਵੈਦਿਕ ਨੁਸਖੇ ਦਾ ਸੇਵਨ ਕਰਨ, ਬੁਢਾਪੇ 'ਚ ਵੀ ਜਵਾਨੀ ਵਰਗਾ ਪੂਰਾ ਜੋਸ਼ ਤੇ ਭਰਪੂਰ ਆਨੰਦ ਪਾਓ। ਇਸ ਤੋਂ ਇਲਾਵਾ ਪੁਰਾਣੇ ਤੋਂ ਪੁਰਾਣਾ ਏਸ਼ਮਾ, ਨਜ਼ਲਾ-ਜ਼ੁਕਾਮ, ਖਾਂਸੀ, ਸਾਹ ਦੀ ਐਲਰਜੀ, ਦਮਾ-ਅਸਥਮਾ, ਬਵਾਸੀਰ, ਖੂਨੀ ਹੋਵੇ ਜਾਂ ਬਾਦੀ, ਮੌਕੇ ਨਿਕਲਣਾ, ਭਗੰਦਰ, ਔਰਤਾਂ ਦੇ ਰੋਗਾਂ- ਲੈਕੋਰੀਆ (ਸਫੈਦ ਪਾਣੀ), ਵਾਲਾਂ ਦਾ ਝੜਨਾ/ਸਫੈਦ ਹੋਣਾ, ਵਜ਼ਨ ਵਧਾਉਣ, ਚਮੜੀ ਰੋਗ, ਜੋੜਾਂ ਦੇ ਦਰਦ ਤੇ ਸ਼ੂਗਰ ਕਾਰਨ ਆਈ ਮਰਦਾਨਾ ਕਮਜ਼ੋਰੀ ਦਾ ਆਯੁਰਵੈਦਿਕ ਦੇਸੀ ਇਲਾਜ। ਘੱਟ ਸ਼ੁਕਰਾਣੂ ਸਮੱਸਿਆ ( ) ਵਾਲੇ ਮਰੀਜ਼ ਇਕ ਵਾਰ ਜ਼ਰੂਰ ਸਲਾਹ ਲਵੋ। ਕਿਉਂਕਿ ਦੇਸ਼ਾਂ-ਵਿਦੇਸ਼ਾਂ 'ਚ ਬੈਠੇ ਹਜ਼ਾਰਾਂ ਨਿਰਾਸ਼ ਰੋਗੀ ਇਨ੍ਹਾਂ ਦੀਆਂ ਦੇਸੀ ਦਵਾਈਆਂ ਦਾ ਸੇਵਨ ਕਰਕੇ ਆਪਣੇ ਵਿਆਹੁਤਾ ਜੀਵਨ ਦਾ ਭਰਪੂਰ ਆਨੰਦ ਲੈ ਰਹੇ ਹਨ। ਜੇ ਤੁਸੀਂ ਵੀ ਮਰਦਾਨਾ ਸਮੱਸਿਆਵਾਂ ਤੋਂ ਪ੍ਰੇਸ਼ਾਨ ਹੋ ਅਤੇ ਹਰ ਥਾਂ ਤੋਂ ਇਲਾਜ ਕਰਵਾ ਕੇ ਨਿਰਾਸ਼ ਹੋ ਚੁੱਕੇ ਹੋ ਤਾਂ ਇਕ ਵਾਰ 'ਰੋਸ਼ਨ ਹੈਲਥ ਕੇਅਰ' ਰੇਲਵੇ ਰੋਡ, ਜਲੰਧਰ ਸ਼ਹਿਰ (ਪੰਜਾਬ) ਨਾਲ ਜ਼ਰੂਰ ਸੰਪਰਕ ਕਰੋ। ਤੁਹਾਡੀ ਕਮਜ਼ੋਰੀ, ਉਮਰ ਤੇ ਰੋਗ ਮੁਤਾਬਕ ਇਕ ਅਜਿਹੀ ਆਯੁਰਵੈਦਿਕ ਦਵਾਈ ਬਣਾ ਕੇ ਦੇਵਾਂਗੇ, ਜਿਸ ਦਾ ਇਸਤੇਮਾਲ ਕਰਨ ਤੋਂ ਬਾਅਦ ਤੁਸੀਂ ਆਪਣੀ ਮਰਦਾਨਾ ਕਮਜ਼ੋਰੀ ਨੂੰ ਭੁੱਲ ਜਾਓਗੇ। ਇਕ ਵਾਰ ਸਾਡੇ ਕੁਆਲੀਫਾਈਡ ਤੇ ਤਜਰਬੇਕਾਰ (ਆਯੁਰਵੇਦ ਆਚਾਰੀਆ) ਡਾਕਟਰਾਂ ਤੋਂ ਜ਼ਰੂਰ ਮੁਫਤ ਸਲਾਹ ਲਵੋ।

## ਰਾਜਪੁਰਾ ਪੁਲਸ ਵੱਲੋਂ ਇਕ ਲੱਖ ਨਸ਼ੀਲੀਆਂ ਗੋਲੀਆਂ ਬਰਾਮਦ

ਪਟਿਆਲਾ 17 ਫਰਵਰੀ। ਥਾਣਾ ਸਦਰ ਰਾਜਪੁਰਾ ਦੇ ਐੱਸ.ਐੱਚ.ਓ. ਇੰਸਪੈਕਟਰ ਕਿਰਪਾਲ ਸਿੰਘ ਮੋਹੀ (ਸਟੇਟ ਐਵਾਰਡੀ) ਅਤੇ ਟੀਮ ਨੇ ਰਾਜਪੁਰਾ ਦੇ ਡੀ.ਐੱਸ.ਪੀ. ਬਿਕਰਮਜੀਤ ਬਰਾੜ (ਰਾਸ਼ਟਰਪਤੀ ਐਵਾਰਡੀ) ਦੀ ਅਗਵਾਈ ਹੇਠਾਂ ਅਮਲ 'ਚ ਲਿਆਂਦੀ ਗਈ ਇਕ ਵੱਡੀ ਕਾਰਵਾਈ ਦੌਰਾਨ ਤਕਰੀਬਨ ਸਵਾ ਲੱਖ ਨਸ਼ੀਲੀਆਂ ਗੋਲੀਆਂ ਦੀ ਵੱਡੀ ਖੇਪ ਬਰਾਮਦ ਕੀਤੀ ਹੈ। ਅੱਜ ਇੱਥੇ ਪੁਲਸ ਲਾਈਨ ਪਟਿਆਲਾ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੁਲਜ਼ਮਾਂ ਦਾ ਪੁਲਸ ਰਿਮਾਂਡ ਲੈ ਕੇ ਪੁੱਛਗਿੱਛ ਕੀਤੀ ਜਾ ਰਹੀ ਹੈ ਤਾਂ ਜੋ ਪਤਾ ਲਗਾਇਆ ਜਾ ਸਕੇ ਕਿ ਨਸ਼ੀਲੀਆਂ ਗੋਲੀਆਂ ਦੀ ਇਹ ਖੇਪ ਉਹ ਕਿੱਥੋਂ ਲੈ ਕੇ ਆਏ ਹਨ ਅਤੇ ਇਸਦੀ ਸਪਲਾਈ ਕਿਥੋਂ ਕੀਤੀ ਜਾਣੀ ਸੀ।

## ਮਹਾਰਾਸਟਰ ਸਰਕਾਰ ਖ਼ਿਲਾਫ ਰੋਸ ਪ੍ਰਦਰਸ਼ਨ 'ਚ ਸ਼ਾਮਲ ਹੋਏ ਧਾਮੀ, ਕਿਹਾ- ਸੰਘਰਸ ਪ੍ਰਤੀ ਭਰਵਾਂ ਸਹਿਯੋਗ ਦਿਵਾਂਗੇ

ਅੰਮ੍ਰਿਤਸਰ/ਚੰਡੀਗੜ੍ਹ 17 ਫਰਵਰੀ। ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰੋਮਣੀ ਅਕਾਲੀ ਦਲ ਦਾ ਇਕ ਵਫਦ ਸ੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿਚ ਬੀਤੇ ਦਿਨ ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਮਹਾਰਾਸਟਰ ਸਰਕਾਰ ਦੇ ਮੰਤਰੀ ਮੰਡਲ ਦੇ ਫੈਸਲੇ ਖ਼ਿਲਾਫ ਕੀਤੇ ਗਏ ਰੋਸ ਪ੍ਰਦਰਸ਼ਨ ਵਿਚ ਸ਼ਾਮਲ ਹੋਇਆ। ਇਸ ਵਿਚ ਸ੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਅਤੇ ਸਾਬਕਾ ਕੈਬਨਿਟ ਮੰਤਰੀ ਦਲਜੀਤ ਸਿੰਘ ਚੀਮਾ, ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਰਜਿੰਦਰ ਸਿੰਘ ਮਹਿਤਾ,



ਮੈਂਬਰ ਅਜਮੇਰ ਸਿੰਘ ਖੇੜਾ ਅਤੇ ਸ੍ਰੋਮਣੀ ਕਮੇਟੀ ਪ੍ਰਧਾਨ ਦੇ ਓ. ਐੱਸ. ਡੀ. ਸਤਬੀਰ ਸਿੰਘ ਧਾਮੀ ਸ਼ਾਮਲ ਸਨ। ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਵੀ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਤਰਫੋਂ ਨਾਂਦੇੜ ਪਹੁੰਚੇ ਹਨ। ਸ੍ਰੋਮਣੀ ਕਮੇਟੀ ਅਤੇ ਸ੍ਰੋਮਣੀ ਅਕਾਲੀ ਦਲ ਦੇ ਇਸ ਵਫਦ ਨੇ ਤਖਤ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਵੰਤ ਸਿੰਘ ਨਾਲ ਮੁਲਾਕਾਤ ਕਰ ਕੇ ਮਹਾਰਾਸਟਰ ਸਰਕਾਰ ਵੱਲੋਂ ਤਖਤ ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕੀ ਬੋਰਡ ਦੇ ਐਕਟ ਵਿਚ ਕੀਤੀ ਗਈ ਸੋਧ ਦੇ ਮੁੱਦੇ 'ਤੇ ਗੰਭੀਰ ਚਰਚਾ ਕੀਤੀ। ਇਸ ਮੌਕੇ ਸ੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਮਾਮਲੇ ਤੇ ਸਿੱਖ ਸੰਸਥਾ ਵੱਲੋਂ ਹਰ ਪੱਧਰ 'ਤੇ ਵਿਰੋਧ ਕਰਨ ਦੀ ਵਚਨਬੱਧਤਾ ਪ੍ਰਗਟਾਈ ਅਤੇ ਸਥਾਨਕ ਸਿੱਖਾਂ ਵੱਲੋਂ ਕੀਤੇ ਜਾ ਰਹੇ ਸੰਘਰਸ ਪ੍ਰਤੀ ਭਰਵਾਂ ਸਹਿਯੋਗ ਦੇਣ ਦੀ ਗੱਲ ਆਖੀ।

## ਹਥਿਆਰਾਂ ਦੀ ਤਸਕਰੀ ਕਰਨ ਵਾਲੇ ਅੰਤਰਰਾਜੀ ਗਿਰੋਹ ਦਾ ਪਰਦਾਫਾਸ਼, 10 ਪਿਸਤੌਲ ਤੇ 1 ਰਾਈਫਲ ਸਣੇ 7 ਗ੍ਰਿਫਤਾਰ

ਅੰਮ੍ਰਿਤਸਰ 17 ਫਰਵਰੀ। ਕਮਿਸਨਰੇਟ ਪੁਲਸ ਅੰਮ੍ਰਿਤਸਰ ਨੇ ਆਸਟ੍ਰੇਲੀਆ ਦੇ ਇਕ ਵਿਅਕਤੀ ਦੇ ਨਿਰਦੇਸ਼ਾਂ 'ਤੇ ਜੇਲ੍ਹ 'ਚ ਬੰਦ ਇਕ ਕੈਦੀ ਦੇ ਸਹਿਯੋਗ ਨਾਲ ਚਲਾਏ ਜਾ ਰਹੇ ਇਕ ਗਿਰੋਹ ਦਾ ਪਰਦਾਫਾਸ਼ ਕੀਤਾ ਹੈ। ਇਹ ਪੂਰਾ ਗਿਰੋਹ ਆਸਟ੍ਰੇਲੀਆ ਰਹਿੰਦੇ ਰਿਤਿਕ ਰੈਲੀ ਅਤੇ ਇੱਥੇ ਜੇਲ੍ਹ ਵਿਚ ਬੰਦ ਕੈਦੀ ਕੁਨਾਲ ਮਹਾਜਨ ਦੇ ਇਸ਼ਾਰੇ 'ਤੇ ਕਈ ਵਾਰਦਾਤਾਂ ਨੂੰ ਅੰਜਾਮ ਦੇ ਰਿਹਾ ਸੀ। ਕਮਿਸ਼ਨਰੇਟ ਪੁਲਸ ਅਨੁਸਾਰ ਇਸ ਗਿਰੋਹ ਦੇ 7 ਮੁਲਜਮਾਂ ਨੂੰ ਦਬੋਚ ਲਿਆ ਗਿਆ ਹੈ। ਫੜੇ ਗਏ ਵਿਅਕਤੀਆਂ ਦੀ ਪਛਾਣ ਜਸਨਦੀਪ ਸਿੰਘ ਉਰਫ ਛਿੱਲਰ (19) ਅਤੇ ਕਰਨਦੀਪ ਸਿੰਘ ਉਰਫ ਕਰਨਜੀਤ ਉਰਫ ਢਾਣੀ (21) ਦੋਵੇਂ ਵਾਸੀ ਗੁਰੂ ਕੀ ਵਡਾਲੀ ਅੰਮ੍ਰਿਤਸਰ, ਸਰਨਜੀਤ ਸਿੰਘ ਉਰਫ ਸੰਨੀ (24) ਵਾਸੀ ਪਿੰਡ ਬੀਹਲਾ, ਦੀਪਕ ਕੁਮਾਰ ਉਰਫ ਤਰਨਤਾਰਨ, ਦੀਪੂ (24) ਤਰਨਤਾਰਨ ਦੇ ਚੋਹਲਾ ਸਾਹਿਬ, ਸੰਦੀਪ ਸਿੰਘ ਉਰਫ ਕਾਕਾ (26) ਅੰਮ੍ਰਿਤਸਰ ਅਤੇ ਨਰਿੰਦਰ ਸਿੰਘ ਉਰਫ ਸੋਨੂੰ ਉਰਫ ਸੋਨੀ (30) ਤਰਨਤਾਰਨ ਦੇ ਪਿੰਡ ਹੋਠੀਆਂ ਵਜੋਂ ਹੋਈ ਹੈ।



ਪੁਲਸ ਕਮਿਸ਼ਨਰ ਗੁਰਪ੍ਰੀਤ ਭੁੱਲਰ ਨੇ ਦੱਸਿਆ ਕਿ ਪੁਲਸ ਨੇ 32 ਬੋਰ ਦੇ 10 ਪਿਸਤੌਲਾਂ ਸਮੇਤ 10 ਮੈਗਜੀਨ ਅਤੇ 15 ਜ਼ਿੰਦਾ ਕਾਰਤੂਸ ਅਤੇ ਇਕ 12 ਬੋਰ ਦੀ ਡੀ.ਬੀ.ਬੀ.ਐੱਲ. ਰਾਈਫਲ ਸਮੇਤ 11 ਹਥਿਆਰ ਬਰਾਮਦ ਕੀਤੇ ਹਨ, ਇਸ ਤੋਂ ਇਲਾਵਾ ਉਨ੍ਹਾਂ ਦੀ ਮਾਰੂਤੀ ਸਵਿਫਟ ਕਾਰ ਨੂੰ ਵੀ ਬਰਾਮਦ ਕਰ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਮੱਧ ਪ੍ਰਦੇਸ ਤੋਂ ਅੰਮ੍ਰਿਤਸਰ ਅਤੇ ਤਰਨਤਾਰਨ ਦੇ ਖੇਤਰ ਵਿਚ ਅਪਰਾਧਿਕ ਅਨਸਰਾਂ ਨੂੰ ਸਪਲਾਈ ਕਰਨ ਲਈ ਗੈਰ-ਕਾਨੂੰਨੀ ਹਥਿਆਰਾਂ ਦੀ ਸਮੱਗਲਿੰਗ ਕੀਤੇ ਜਾਣ ਦੀ ਗੁਪਤ ਸੂਚਨਾ 'ਤੇ ਤੇਜੀ ਨਾਲ ਕਾਰਵਾਈ ਕਰਦੇ ਹੋਏ ਅੰਮ੍ਰਿਤਸਰ ਕਮਿਸਨਰੇਟ ਦੀਆਂ ਪੁਲਸ ਟੀਮਾਂ ਨੇ ਇਕ ਵਿਸੇਸ ਮੁਹਿੰਮ ਚਲਾਈ ਅਤੇ ਵੱਖ-ਵੱਖ ਥਾਵਾਂ ਤੋਂ 7 ਮੁਲਜਮਾਂ ਨੂੰ ਕਾਬੂ ਕੀਤਾ ਹੈ। ਉਨ੍ਹਾਂ ਦੱਸਿਆ ਕਿ ਪੁੱਛਗਿੱਛ ਦੌਰਾਨ ਫੜੇ ਗਏ ਮੁਲਜਮਾਂ ਨੇ ਖੁਲਾਸਾ ਕੀਤਾ ਹੈ ਕਿ ਉਹ ਆਸਟ੍ਰੇਲੀਆ ਸਥਿਤ ਰਿਤਿਕ ਰੈਲੀ ਅਤੇ ਜੇਲ੍ਹ ਦੇ ਕੈਦੀ ਕੁਨਾਲ ਮਹਾਜਨ ਦੇ ਨਿਰਦੇਸਾਂ 'ਤੇ ਮੱਧ ਪ੍ਰਦੇਸ ਤੋਂ ਹਥਿਆਰਾਂ ਦੀ ਸਮੱਗਲਿੰਗ ਕਰ ਰਹੇ ਸਨ ਤਾਂ ਜੋ ਅਪਰਾਧਿਕ ਗਤੀਵਿਧੀਆਂ ਲਈ ਅੱਗੇ ਸਪਲਾਈ ਕੀਤੀ ਜਾ ਸਕੇ। ਇਸ ਮਾਮਲੇ 'ਚ ਇਕ ਸੱਕੀ ਯੂ.ਐੱਸ. ਬੇਸਡ ਹੈਂਡਲ ਦੀ ਵੀ ਜਾਂਚ ਕੀਤੀ ਜਾ ਰਹੀ ਹੈ।

## ਬਿਆਸ ਪਿੰਡ ਨੇੜਿਓਂ ਨਾਬਾਲਗ ਕੁੜੀ ਦੀ ਮਿਲੀ ਲਾਸ, ਫੈਲੀ ਸਨਸਨੀ

ਕਿਸਨਗੜ੍ਹ/ਅਲਾਵਲਪੁਰ 17 ਫਰਵਰੀ। ਜਲੰਧਰ-ਪਠਾਨਕੋਟ ਰਾਸਟਰੀ ਰਾਜ ਮਾਰਗ 'ਤੇ ਸਥਿਤ ਅੱਡਾ ਬਿਆਸ ਪਿੰਡ ਨੇੜੇ ਬੀਤੇ ਦਿਨ ਇਕ ਢਾਬੇ ਕੋਲੋਂ ਇਕ ਨਾਬਾਲਗ ਕੁੜੀ ਦੀ ਲਾਸ਼ ਬਰਾਮਦ ਕੀਤੀ ਗਈ। ਇਸ ਸਬੰਧੀ ਅਲਾਵਲਪੁਰ ਪੁਲਸ ਚੌਂਕੀ ਦੇ ਇੰਚਾਰਜ ਏ. ਐੱਸ. ਆਈ. ਰਜਿੰਦਰ ਕੁਮਾਰ ਸਰਮਾ ਨੇ ਦੱਸਿਆ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਬਿਆਸ ਪਿੰਡ ਨੇੜੇ ਇਕ ਢਾਬੇ ਕੋਲ ਕੰਬਲ 'ਚ ਲਪੇਟ ਕਿ ਰੱਸੀ ਨਾਲ ਬੰਨ੍ਹੀ ਹੋਈ ਇਕ ਲਾਸ ਪਈ ਹੈ। ਸੂਚਨਾ ਮਿਲਣ 'ਤੇ ਉਨ੍ਹਾਂ ਪੁਲਸ ਪਾਰਟੀ ਸਮੇਤ ਮੌਕੇ 'ਤੇ ਜਾ ਕੇ ਵੇਖਿਆ ਤਾਂ ਕਰੀਬ 12 ਕੁ ਸਾਲ ਦੀ ਨਾਬਾਲਗ ਕੁੜੀ, ਜਿਸ ਦੀ ਲਾਸ ਕੰਬਲ 'ਚ ਲਪੇਟ ਕੇ ਰੱਸੀ ਨਾਲ ਬੰਨ੍ਹੀ ਹੋਈ ਸੀ। ਮੌਕੇ 'ਤੇ ਮ੍ਰਿਤਕ ਲੜਕੀ ਦੀ ਪਛਾਣ ਨਾ ਹੋਣ ਦੀ ਸੂਰਤ 'ਚ ਅਲਾਵਲਪੁਰ ਪੁਲਸ ਪਾਰਟੀ ਨੇ ਨਜਦੀਕੀ ਪਿੰਡਾਂ ਦੇ ਲੋਕਾਂ ਨੂੰ ਸੱਦ ਕੇ ਮ੍ਰਿਤਕ ਲੜਕੀ ਦੀ ਪਛਾਣ ਕਰਵਾਉਣ ਦੀ ਕੋਸ਼ਿਸ ਕੀਤੀ ਪਰ ਮੌਕੇ 'ਤੇ ਪਛਾਣ ਨਾ ਹੋਣ ਕਰਕੇ ਲਾਸ ਨੂੰ ਸਨਾਖਤ ਵਾਸਤੇ 72 ਘੰਟੇ ਲਈ ਸਿਵਲ ਹਸਪਤਾਲ ਭੇਜ ਦਿੱਤਾ ਗਿਆ। ਘਟਨਾ ਸਥਾਨ 'ਤੇ ਜਿਸ ਤਰੀਕੇ ਨਾਲ ਕੁੜੀ ਦੀ ਲਾਸ ਨੂੰ ਕੰਬਲ 'ਚ ਲਪੇਟ ਕੇ ਰੱਸੀ ਨਾਲ ਬੰਨ੍ਹ ਕੇ ਸੁੱਟਿਆ ਗਿਆ ਹੈ, ਉਸ ਤੋਂ ਇਹ ਪ੍ਰਤੀਤ ਹੁੰਦਾ ਹੈ ਇਹ ਕਤਲ ਦਾ ਮਾਮਲਾ ਹੋਵੇ, ਜਦ ਇਸ ਸਬੰਧੀ ਚੌਂਕੀ ਇੰਚਾਰਜ ਰਜਿੰਦਰ ਕੁਮਾਰ ਸਰਮਾ ਦਾ ਪੱਖ ਜਾਣਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਪੋਸਟਮਾਰਟਮ ਦੀ ਰਿਪੋਰਟ ਆਉਣ ਤੋਂ ਬਾਅਦ ਸਾਰਾ ਮਾਮਲਾ ਸਾਫ ਹੋਵੇਗਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ।

## ਡੋਲੀ ਲੈ ਕੇ ਆ ਰਹੇ ਪਰਿਵਾਰ ਨਾਲ ਵਾਪਰਿਆ ਹਾਦਸਾ


ਖੰਨਾ 17 ਫਰਵਰੀ। ਖੰਨਾ ਦੇ ਸਮਰਾਲਾ ਰੋਡ 'ਤੇ ਬੁੱਧਵਾਰ ਨੂੰ ਉਸ ਵੇਲੇ ਵੱਡਾ ਹਾਦਸਾ ਵਾਪਰ ਗਿਆ, ਜਦੋਂ ਡੋਲੀ ਲੈ ਕੇ ਆ ਰਿਹਾ ਪਰਿਵਾਰ ਹਾਦਸੇ ਦਾ ਸ਼ਿਕਾਰ ਹੋ ਗਿਆ। ਇਸ ਹਾਦਸੇ ਦੌਰਾਨ ਲਾੜੇ ਦੇ ਪਿਤਾ ਅਤੇ ਭਰਾ ਸਮੇਤ 5 ਲੋਕ ਜਖਮੀ ਹੋ ਗਏ। ਫਿਲਹਾਲ ਲਾੜੇ ਦੇ ਪਿਤਾ ਨੂੰ ਖੰਨਾ ਤੋਂ ਚੰਡੀਗੜ੍ਹ ਰੈਫਰ ਕੀਤਾ ਗਿਆ ਹੈ। ਜਾਣਕਾਰੀ ਮੁਤਾਬਕ ਇਹ ਹਾਦਸਾ ਉਸ ਵੇਲੇ ਵਾਪਰਿਆ, ਜਦੋਂ ਬਰਾਤ ਡੋਲੀ ਲੈ ਕੇ ਵਾਪਸ ਪਰਤ ਰਹੀ ਸੀ। ਇਹ ਬਰਾਤ ਖੰਨਾ ਤੋਂ ਸ੍ਰੀ ਮਾਛੀਵਾੜਾ ਸਾਹਿਬ ਗਈ ਸੀ। ਬਰਾਤ ਸ਼ਾਮ ਨੂੰ ਡੋਲੀ ਲੈ ਕੇ ਵਾਪਸ ਆ ਰਹੀ ਸੀ ਕਿ ਸਮਰਾਲਾ ਰੋਡ 'ਤੇ ਰੋਹਾਣ ਮੰਡੀ ਸਾਹਮਣਿਓਂ ਆ ਰਹੇ ਟਰੱਕ ਨਾਲ ਕਾਰ ਦੀ ਟੱਕਰ ਹੋ ਗਈ। ਲਾੜਾ-ਲਾੜੀ ਦੀ ਕਾਰ ਅੱਗੇ ਸੀ, ਜਦੋਂ ਕਿ ਪਿੱਛੇ ਲਾੜੇ ਦਾ ਪਿਤਾ, ਭਰਾ ਅਤੇ ਹੋਰ ਰਿਸ਼ਤੇਦਾਰ ਸਨ ਦੂਜੀ ਕਾਰ 'ਚ ਸਨ, ਜੋ ਕਿ ਸਾਰੇ ਜਖਮੀ ਹੋ ਗਏ। ਉਨ੍ਹਾਂ ਨੂੰ ਤੁਰੰਤ ਹਸਪਤਾਲ ਦਾਖਲ ਕਰਾਇਆ ਗਿਆ। ਦੱਸਣਯੋਗ ਹੈ ਕਿ ਹਾਦਸੇ 'ਚ ਜਖਮੀ ਹੋਏ ਲਾੜੇ ਦੇ ਭਰਾ ਦਾ ਅਜੇ 2 ਦਿਨ ਪਹਿਲਾਂ ਹੀ ਵਿਆਹ ਹੋਇਆ ਸੀ ਅਤੇ ਬੁੱਧਵਾਰ ਨੂੰ ਛੋਟੇ ਭਰਾ ਦਾ ਵਿਆਹ ਸੀ। ਹਾਦਸੇ ਤੋਂ ਬਾਅਦ ਵਿਆਹ ਦੀਆਂ ਖੁਸ਼ੀਆਂ ਫਿੱਕੀਆਂ ਪੈ ਗਈਆਂ ਕਿਉਂਕਿ ਲਾੜੇ ਦੇ ਪਿਤਾ ਅਤੇ ਵੱਡੇ ਭਰਾ ਨੂੰ ਕਾਫੀ ਸੱਟਾਂ ਲੱਗੀਆਂ ਹਨ। ਲਾੜੇ ਦੇ ਪਿਤਾ ਨੇ ਦੱਸਿਆ ਕਿ ਉਨ੍ਹਾਂ ਨੂੰ ਪਤਾ ਨਹੀਂ ਲੱਗਿਆ ਕਿ ਕਦੋਂ ਅੱਗਿਓਂ ਟਰੱਕ ਨੇ ਉਨ੍ਹਾਂ ਦੀ ਕਾਰ ਨੂੰ ਟੱਕਰ ਮਾਰ ਦਿੱਤੀ ਅਤੇ ਉਨ੍ਹਾਂ ਨੂ ਸੰਭਲਣ ਦਾ ਮੌਕਾ ਹੀ ਨਹੀਂ ਮਿਲਿਆ।

## ਫਗਵਾੜਾ ਬਾਈਪਾਸ 'ਤੇ ਮੋਟਰਸਾਈਕਲ ਸਵਾਰ 5 ਅਣਪਛਾਤਿਆਂ ਨੇ ਵਿਅਕਤੀ ਨੂੰ ਲੁੱਟਿਆ

ਫਗਵਾੜਾ 17 ਫਰਵਰੀ। ਫਗਵਾੜਾ-ਚੰਡੀਗੜ੍ਹ ਬਾਈਪਾਸ 'ਤੇ ਪਿੰਡ ਮੇਹਟਾਂ ਨੇੜੇ ਮੋਟਰਸਾਈਕਲ 'ਤੇ ਸਵਾਰ ਜਲੰਧਰ ਤੋਂ ਅੰਬਾਲਾ ਆਪਣੇ ਘਰ ਜਾ ਰਹੇ ਇਕ ਨੌਜਵਾਨ ਨੂੰ 3 ਮੋਟਰਸਾਈਕਲਾਂ 'ਤੇ ਆਏ 5 ਅਣਪਛਾਤੇ ਲੁਟੇਰਿਆਂ ਵੱਲੋਂ ਫਿਲਮੀ ਸਟਾਈਲ 'ਚ ਉਸ ਦੀ ਸੜਕ 'ਤੇ ਕੁੱਟ-ਮਾਰ ਕਰਦੇ ਹੋਏ ਉਸ ਦਾ ਮੋਟਰਸਾਈਕਲ, ਪਰਸ, ਮੋਬਾਈਲ ਅਤੇ ਹੋਰ ਕੀਮਤੀ ਸਾਮਾਨ ਲੁੱਟਣ ਦੀ ਸਨਸਨੀਖੇਜ਼ ਸੂਚਨਾ ਮਿਲੀ ਹੈ। ਜਾਣਕਾਰੀ ਅਨੁਸਾਰ ਮਨੀਸ਼ ਪੁੱਤਰ ਰਾਜੇਸ ਸਰਮਾ ਵਾਸੀ ਕ੍ਰਿਸ਼ਨਾ ਕਾਲੋਨੀ ਨੇੜੇ ਸਿਵਲ ਹਸਪਤਾਲ ਨਰਾਇਣਗੜ੍ਹ ਅੰਬਾਲਾ, ਹਰਿਆਣਾ ਨੇ ਥਾਣਾ ਸਦਰ ਫਗਵਾੜਾ ਦੀ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਖੁਲਾਸਾ ਕੀਤਾ ਹੈ ਕਿ 3 ਮੋਟਰਸਾਈਕਲਾਂ 'ਤੇ ਸਵਾਰ 5 ਅਣਪਛਾਤੇ ਲੁਟੇਰਿਆਂ ਨੇ ਉਸ ਦੀ ਸੜਕ 'ਤੇ ਕੁੱਟ-ਮਾਰ ਕਰਦੇ ਹੋਏ ਉਸ ਨਾਲ ਲੁੱਟ-ਖੋਹ ਕੀਤੀ ਹੈ। ਘਟਨਾ ਤੋਂ ਬਾਅਦ ਮੁਲਜਮ ਲੁਟੇਰੇ ਮੌਕੇ ਤੋਂ ਫਰਾਰ ਹੋ ਗਏ ਹਨ। ਥਾਣਾ ਸਦਰ ਫਗਵਾੜਾ ਦੀ ਪੁਲਸ ਨੇ ਇਸ ਮਾਮਲੇ ਦੇ ਸਬੰਧ 'ਚ 5 ਅਣਪਛਾਤੇ ਲੁਟੇਰਿਆਂ ਖਿਲਾਫ ਧਾਰਾ 379 ਬੀ ਤਹਿਤ ਕੇਸ ਦਰਜ ਕਰ ਕੇ ਜਾਂਚ ਸੁਰੂ ਕਰ ਦਿੱਤੀ ਹੈ। ਖਬਰ ਲਿਖੇ ਜਾਣ ਤੱਕ ਪੁਲਸ ਲੁਟੇਰਿਆਂ ਦੀ ਪਛਾਣ ਨਹੀਂ ਕਰ ਸਕੀ ਹੈ ਅਤੇ ਨਾ ਹੀ ਪੁਲਸ ਨੂੰ ਇਸ ਮਾਮਲੇ 'ਚ ਕੋਈ ਮਹੱਤਵਪੂਰਨ ਲੀਡਸ ਆਦਿ ਮਿਲੀਆਂ ਹਨ। ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ। ਮਾਮਲਾ ਲੋਕਾਂ 'ਚ ਭਾਰੀ ਚਰਚਾ ਦਾ ਵਿਸਾ ਬਣਿਆ ਹੋਇਆ ਹੈ।

## ਪੰਜਾਬ 'ਚ ਰਿਕਾਰਡ ਬਿਜਲੀ ਦੀ ਮੰਗ, ਥਰਮਲਾਂ ਦੇ ਪੰਜ ਯੂਨਿਟ ਬੰਦ

ਪਟਿਆਲਾ 17 ਫਰਵਰੀ। ਪੰਜਾਬ ਵਿਚ ਰਿਕਾਰਡ ਮੰਗ ਵਿਚਾਲੇ ਵੱਖ ਵੱਖ ਥਰਮਲ ਪਲਾਂਟਾਂ ਦੇ ਪੰਜ ਯੂਨਿਟ ਬੰਦ ਪੈ ਗਏ ਹਨ। ਇਸ ਨਾਲ 2050 ਮੇਗਾਵਾਟ ਬਿਜਲੀ ਉਤਪਾਦਨ ਠੱਪ ਪੈ ਗਈ ਹੈ। ਇਸ ਦੇ ਚੱਲਗਦੇ ਪਾਵਰਕਾਮ ਨੂੰ ਵੱਧ ਰਹੀ ਮੰਗ ਤੇ ਆਉਣ ਵਾਲੇ ਗਰਮੀ ਤੇ ਝੋਨੇ ਦੇ ਸੀਜਨ ਲਈ ਬੈਂਕਿੰਗ ਸਿਸਟਮ ਦੇ ਤਹਿਤ ਬਿਜਲੀ ਜਮਾਂ ਕਰਨ ਲਈ ਬਾਹਰ ਤੋਂ ਖਰੀਦ ਕਰਨੀ ਪੈ ਰਹੀ ਹੈ। ਪ੍ਰਾਪਤ ਅੰਕੜਿਆਂ ਮੁਤਾਬਕ ਪਾਵਰਕਾਮ ਨੇ ਲਗਭਗ 70 ਕਰੋੜ ਦੀ ਬਿਜਲੀ ਇਕ ਦਿਨ ਵਿਚ ਹੀ ਖਰੀਦੀ ਹੈ। ਇਸ ਨਾਲ ਪਾਵਰਕਾਮ ਲਈ ਆਰਥਿਕ ਬੋਝ ਵੱਧ ਸਕਦਾ ਹੈ। ਪੰਜਾਬ ਵਿਚ ਬਿਜਲੀ ਮੰਗ ਲਗਾਤਾਰ ਵੱਧ ਰਹੀ ਹੈ। ਸ਼ੁਕਵਾਰ ਨੂੰ ਪੰਜਾਬ



ਵਿਚ ਬਿਜਲੀ ਦੀ ਮੰਗ ਬੀਤੇ ਦੋ ਸਾਲਾਂ ਤੋਂ ਇਸੇ ਦਿਨ ਰਿਕਾਰਡ ਕੀਤੀ ਗਈ ਮੰਗ ਦੇ ਮੁਕਾਬਲੇ ਕਾਫੀ ਜ਼ਿਆਦਾ ਰਹੀ। ਮੰਨਿਆ ਜਾ ਰਿਹਾ ਹੈ ਕਿ 300 ਯੂਨਿਟ ਮੁਫਤ ਹੋਣ ਦੇ ਚੱਲਦੇ ਸਰਦੀਆਂ ਵਿਚ ਡਿਮਾਂਡ ਲਗਾਤਾਰ ਵੱਧ ਰਹੀ ਹੈ। ਅੰਕੜਿਆਂ ਮੁਤਾਬਕ ਪਿਛਲੇ ਤਿੰਨ ਸਾਲਾਂ ਵਿਚ 9 ਫਰਵਰੀ ਵਾਲੇ ਦਿਨ ਦੀ ਮੰਗ 2022 ਵਿਚ 6532 ਮੇਗਾਵਾਟ, 2023 ਵਿਚ 8153 ਮੇਗਾਵਾਟ ਜਦਕਿ 2024 ਵਿਚ 8713 ਮੇਗਾਵਾਟ ਰਿਕਾਰਡ ਕੀਤੀ ਗਈ ਹੈ।

## ਪਿਸਤੌਲ ਦੀ ਨੋਕ 'ਤੇ ਕਰਿਆਨਾ ਸਟੋਰ ਦੇ ਮਾਲਕ ਕੋਲੋਂ ਲੁੱਟੇ 5 ਹਜਾਰ ਰੁਪਏ

ਬਟਾਲਾ 17 ਫਰਵਰੀ। ਬੀਤੀ ਰਾਤ ਪਿਸਤੌਲ ਦੀ ਨੋਕ 'ਤੇ ਅਣਪਛਾਤੇ ਲੁਟੇਰਿਆਂ ਵਲੋਂ ਕਰਿਆਨਾ ਸਟੋਰ ਮਾਲਕ ਕੋਲੋਂ 5 ਹਜ਼ਾਰ ਰੁਪਏ ਨਕਦੀ ਲੁੱਟ ਕੇ ਫਰਾਰ ਹੋਣ ਦਾ ਸਮਾਚਾਰ ਮਿਲਿਆ ਹੈ। ਇਸ ਸਬੰਧੀ ਲੁੱਟ ਦਾ ਸ਼ਿਕਾਰ ਹੋਏ ਅਰੋੜਾ ਕਰਿਆਨਾ ਸਟੋਰ ਦੇ ਮਾਲਕ ਮਨੋਜ ਕੁਮਾਰ ਨੇ ਦੱਸਿਆ ਕਿ ਉਸਦੀ ਡੇਰਾ ਰੋਡ ਸ਼ੁਕਰਪੁਰਾ 'ਤੇ ਕਰਿਆਨੇ ਦੀ ਦੁਕਾਨ ਹੈ ਅਤੇ ਬੀਤੀ ਰਾਤ ਸਵਾ 9 ਵਜੇ ਦੇ ਕਰੀਬ ਉਹ ਦੁਕਾਨ ਬੰਦ ਕਰਨ ਦੀ ਤਿਆਰੀ ਕਰ ਰਿਹਾ ਸੀ ਕਿ ਇਸੇ ਦੌਰਾਨ ਇਕ ਸਕੂਟਰੀ 'ਤੇ ਸਵਾਰ ਹੋ ਕੇ 3 ਤਿੰਨ ਨੌਜਵਾਨ ਆਏ, ਜਿੰਨ੍ਹਾਂ ਵਿਚੋਂ ਦੋ ਨੌਜਵਾਨ ਉਸਦੀ ਦੁਕਾਨ ਅੰਦਰ ਕੋਲਡ ਡਰਿੰਗ ਲੈਣ ਦੇ ਬਹਾਨੇ ਆ ਗਏ, ਜਿੰਨ੍ਹਾਂ ਵਿਚੋਂ ਇਕ ਨੌਜਵਾਨ ਨੇ ਹੱਥ ਰੱਖ ਕੇ ਉਸਦਾ ਮੂੰਹ ਬੰਦ ਕਰ ਦਿੱਤਾ। ਜਦਕਿ ਦੂਜੇ ਦੇ ਪਿਸਤੌਲ ਤਾਣਦਿਆਂ ਉਸ ਨੂੰ ਕਿਹਾ ਕਿ ਜੋ ਕੁਝ ਤੇਰੇ ਕੋਲ ਹੈ, ਸਾਨੂੰ ਦੇ ਦਿਓ। ਮਨੋਜ ਕੁਮਾਰ ਨੇ ਅੱਗੇ ਦੱਸਿਆ ਕਿ ਉਸਨੇ ਡਰਦੇ ਹੋਏ 5000 ਰੁਪਏ ਨਕਦੀ ਲੁਟੇਰਿਆਂ ਨੂੰ ਫੜਾ ਦਿੱਤੀ ਤਾਂ ਲੁਟੇਰਿਆਂ ਉਸਨੂੰ ਧੱਕਾ ਮਾਰ ਕੇ ਸੁੱਟ ਦਿੱਤਾ ਅਤੇ ਰੋਡ ਸ਼ੁਕਰਪੁਰਾ 'ਤੇ ਕਰਿਆਨੇ ਦੀ ਦੁਕਾਨ ਹੈ ਅਤੇ ਬੀਤੀ ਰਾਤ ਸਵਾ 9 ਵਜੇ ਦੇ ਕਰੀਬ ਉਹ ਦੁਕਾਨ ਬੰਦ ਕਰਨ ਦੀ ਤਿਆਰੀ ਕਰ ਰਿਹਾ ਸੀ ਕਿ ਇਸੇ ਦੌਰਾਨ ਇਕ ਸਕੂਟਰੀ 'ਤੇ ਸਵਾਰ ਹੋ ਕੇ 3 ਤਿੰਨ ਨੌਜਵਾਨ ਆਏ, ਜਿੰਨ੍ਹਾਂ ਵਿਚੋਂ ਦੋ ਨੌਜਵਾਨ ਉਸਦੀ ਦੁਕਾਨ ਅੰਦਰ ਕੋਲਡ ਡਰਿੰਗ ਲੈਣ ਦੇ ਬਹਾਨੇ ਆ ਗਏ, ਜਿੰਨ੍ਹਾਂ ਵਿਚੋਂ ਇਕ ਨੌਜਵਾਨ ਨੇ ਹੱਥ ਰੱਖ ਕੇ ਉਸਦਾ ਮੂੰਹ ਬੰਦ ਕਰ ਦਿੱਤਾ। ਜਦਕਿ ਦੂਜੇ ਦੇ ਪਿਸਤੌਲ ਤਾਣਦਿਆਂ ਉਸ ਸਕੂਟਰੀ 'ਤੇ ਤਿੰਨੋਂ ਜਣੇ ਫਰਾਰ ਹੋ ਗਏ। ਉਕਤ ਦੁਕਾਨ ਮਾਲਕ ਮੁਤਾਬਕ ਤੀਜਾ ਨੌਜਵਾਨ ਸਕੂਟਰੀ ਸਟਾਰਟ ਕਰਕੇ ਬਾਹਰ ਹੀ ਖੜ੍ਹਾ ਰਿਹਾ। ਉਸ ਦੱਸਿਆ ਕਿ ਇਸ ਸਬੰਧੀ ਉਸ ਨੇ ਪੁਲਸ ਥਾਣਾ ਸਿਵਲ ਲਾਈਨ ਨੂੰ ਰਿਪੋਰਟ ਦਰਜ ਕਰਵਾ ਦਿੱਤੀ ਹੈ। ਇਹ ਵੀ ਪਤਾ ਲੱਗਾ ਹੈ ਕਿ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲੈ ਲਿਆ ਹੈ ਅਤੇ ਲੁਟੇਰਿਆਂ ਦੇ ਦੁਕਾਨ ਅੰਦਰ ਦਾਖਲ ਹੋਣ ਦੀ ਘਟਨਾ ਲੱਗੇ ਸੀ.ਸੀ.ਟੀ.ਵੀ ਕੈਮਰੇ ਵਿਚ ਕੈਦ ਹੋ ਗਈ ਹੈ।

## ਸਰਕਾਰੀ ਬੱਸਾਂ 'ਚ ਸਫਰ ਕਰਨ ਵਾਲੇ ਦੇਣ ਧਿਆਨ

ਪਟਿਆਲਾ 17 ਫਰਵਰੀ। ਪੀ. ਆਰ. ਟੀ. ਸੀ, ਪੰਜਾਬ ਰੋਡਵੇਜ ਅਤੇ ਪਨਬੱਸ ਕੰਟਰੈਕਟ ਵਰਕਰ ਯੂਨੀਅਨ ਪੰਜਾਬ ਦੇ ਆਗੂਆਂ



ਅਤੇ ਪੰਜਾਬ ਸਰਕਾਰ ਦੇ ਉੱਚ ਪੱਧਰੀ ਨੁਮਾਇੰਦਿਆਂ ਨਾਲ ਇਕ ਪੈਨਲ ਮੀਟਿੰਗ ਬੀਤੇ ਦਿਨੀਂ ਚੰਡੀਗੜ੍ਹ ਵਿਚ ਹੋਈ ਜਿਸ ਦੌਰਾਨ ਪੰਜਾਬ ਸਰਕਾਰ ਵੱਲੋਂ ਯੂਨੀਅਨ ਦੀਆਂ ਸਾਰੀਆਂ ਮੰਗਾਂ ਮੰਨ ਲਈਆਂ ਗਈਆਂ। ਇਸ ਮਗਰੋਂ ਯੂਨੀਅਨ ਨੇ ਇਕ ਦਿਨ ਪਹਿਲਾਂ ਹੀ ਤਿੰਨ ਰੋਜਾ ਹੜਤਾਲ ਕਰਨ, ਰੈਲੀਆਂ ਵਿਚ ਬੱਸਾਂ ਨਾ ਲਿਜਾਣ ਅਤੇ 52 ਤੋਂ ਵੱਧ ਸਵਾਰੀਆਂ ਨਾ ਬਿਠਾਉਣ ਦਾ ਫੈਸਲਾ ਵਾਪਸ ਲੈ ਲਿਆ ਹੈ। ਯੂਨੀਅਨ ਦੇ ਇਕ ਬੁਲਾਰੇ ਮੁਤਾਬਕ ਇਸ ਮੀਟਿੰਗ ਵਿਚ ਟਰਾਂਸਪੋਰਟ ਮੰਤਰੀ ਲਾਲਜੀਤ ਭੁੱਲਰ, ਉੱਚ ਅਧਿਕਾਰੀਆਂ ਤੇ ਯੂਨੀਅਨ ਦੇ ਸੂਬਾ ਪ੍ਰਧਾਨ ਰੇਸਮ ਸਿੰਘ ਗਿੱਲ ਅਤੇ ਹੋਰ ਅਹੁਦੇਦਾਰਾਂ ਨੇ ਸ਼ਿਰਕਤ ਕੀਤੀ। ਇਸ ਪੈਨਲ ਮੀਟਿੰਗ ਦੌਰਾਨ ਸਰਕਾਰ ਵੱਲੋਂ ਯੂਨੀਅਨ ਦੀਆਂ ਸਾਰੀਆਂ ਮੰਗਾਂ ਮੰਨ ਲਈਆਂ ਹਨ ਜਿਨ੍ਹਾਂ ਵਿਚ ਕੱਚੇ ਮੁਲਾਜਮ ਪੱਕੇ ਕਰਨਾ, ਠੇਕੇਦਾਰੀ ਸਿਸਟਮ ਰੱਦ ਕਰਨਾ, ਕਿਲੋਮੀਟਰ ਸਕੀਮ ਦੀ ਥਾਂ ਆਪਣੀਆਂ ਬੱਸਾਂ ਪਾਉਣਾ ਆਦਿ ਸਾਮਿਲ ਹਨ। ਉਨ੍ਹਾਂ ਦੱਸਿਆ ਕਿ ਇਸ ਮਗਰੋਂ ਪ੍ਰਧਾਨ ਰੇਸਮ ਗਿੱਲ ਦੀ ਅਗਵਾਈ ਹੇਠ ਲਏ ਗਏ ਫੈਸਲੇ ਦੌਰਾਨ ਯੂਨੀਅਨ ਨੇ 13, 14 ਅਤੇ 17 ਫਰਵਰੀ ਲਈ ਐਲਾਨੀ ਸੂਬਾਈ ਹੜਤਾਲ ਅਤੇ ਪੰਜਾਬ ਸਰਕਾਰ ਵੱਲੋਂ ਅਗਲੇ ਦਿਨ ਕੀਤੀਆਂ ਜਾਣ ਵਾਲੀਆਂ ਰੈਲੀਆਂ ਵਿਚ ਬੱਸਾਂ ਨਾ ਲਿਜਾਣ ਦਾ ਫੈਸਲਾ ਵਾਪਸ ਲੈ ਲਿਆ ਹੈ। ਇਸ ਦੇ ਨਾਲ ਹੀ ਮੰਗਾਂ ਦੇ ਮਾਮਲੇ 'ਤੇ ਵਰਕਰ 52 ਸਵਾਰੀਆਂ ਦੇ ਫੈਸਲੇ 'ਤੇ ਵੀ ਨਰਮ ਪੈ ਗਏ ਹਨ। ਪੀਆਰਟੀਸੀ ਦੇ ਸੂਬਾਈ ਚੇਅਰਮੈਨ ਰਣਜੋਧ ਸਿੰਘ ਹੜਾਣਾ ਨੇ ਵੀ ਸਰਕਾਰ ਨਾਲ ਅੱਜ ਹੋਈ ਮੀਟਿੰਗ ਮਗਰੋਂ ਬੱਸ ਕਾਮਿਆਂ ਵੱਲੋਂ ਹੜਤਾਲ ਦਾ ਫੈਸਲਾ ਵਾਪਸ ਲਏ ਜਾਣ ਦੀ ਪੁਸਟੀ ਕੀਤੀ ਹੈ। ਯੂਨੀਅਨ ਨੇ ਇਹ ਐਲਾਨ ਅੱਠ ਫਰਵਰੀ ਨੂੰ ਮੁੱਖ ਮੰਤਰੀ ਨਾਲ ਤੈਅ ਹੋਈ ਮੀਟਿੰਗ ਨਾ ਹੋਣ ਦੇ ਰੋਸ ਵਜੋਂ ਕੀਤਾ ਸੀ ਪਰ ਲੰਘੀ ਸਾਮ ਨੂੰ ਹੀ ਸਰਕਾਰ ਵੱਲੋਂ ਯੂਨੀਅਨ ਆਗੂਆਂ, ਉੱਚ ਅਧਿਕਾਰੀਆਂ ਦਰਮਿਆਨ ਨੌਂ ਫਰਵਰੀ ਲਈ ਮੀਟਿੰਗ ਤੈਅ ਕਰ ਦਿੱਤੀ ਗਈ ਸੀ।

ਕੌਮੀ ਪੱਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814

Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

### NAME CHANGE
I, Pooja D/o Navratan Dungarwal R/o H.No-800, 2nd Floor, G-Block, Suncity, Golf Course Road, Sector-54, Gurgaon-122003, Haryana, have changed my name to Pooja Dungarwal For All Future Purpose

### NAME CHANGE
I, Ranjeet S/o Balbir Singh Yadav R/o 61, Akash Vihar, Ranhola, Nangloi, New Delhi-110041 have changed my name to Ranjeet Yadav for all future purposes

### NAME CHANGE
I, Sarita Kumari W/o Prashant Jaiswal R/o H.No 1231, 3rd Floor, D-Block, Sector-21,Faridabad Haryana-121001, I Have Changed My Name To Sarita Khatri For All Purpose.

### NAME CHANGE
I, Shivam S/o Kishor Kumar/Kishor R/o H.No-83, Near Om Chowk, Sector-10, Gurgaon, Haryana-122001, I Have Changed My Name To Shivam Sharma For All Purpose.

### NAME CHANGE
I, Mohammed Iqbal Son of Sh Subrati R/O House Number V-723, G/F, Kh No-702/23, Gali No-22-B, Vijay Park, Maujpur, Delhi-110053, have changed my name Iqbal for all future purpose

### NAME CHANGE
I AYESHA D/O MD RAFI AHMED R/O H.N0-169 SECTOR-48 FARIDABAD HARYANA-121001 HAVE CHANGE MY NAME TO AYESHA SAIFI FOR ALL PURPOSE.

### NAME CHANGE
I, Kirshan/Krishna Kumar S/o Dharambeer Singh R/o H.No-91, Near Police Station Sector - 5,vDayanand Colony Gurgaon, Haryana-122001, I Have Change My Name To Krishan Kumar For All Future Purpose

### NAME CHANGE
I, Hitherto Known as Sushma Srivastava Alias Sushma Yadav D/o Ashok Kumar W/o Vijay Yadav R/o 86, Third Floor, Block-B, Pocket-2, Pcr Office, Sector-17, Rohini, Delhi-110085 Have Changed My Name and Shall Hereafter Be Known as Sushma Yadav.

### NAME CHANGE
I, Manju Singh Wife of Shri Raj Kumar Singh R/o RZ-54/2, Peepal Wali Gali, Raj Nagar-II, Palam Colony, New Delhi-110077 have changed my date of birth from 01/07/1964 to 04/01/1971. Vide Affidavit Dated 5th Feb. 2024 before The Notary, Government of India in presence of Advocate M.L.Gupta.

### NAME CHANGE
I, Karan Verma S/o Manish Verma R/o 1666, Dariba Kalan, Chandni Chowk, Delhi-110006, have changed my name to Karan Kumar Verma permanently.

### NAME CHANGE
I, NEHA GOEL W/O GAURAV KUMAR AGGARWAL R/O A-67 VIJAY ENCLAVE NEAR GALI AGGARWAL SWEET WALI, PALAM VILLAGE, SOUTH WEST DELHI, DELHI -110045 have changed my name to NEHA AGGARWAL for all future purpose.

### NAME CHANGE
I, KASHMIREI BALA BARO Sister of No-15622079X Rank-GDSM Name-GOPI BARO R/O VPO-DHEPARGAON, TEH-KAURBAHA, DIST-BAKSA, ASSAM-781354, have changed my name from KASHMIREI BALA BARO to KASHMIRI BORO for all future purposes and in my brother's service records my date of birth wrongly mentioned as 05/02/2000 instead of my correct date of birth as 30/10/1999 vide affidavit dated 15/02/2024 before Notary Public, Delhi.

### NAME CHANGE
I, JC-333816H Rank- SUB Name-VIJAYA BHASKARA REDDY M son of VENKATA REDDY residing at DOOR NO. 4-40-24, PEDA WALTAIR, VISAKHAPATNAM, A.P-530017 have changed my minor son's name from HARSHITH REDDY to MARADA HARSHITH REDDY for all future purposes vide Affidavit dated 15/02/2024 before Notary Public Delhi.

### NAME CHANGE
I, NANDANI wife of JC-583769W Rank-NB SUB Name-PAWAN KUMAR R/O VILL-KHABAL, PO-URLA, TEH-PADHER, DISTT-MANDI, HIMACHAL PRADESH, PIN-175015, have changed my name from NANDANI to NANDNI VERMA for all future purposes and in my husband's service records my date of birth wrongly mentioned as 02/10/1987 instead of my correct date of birth as 05/11/1987 vide affidavit dated 16/02/2024 before Notary Public, Delhi.

### NAME CHANGE
I, VIMLA DEVI Wife of No. 16021271N Rank-HAV Name-PAVAN KUMAR presently residing at VILL-KARAI, PO-MAHU, TEH-HINDAUN CITY, DIST-KARAULI, RAJASTHAN-322254 have changed my name from VIMLA DEVI to VIMLA KUMARI for all future purposes vide affidavit dated 16/02/2024 before Notary Public, Delhi.

### PUBLIC NOTICE
Information is given to general public at large that my client Mrs. Krishna who is the owner of the Residential Vacant Plot of land area measuring 38.50 Sq. Yards, out of Khasra No.258min, situated at Village Noor Nagar, Pargana Loni, Tehsil and Dist. Ghaziabad, U.P., owner vide Sale Deed dated 15.04.2019 executed by Mr. Saurabh Goyal and Mr. Vaibhav Goyal, as Doc No.5074, Volume No.15299, in Book No.1, on Page No.213-240, reg. on 15.04.2019, in SR-II Ghaziabad and same property to be financed by Hinduja Housing Finance Ltd. having its Office Address at F-8, 1st floor, Mahalaxmi Metro Towers, Vaishali, Sector-4 Ghaziabad-201010. That, Original Sale Deed dated 20.07.2011 executed by Mr. Subodh in favour of Mr. Dilip Kumar Sahu, as Doc No. 7343, Volume No. 4974, in Book No. 1, on Page No. 173-194, reg. on 20.07.2011, in SR-II Ghaziabad has been lost/misplaced and FIR has been lodged for the same.

If any person(s) objection for subject property, then kindly may contact the undersigned along with original property document, within a week from date of this notice on below mentioned address, failing which, the claim as per aforesaid shall be treated as null and void in respect of the subject property.

**[ASHWANI KUMAR] Advocate**
Chamber No. 122,
Tehsil Compound, Ghaziabad, U.P.

### PUBLIC NOTICE
I Mohd Wajid s/o Nanne Miyan Add..House n. B-6/9 Gali n.1 Kabir Nagar shani bazar Gokal puri North East Delhi 110094 . declare that the Mohd wazid Ali and Wajid Ali are same name .for all purpose.

### NAME CHANGE
I, PRODIP SAIKIA father of NO-17008661N Rank- HAV Name- BITUPAN SAIKIA R/O VILL-UJANI KHONGIA, PO-NAHATIA, TEH-BALIGAON, DISTT-JORHAT, ASSAM-785108 have changed my name PRODIP SAIKIA to PRADIP SAIKIA for all future purposes vide Affidavit Dated 16/02/2024 before Notary Public, Delhi.

### NAME CHANGE
I, GOVIND SINGH S/O SURENDRA SINGH SOLANKI residing at HOUSE NO 60 G NO 5 SAROOP VIHAR B-BLOCK KADIPUR DELHI-110036 have changed my name to GOVIND SINGH SOLANKI for all future purpose.

**4 DELHI GIRLS BN NCC**
**B-6, SAFDARJUNG ENCLAVE,**
**NEW DELHI-110029**
**PHONE NO.- 011-20865458**
**AUCTION NOTICE**

This notice is for the auction of condemned items of unit property purchased from public fund, regimental fund, state fund i.e. iron, aluminum, Plastic, electric items . Pay order/DD of Rs. 1000/- in favour of commanding officer 4 Delhi Girls Bn NCC is essential to be deposited with cashier of this unit to participate in tendering. Sealed tenders are invited from interested vendors and must be dropped inside tender box placed at above mentioned address up to 1300 Hrs 20 Feb 2024. Tenders will be opened at 1500 Hrs by the Board of Officers on the same day. Interested bidders can visit unit premises for assessing the rates of condemned items on 17 Feb 2024 form 0930 hrs to 1700 hrs. Competent authority has full right to withdraw or make changes in the tendering process.

**(Kirti Singh Bisht)**
Col.
Commanding Officer

### PUBLIC NOTICE
Information is given to general public at large that our client Mrs. Asama W/o Mr. Liyakat Ali is the owner of Freehold Residential House, area measuring 34.50 sq. yards, i.e. 28.84 sq. meter, built on Plot No. 48 A, out of Khasra No. 1907, Situated at Master Colony, Hadbast Village Pasonda, Pargana Loni, Tehsil & Distt. Ghaziabad, U.P., By Virtue, Gift Deed dated 29.08.2023 Duly Regd. as Doc No. 8801, Book No. 1, Vol No. 20244, Page No. 267-286, on 29.08.2023(SR Sadar III Ghaziabad). till date and has lost/Misplace his Original Sale Deed dated 14.12.2020 duly Regd. as Doc No. 7637, Book No. 1, Vol No. 15769, Page No. 137-156, on 14.12.2020(SR Sadar III Ghaziabad). it was executed in favour of Mr. Liyakat Ali S/o Mr. Shaukat, now our client is declaring that that any other Person does not have any right over the said property, and same property finance by JANASHA FINANCE PRIVATE LIMITED Branch: Room no. 1004 on 10th Floor, Arunachal Building, Barakhamba, Road, Connaught Place, New Delhi.If any person is having objection right of claim against the said property, contact to undersigned along with supporting documents within 07 days from the date of publication of this notice and or the same to the undersigned if found by anyone. Thereafter no claim shall be entertained.

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

### PUBLIC NOTICE
Information is given to general public at large that our client Mrs. Roopwati Devi W/o Late Mr. Ishwari Singh is the owner of Freehold Residential Plot area measuring 100 sq. yd. out of Khasra No. 83Mi, situated at Mangal Bazar Road, Bodh Vihar in Village Akbarpur Behrampur, Pargana Loni, Tehsil & Distt. Ghaziabad U.P. By Virtue, Sale Deed dated 08.07.2013 duly registered in SR-V Ghaziabad as doc. No. 6026, Book No. I, Vol. No. 3736, Page No. 165 to 198, dated 08.07.2013. till date and has lost/Misplace his Original/Copy of Regd. GPA, ATS & Will dated 10.06.1998 & Original Sale Deed dated 05.07.2002 duly registered in SR- V, Ghaziabad as doc. No. 3380, Book No. I, Vol. No. 196, Page No. 312 to 325, dated 05.07.2002. it was executed in favour of Mrs. Pushpa now our client is declaring that that any other Person does not have any right over the said property, and same property sold too be Mr. Gopi Prasad and same property finance by Tata Capital Housing Finance Limited Branch- PREET VIHAR DELHI. If any person is having objection right of claim against the said property, contact to undersigned along with supporting documents within 07 days from the date of publication of this notice and or the same to the undersigned if found by anyone. Thereafter no claim shall be entertained.

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

## ਲਸ਼ਕਰ-ਏ-ਤਾਇਬਾ ਅੱਤਵਾਦੀ ਸੰਗਠਨ ਦੇ 2 ਮੈਂਬਰ ਗ੍ਰਿਫਤਾਰ, ਅਦਾਲਤ ਤੋਂ ਮਿਲਿਆ 10 ਦਿਨ ਦਾ ਰਿਮਾਂਡ

ਅੰਮ੍ਰਿਤਸਰ 17 ਫਰਵਰੀ। ਸਟੇਟ ਸਪੈਸਲ ਆਪ੍ਰੇਸਨ ਸੈੱਲ ਨੇ ਲਸਕਰ-ਏ-ਤਇਬਾ ਦੇ ਮਡਿਊਲ ਦਾ ਪਰਦਾਫਾਸ ਕਰਦਿਆਂ ਦੋ ਮੈਂਬਰਾਂ ਨੂੰ ਗ੍ਰਿਫਤਾਰ ਕੀਤਾ ਹੈ। ਦੋਵੇਂ ਜੰਮੂ-ਕਸਮੀਰ ਦੇ ਰਹਿਣ ਵਾਲੇ ਦੱਸੇ ਜਾਂਦੇ ਹਨ। ਐਸ.ਐਸ.ਓ.ਸੀ. ਨੇ ਇਨ੍ਹਾਂ ਦੇ ਕਬਜੇ 'ਚੋਂ 2 ਆਈ.ਈ.ਡੀ., ਦੋ ਹੈਂਡ ਗਰਨੇਡ, ਇੱਕ ਪਿਸਤੌਲ, ਦੋ ਮੈਗਜੀਨ, 24 ਜਿ਼ੰਦਾ ਕਾਰਤੂਸ, ਇਕ ਟਾਈਮਰ, ਅੱਠ ਡੈਟੋਨੇਟਰ ਤੇ ਚਾਰ ਬੈਟਰੀਆਂ ਬਰਾਮਦ ਕੀਤੀਆਂ ਹਨ। ਮੰਨਿਆ ਜਾ ਰਿਹਾ ਹੈ ਕਿ ਇਹ ਲੋਕ ਪੰਜਾਬ 'ਚ ਕੋਈ ਵੱਡੀ ਵਾਰਦਾਤ ਕਰਨ ਵਾਲੇ ਸਨ ਅਤੇ ਪੁਲਿਸ ਵੱਲੋਂ ਇਹਨਾਂ ਦੋਨਾਂ ਮੈਂਬਰਾਂ ਨੂੰ ਅੰਮ੍ਰਿਤਸਰ ਦੀ ਮਾਨਯੋਗ ਅਦਾਲਤ ਵਿਖੇ ਪੇਸ ਕੀਤਾ ਗਿਆ ਅਤੇ ਮਾਨਯੋਗ ਅਦਾਲਤ ਤੋਂ ਇਨ੍ਹਾਂ ਦੋਵਾਂ ਵਿਅਕਤੀਆਂ ਦਾ ਦਸ ਦਿਨ ਦਾ ਰਿਮਾਂਡ ਪੁਲਸ ਨੂੰ ਮਿਲਿਆ ਹੈ। ਇਸ ਬਾਬਤ ਪੁਲਸ ਨੇ ਪੱਤਰਕਾਰਾਂ ਨਾਲ ਕਿਸੇ ਤਰ੍ਹਾਂ ਦੀ ਗੱਲਬਾਤ ਕਰਨ ਤੋਂ ਇਨਕਾਰ ਕਰ ਦਿੱਤਾ। ਇੱਥੇ ਜਿ਼ਕਰਯੋਗ ਹੈ ਕਿ ਪੰਜਾਬ ਵਿੱਚ ਤਿਉਹਾਰਾਂ ਦਾ ਸੀਜਨ ਹੈ ਅਤੇ ਸਹਿਰਾਂ ਦੇ ਮੰਦਰਾਂ ਵਿੱਚ ਖਾਸ ਭੀੜ ਦੇਖਣ ਨੂੰ ਮਿਲ ਰਹੀ ਹੈ ਤੇ ਬਾਜਾਰਾਂ ਦੇ ਵਿੱਚ ਵੀ ਲੋਕਾਂ ਦਾ ਭਾਰੀ ਇਕੱਠ ਦੇਖਣ ਨੂੰ ਮਿਲ ਰਿਹਾ ਹੈ। ਇਸ ਦੌਰਾਨ ਇਹਨਾਂ ਦੋ ਦਹਿਸਤਗਰਦਾਂ ਵੱਲੋਂ ਇਹ ਲੋਕ ਪੰਜਾਬ 'ਚ ਕੋਈ ਵੱਡੀ ਵਾਰਦਾਤ ਕਰਨ ਵਾਲੇ ਸਨ ਅਤੇ ਪੁਲਿਸ ਵੱਲੋਂ ਇਹਨਾਂ ਦੋਨਾਂ ਮੈਂਬਰਾਂ ਨੂੰ ਅੰਮ੍ਰਿਤਸਰ ਦੀ ਮਾਨਯੋਗ ਅਦਾਲਤ ਵਿਖੇ ਪੇਸ ਕੀਤਾ ਗਿਆ ਅਤੇ ਮਾਨਯੋਗ ਅਦਾਲਤ ਤੋਂ ਇਨ੍ਹਾਂ ਦੋਵਾਂ ਪੰਜਾਬ ਵਿੱਚ ਕਿਸੇ ਵੱਡੀ ਵਾਰਦਾਤ ਨੂੰ ਅੰਜਾਮ ਦਿੱਤਾ ਜਾਣਾ ਸੀ, ਜਿਸ ਨੂੰ ਸਮਾਂ ਰਹਿੰਦਿਆਂ ਹੀ ਸਟੇਟ ਸਪੈਸਲ ਆਪਰੇਸਨ ਸੈਲ ਦੀ ਅੰਮ੍ਰਿਤਸਰ ਪੁਲਿਸ ਵੱਲੋਂ ਗ੍ਰਿਫਤਾਰ ਕਰ ਲਿਆ ਗਿਆ ਹੈ। ਹੁਣ ਮਾਨਯੋਗ ਅਦਾਲਤ ਤੋਂ 10 ਦਿਨ ਦਾ ਰਿਮਾਂਡ ਹਾਸਲ ਹੋਇਆ ਹੈ। ਇਸ ਦੌਰਾਨ ਪੁਲਸ ਇਨ੍ਹਾਂ ਤੋਂ ਬਰੀਕੀ ਨਾਲ ਪੁੱਛਗਿਛ ਕਰੇਗੀ।

## ਸਾਬਕਾ ਵਿਧਾਇਕ ਸੇਖੜੀ ਨੇ ਮੁੰਡੇ ਨਾਲ ਰਲ਼ ਕੁੱਟਿਆ ਆਪਣਾ ਭਰਾ

ਬਟਾਲਾ 17 ਫਰਵਰੀ। ਬਟਾਲਾ ਤੋਂ ਹੈਰਾਨੀਜਨਕ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਸਾਬਕਾ ਐੱਮ. ਐੱਲ. ਏ ਅਸ਼ਵਨੀ ਸੇਖੜੀ ਨੇ ਪੁੱਤਰ ਨਾਲ ਰਲ ਕੇ ਆਪਣੇ ਭਰਾ ਨਾਲ ਕੁੱਟਮਾਰ ਕੀਤੀ, ਜਿਸ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਕਾਫੀ ਵਾਇਰਲ ਹੋ ਰਹੀ ਹੈ। ਵੀਡੀਓ ਵਿਚ ਦੇਖਿਆ ਜਾ ਸਕਦਾ ਹੈ ਕਿ ਸਾਬਕਾ ਰਾਜ ਮੰਤਰੀ ਅਸ਼ਵਨੀ ਸੇਖੜੀ ਅਤੇ ਉਨ੍ਹਾਂ ਦਾ ਪੁੱਤਰ ਅਭਿਨਵ ਸੇਖੜੀ ਆਪਣੇ ਛੋਟੇ ਭਰਾ ਇੰਦਰ ਸੇਖੜੀ ਨਾਲ ਕੁੱਟਮਾਰ ਕਰ ਰਹੇ ਹਨ। ਇਸ ਦੌਰਾਨ ਅਸ਼ਵਨੀ ਸੇਖੜੀ ਨਾਲ ਸੁਰੱਖਿਆ ਕਰਮੀ ਵੀ ਨਜ਼ਰ ਆ ਰਹੇ ਹਨ। ਅਸ਼ਵਨੀ ਸੇਖੜੀ ਪਹਿਲਾ ਕਾਂਗਰਸ ਤੋਂ ਐੱਮ. ਐੱਲ. ਏ ਅਤੇ ਰਾਜ ਮੰਤਰੀ ਰਹਿ ਚੁੱਕੇ ਹਨ ਅਤੇ ਹੁਣ ਭਾਜਪਾ 'ਚ ਹਨ । ਦੱਸ ਦੇਈਏ ਉਨ੍ਹਾਂ ਦਾ ਛੋਟਾ ਭਰਾ ਇੰਦਰ ਸੇਖੜੀ ਵੀ ਭਾਜਪਾ ਆਗੂ ਹਨ। ਉਥੇ ਹੀ ਇਸ ਵੀਡੀਓ ਅਤੇ ਤਕਰਾਰ ਦੀ ਸਚਾਈ ਦੱਸਦੇ ਅਸ਼ਵਨੀ ਸੇਖੜੀ ਨੇ ਕਿਹਾ ਕਿ ਜਿਸ ਜਗ੍ਹਾ 'ਤੇ ਝਗੜਾ ਹੋਇਆ ਹੈ, ਉਥੇ ਉਸ ਦਾ ਪੁੱਤਰ



ਨਵੀਂ ਫੈਕਟਰੀ ਲਗਾ ਰਿਹਾ ਹੈ ਅਤੇ ਜਦ ਕਿ 2 ਅਕਤੂਬਰ ਨੂੰ ਉਨ੍ਹਾਂ ਦਾ ਭਰਾ ਇੰਦਰ ਸੇਖੜੀ ਉਸ ਜਗ੍ਹਾ 'ਤੇ ਜਬਰਦਸਤੀ ਦਾਖਲ ਹੋਇਆ ਅਤੇ ਪਹਿਲਾਂ ਉਸਨੇ ਉਨ੍ਹਾਂ ਦੇ ਮੈਨੇਜਰ ਅਤੇ ਜੋ ਮਿਸਤਰੀ ਉਥੇ ਕੰਮ ਕਰ ਰਹੇ ਸਨ ਉਨ੍ਹਾਂ ਦੀ ਕੁੱਟਮਾਰ ਕੀਤੀ। ਇਸ ਤੋਂ ਇਲਾਵਾ ਉਸ ਨੇ ਗਾਲੀ ਗਲੋਚ ਕੀਤਾ ਜਦੋਂ ਇਸ ਮਾਮਲੇ ਦੀ ਸੂਚਨਾ ਉਨ੍ਹਾਂ ਨੂੰ ਮਿਲੀ ਤਾਂ ਅਸ਼ਵਨੀ ਸੇਖੜੀ ਆਪਣੇ ਪੁੱਤਰ ਅਭਿਨਵ ਸੇਖੜੀ ਨਾਲ ਮੌਕੇ 'ਤੇ ਪਹੁੰਚ ਗਏ ਤਾਂ ਇੰਦਰ ਵਲੋਂ ਉਨ੍ਹਾਂ 'ਤੇ ਵੀ ਹਮਲਾ ਤੇ ਗਾਲੀ ਗਲੋਚ ਕੀਤਾ ਗਿਆ। ਇਸ ਦੌਰਾਨ ਉਸ ਵੱਲੋਂ ਜਬਰਦਸਤੀ ਕੰਮ ਰੁੱਕਵਾਇਆ ਗਿਆ। ਜਦ ਇੰਦਰ ਉਨ੍ਹਾਂ ਨਾਲ ਹੱਥੋ ਪਾਈ ਹੋਣ ਲਗਾ ਤਾਂ ਪੁੱਤਰ ਅਭਿਨਵ ਨੇ ਬਚਾਅ 'ਚ ਉਸ ਨਾਲ ਅੱਗੋਂ ਹੱਥੋਪਾਈ ਕੀਤੀ। ਅਸ਼ਵਨੀ ਸੇਖੜੀ ਦਾ ਕਹਿਣਾ ਕਿ ਉਨ੍ਹਾਂ ਦੇ ਪਰਿਵਾਰ 'ਚ ਕਾਰੋਬਾਰ ਅਤੇ ਜਮੀਨ ਜਾਇਦਾਦ ਦੀ ਵੰਡ ਸਾਲਾਂ ਪਹਿਲੇ ਹੋ ਚੁਕੀ ਹੈ ਅਤੇ ਉਹ ਆਪਣੇ ਹਿੱਸੇ 'ਚ ਆਈ ਜਗ੍ਹਾ 'ਤੇ ਫੈਕਟਰੀ ਲਗਾ ਰਹੇ ਹਨ। ਜਦ ਕਿ ਇੰਦਰ ਸੇਖੜੀ ਵਲੋਂ ਬਿਨਾਂ ਕਿਸੇ ਵਜ੍ਹਾ ਤੋਂ ਉਹਨਾਂ ਦੇ ਕੰਮ ਨੂੰ ਰੁਕਵਾਇਆ ਗਿਆ ਹੈ ਅਤੇ ਇਸ ਬਾਰੇ ਉਨ੍ਹਾਂ ਵਲੋਂ ਪੁਲਸ ਪ੍ਰਸ਼ਾਸ਼ਨ ਨੂੰ ਵੀ ਸੂਚਿਤ ਕੀਤਾ ਗਿਆ ਹੈ।

# ਮੋਬਾਇਲ ਅਪੈਲੀਕੇਸ਼ਨ ਦੇ ਨੰਬਰਾਂ ਰਾਹੀਂ ਧੜਾਧੜ ਸਾਈਬਰ ਠੱਗੀ ਦਾ ਸ਼ਿਕਾਰ ਹੋ ਰਹੇ ਲੋਕ

ਪਟਿਆਲਾ 17 ਫਰਵਰੀ। ਇੰਟਰਨੈੱਟ ਦੇ ਯੁੱਗ ਨੇ ਜਿੱਥੇ ਪੂਰੀ ਦੁਨੀਆਂ ਨੂੰ ਇਕ 'ਪਿੰਡ' ਬਣਾ ਕੇ ਰੱਖ ਦਿੱਤਾ ਹੈ, ਉੱਥੇ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਇਸ ਦਾ ਦੁਰਉਪਯੋਗ ਕਰਕੇ ਠੱਗੀਆਂ ਮਾਰਨ ਦਾ ਸਿਲਸਿਲਾ ਵੀ ਚੱਲ ਰਿਹਾ ਹੈ। ਪਹਿਲਾਂ ਤਾਂ ਬਹਾਨੇ ਨਾਲ ਓ. ਟੀ. ਪੀ. ਨੰਬਰ ਲੈ ਕੇ ਖਾਤਿਆਂ 'ਚੋਂ ਪੈਸੇ ਕੱਢਣ ਦਾ ਸਿਲਸਿਲਾ ਚੱਲਿਆ। ਹੁਣ ਮੋਬਾਇਲ ਐਪਲੀਕੇਸ਼ਨ ਦੇ ਨੰਬਰਾਂ ਰਾਹੀਂ ਠੱਗੀਆਂ ਮਾਰੀਆਂ ਜਾ ਰਹੀਆਂ ਹਨ। ਕੁਝ ਸਮੇਂ ਇਨ੍ਹਾਂ ਠੱਗਾਂ ਦਾ ਠੱਗੀ ਮਾਰਨ ਦਾ ਤਰੀਕਾ ਬਦਲ ਜਾਂਦਾ ਹੈ। ਅੱਜਕਲ ਇਨ੍ਹਾਂ ਨੰਬਰਾਂ ਰਾਹੀਂ ਵਿਦੇਸ਼ 'ਚ ਕਿਸੇ ਰਿਸ਼ਤੇਦਾਰ ਦਾ ਐਕਸੀਡੈਂਟ ਹੋਣ ਜਾਂ ਫਿਰ ਅਦਾਲਤੀ ਝਗੜੇ ਦੀ ਗੱਲ ਆਖ ਕੇ ਵਿਦੇਸ਼ੀ ਖਾਤਿਆਂ 'ਚ ਪੈਸੇ ਪਵਾ ਕੇ ਲੈਂਦੇ ਹਨ ਅਤੇ ਹੁਣ ਐਪਲੀਕੇਸ਼ਨ ਨੰਬਰਾਂ ਰਾਹੀਂ ਫਿਰੋਤੀਆਂ ਮੰਗੀਆਂ ਜਾ ਰਹੀਆਂ ਹਨ। ਫੇਸਬੁੱਕ ਜਾਂ ਫਿਰ ਹੋਰ ਪਲੇਟਫਾਰਮਾਂ ਤੋਂ ਪਰਿਵਾਰ ਸਬੰਧੀ ਜਾਣਕਾਰੀ ਇਕੱਠੀ ਕਰਕੇ ਫਿਰ ਐਪਲੀਕੇਸ਼ਨ ਨੰਬਰ ਰਾਹੀਂ ਕਿਸੇ ਨਜਦੀਕੀ ਖਾਸ ਤੌਰ 'ਤੇ ਪਿਤਾ ਤੋਂ ਪੁੱਤਰ ਦੀ ਕਿਡਨੈਪਿੰਗ ਦੀ ਗੱਲ ਆਖ ਕੇ ਠੱਗੀ ਮਾਰੀ ਜਾ ਰਹੀ ਹੈ। ਅਹਿਮ ਗੱਲ ਇਹ ਹੈ ਕਿ ਜਦੋਂ ਸਾਈਬਰ ਠੱਗ ਫੋਨ ਕਰਦੇ ਹਨ ਤਾਂ ਕਈ ਵਾਰ ਤਾਂ ਪੁੱਤਰ ਦੀ ਕਿਡਨੈਪਿੰਗ ਦੀ ਗੱਲ ਆਖ ਕੇ ਕਿਸੇ ਰੌਂਦੇ ਹੋਏ ਬੱਚੇ ਤੱਕ ਨਾਲ ਗੱਲ ਕਰਵਾ ਦਿੰਦੇ ਹਨ ਤਾਂ ਜੋ ਪੂਰਾ ਯਕੀਨ ਹੋ ਜਾਵੇ। ਇਸ ਲਈ ਕਈ ਵਾਰ ਤਾਂ ਜਿਸ ਵਿਅਕਤੀ ਠੱਗੀ ਦਾ ਸ਼ਿਕਾਰ ਬਣਾਇਆ ਜਾਂਦਾ ਹੈ। ਉਸ ਨੂੰ ਇਹ ਕਿਹਾ ਜਾਂਦਾ ਹੈ ਕਿ ਫੋਨ ਨੂੰ ਨਾ ਤਾਂ ਕੱਟਣਾ, ਨਾ ਮਿਊਟ ਕਰਨਾ, ਸਗੋਂ ਚੱਲਦੇ ਫੋਨ 'ਚ ਹੀ ਇਕ ਖਾਤਾ ਨੰਬਰ ਦਿੱਤਾ ਜਾਂਦਾ ਹੈ, ਜਿਸ 'ਚ ਪੈਸੇ ਪਵਾ ਕੇ ਠੱਗੀ ਮਾਰੀ ਜਾਂਦੀ ਹੈ। ਜਦੋਂ ਤੱਕ ਠੱਗੀ ਦਾ ਸ਼ਿਕਾਰ ਹੋਏ ਵਿਅਕਤੀ ਨੂੰ ਸਮਝ ਆਉਂਦੀ ਹੈ, ਉਦੋਂ ਤੱਕ ਤਾਂ ਉਸ ਦਾ ਟਰੈਪ ਲੱਗ ਚੁੱਕਾ ਹੁੰਦਾ ਹੈ। 'ਜਗ ਬਾਣੀ' ਵੱਲੋਂ ਇਹ ਖਬਰ ਲੋਕਾਂ ਨੂੰ ਜਾਗਰੂਕ ਕਰਨ ਲਈ ਪ੍ਰਕਾਸ਼ਿਤ ਕੀਤੀ ਜਾ ਰਹੀ ਹੈ ਤਾਂ ਕਿ ਜੇਕਰ ਕਿਸੇ ਨੂੰ ਇਸ ਤਰ੍ਹਾਂ ਦੀ ਕਾਲ ਆਵੇ ਤਾਂ ਉਹ ਸਮਝ ਤੋਂ ਕੰਮ ਲੈਣ ਨਾ ਕਿਸੇ ਤਰ੍ਹਾਂ ਡਰ ਜਾਂ ਫਿਰ ਭਾਵਨਾ 'ਚ ਵਹਿ ਕੇ ਫੈਸਲਾ ਲੈਣ। ਥਾਣਾ ਸਿਵਲ ਲਾਈਨ ਦੀ ਪੁਲਸ ਨੇ ਇਸ ਮਾਮਲੇ 'ਚ 2 ਕੇਸ ਸਾਈਬਰ ਠੱਗੀ ਦੇ ਸ਼ਿਕਾਰ ਦੇ ਕੇਸ ਦਰਜ ਕੀਤੇ ਹਨ। ਪਹਿਲੇ ਕੇਸ 'ਚ ਓਮ ਪ੍ਰਕਾਸ਼ ਪੁੱਤਰ ਹਰੀ ਰਾਮ ਵਾਸੀ ਪ੍ਰੀਤ ਐਵਨਿਊ ਨੇੜੇ 22 ਨੰਬਰ ਫਾਟਕ ਪਟਿਆਲਾ ਦੀ ਸ਼ਿਕਾਇਤ 'ਤੇ ਅਣਪਛਾਤੇ ਵਿਅਕਤੀ ਖਿਲਾਫ 419, 420 ਅਤੇ 120 ਬੀ ਆਈ. ਆਈ. ਪੀ. ਸੀ. ਤਹਿਤ ਕੇਸ ਦਰਜ ਕੀਤਾ ਹੈ। ਓਮ ਪ੍ਰਕਾਸ਼ ਨੇ ਪੁਲਸ ਨੂੰ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਸ ਨੂੰ ਵਟਸਐਪ 'ਤੇ ਇਕ ਅਣਪਛਾਤੇ ਵਿਅਕਤੀ ਦੀ ਫੋਨ ਆਇਆ। ਵਿਦੇਸ਼ ਰਹਿੰਦੇ ਰਿਸ਼ਤੇਦਾਰ ਦੀ ਝੂਠੀ ਕਹਾਣੀ ਸੁਣਾ ਕੇ ਵਿਸ਼ਵਾਸ 'ਚ ਲੈ ਕੇ ਉਸ ਤੋਂ ਵੱਖ-ਵੱਖ ਟਰਾਂਜੈਕਸ਼ਨਾਂ ਰਾਹੀਂ 10 ਲੱਖ ਰੁਪਏ ਹਾਸਲ ਕਰ ਕੇ ਧੋਖਾਦੇਹੀ ਕੀਤੀ ਹੈ। ਅਜਿਹੀ ਹੀ ਦੂਜੀ ਠੱਗੀ ਦਾ ਸ਼ਿਕਾਰ ਹੋਏ ਬਲਵੰਤ ਸਿੰਘ ਪੁੱਤਰ ਸੋਧੀ ਸਿੰਘ ਵਾਸੀ ਅਫਸਰ ਇਨਕਲੇਵ ਫੇਸ-1 ਪਟਿਆਲਾ। ਉਨ੍ਹਾਂ ਦੀ ਸ਼ਿਕਾਇਤ 'ਤੇ ਅਣਪਛਾਤੇ ਵਿਅਕਤੀਆਂ ਖਿ਼ਲਾਫ 419, 420 ਅਤੇ 120 ਬੀ ਆਈ. ਪੀ. ਸੀ. ਤਹਿਤ ਕੇਸ ਦਰਜ ਕੀਤਾ ਹੈ। ਬਲਵੰਤ ਸਿੰਘ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਸ ਤੋਂ ਵਿਦੇਸ਼ 'ਚ ਰਹਿੰਦੇ ਰਿਸ਼ਤੇਦਾਰ ਦੀ ਝੂਠੀ ਕਹਾਣੀ ਬਣਾ ਕੇ ਵਿਸ਼ਵਾਸ਼ 'ਚ ਲੈ ਕੇ ਵੱਖ-ਵੱਖ ਟਰਾਂਜੈਕਸ਼ਨਾਂ ਰਾਹੀਂ 5 ਲੱਖ ਰੁਪਏ ਦੀ ਧੋਖਾਦੇਹੀ ਕੀਤੀ ਹੈ। ਸੀ. ਆਈ. ਏ. ਇੰਚਾਰਜ ਇੰਸ: ਸ਼ਮਿੰਦਰ ਸਿੰਘ ਨੇ ਦੱਸਿਆ ਕਿ ਮੋਬਾਇਲ ਐਪੀਲਕੇਸ਼ਨਾਂ ਰਾਹੀਂ ਅਜਿਹੀਆਂ ਕਾਲਾਂ ਬਹੁਤ ਆ ਰਹੀਆਂ ਹਨ। ਭੋਲ-ਭਾਲੇ ਲੋਕ ਠੱਗੀ ਦਾ ਸ਼ਿਕਾਰ ਹੋ ਰਹੇ ਹਨ। ਜੇਕਰ ਵੀ ਅਜਿਹੀ ਗੱਲ ਹੋਵੇ ਤਾਂ ਤੁਰੰਤ ਪੁਲਸ ਨੂੰ ਸੂਚਿਤ ਕਰੋ, ਡਰਨ ਦੀ ਕੋਈ ਲੋੜ ਨਹੀਂ ਅਤੇ ਨਾ ਹੀ ਪੈਨਿਕ ਹੋਣਾ ਚਾਹੀਦਾ ਹੈ। ਅਕਸਰ ਜਦੋਂ ਕੋਈ ਅਜਿਹੀ ਕਾਲ ਆਉਂਦੀ ਹੈ। ਪਹਿਲਾਂ ਪੁਲਸ ਨੂੰ ਸੂਚਿਤ ਕਰਨਾ ਚਾਹੀਦਾ ਹੈ ਪਰ ਅਕਸਰ ਦੇਖਣ 'ਚ ਆਉਂਦਾ ਹੈ ਕਿ ਠੱਗੀ ਦਾ ਸ਼ਿਕਾਰ ਹੋਣ ਤੋਂ ਬਾਅਦ ਪੁਲਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿਉਂਕਿ ਇਹ ਮੋਬਾਇਲ ਐਪਲੀਕੇਸ਼ਨਾਂ ਰਾਹੀਂ ਕਾਲਾਂ ਹੋਣ ਕਾਰਨ ਬਾਅਦ 'ਚ ਟਰੇਸ ਨਹੀਂ ਹੁੰਦੀਆਂ ਅਤੇ ਜਿਹੜੇ ਖਾਤਿਆਂ 'ਚ ਪੈਸੇ ਪਵਾਏ ਜਾਂਦੇ ਹਨ, ਉਹ ਵੀ ਵਿਦੇਸ਼ੀ ਹੀ ਹੁੰਦੇ ਹਨ।

## ਜਲੰਧਰ 'ਚ ਪਟਾਕਿਆਂ ਨੂੰ ਲੈ ਕੇ ਕਮਿਸ਼ਨਰੇਟ ਪੁਲਸ ਵੱਲੋਂ ਨਵਾਂ ਫਰਮਾਨ ਜਾਰੀ

ਜਲੰਧਰ 17 ਫਰਵਰੀ। ਪੂਰੇ ਸੂਬੇ ਵਿਚ ਪਟਾਕਿਆਂ ਨੂੰ ਲੈ ਕੇ ਵੱਖ-ਵੱਖ ਗਾਈਡਲਾਈਨਜ ਜਾਰੀ ਕੀਤੀਆਂ ਗਈਆਂ ਹਨ। ਇਸੇ ਤਹਿਤ ਜਲੰਧਰ ਕਮਿਸ਼ਨਰੇਟ ਪੁਲਸ ਵੱਲੋਂ ਵੀ ਪਟਾਕਾ ਨਿਰਮਾਤਾ ਅਤੇ ਵੇਚਣ ਵਾਲਿਆਂ ਨੂੰ ਸਖਤ ਹਦਾਇਤ ਜਾਰੀ ਕੀਤੀ ਗਈ ਹੈ। ਡਿਪਟੀ ਕਮਿਸ਼ਨਰ ਆਫ ਪੁਲਸ ਅੰਕੁਰ ਗੁਪਤਾ ਨੇ ਕਿਹਾ ਕਿ ਪਟਾਕੇ ਬਣਾਉਣ ਵਾਲੇ ਪਟਾਕਿਆਂ ਦੇ ਪੈਕੇਟਾਂ 'ਤੇ ਆਵਾਜ ਦਾ ਪੱਧਰ ਡੈਸੀਬਲ ਵਿਚ ਛਾਪਣਗੇ। ਉਥੇ ਹੀ ਸ਼ਹਿਰ ਵਿਚ ਕਮਿਸ਼ਨਰੇਟ ਪੁਲਸ ਵੱਲੋਂ ਆਈ. ਪੀ. ਸੀ. ਦੀ ਧਾਰਾ 144 ਲਾਗੂ ਕਰਨ ਦੇ ਆਦੇਸ਼ ਦਿੱਤੇ ਹਨ। ਇਹ ਹੁਕਮ 13-1-2024 ਤੱਕ ਲਾਗੂ ਰਹਿਣਗੇ। ਇਸ ਦੀ ਉਲੰਘਣਾ ਕਰਨ 'ਤੇ ਸਖਤ ਕਾਰਵਾਈ ਕੀਤੀ ਜਾਵੇਗੀ। ਜਿ਼ਕਰਯੋਗ ਹੈ ਕਿ ਸੁਪਰੀਮ ਕੋਰਟ ਵੱਲੋਂ ਪਟਾਕਿਆਂ ਨੂੰ ਲੈ ਕੇ ਪਹਿਲਾਂ ਹੀ ਸਖਤ ਦਿਸ਼ਾ-ਨਿਰਦੇਸ਼ ਜਾਰੀ ਹਨ। ਕੁਝ ਦਿਨ ਪਹਿਲਾਂ ਪੰਜਾਬ ਵਿੱਚ ਪ੍ਰਦੂਸਣ ਦੀ ਸਥਿਤੀ ਨੂੰ ਲੈ ਕੇ ਸੁਪਰੀਮ ਕੋਰਟ ਅਤੇ ਨੈਸਨਲ ਗ੍ਰੀਨ ਟ੍ਰਿਬਿਊਨਲ ਵੱਲੋਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ, ਜਿਨ੍ਹਾਂ ਦੀ ਸਖਤੀ ਨਾਲ ਪਾਲਣਾ ਕੀਤੀ ਜਾਵੇਗੀ। ਹੁਕਮਾਂ ਤਹਿਤ ਕਿਹਾ ਗਿਆ ਹੈ ਕਿ ਸੂਬੇ ਵਿੱਚ ਲੜੀ ਵਾਲੇ ਪਟਾਕਿਆਂ ਅਤੇ ਲੜੀਵਾਰ ਪਟਾਕਿਆਂ ਦੇ ਨਿਰਮਾਣ, ਸਟਾਕ, ਵੰਡ ਅਤੇ ਵਿਕਰੀ 'ਤੇ ਮੁਕੰਮਲ ਪਾਬੰਦੀ ਰਹੇਗੀ। ਸੂਬੇ ਵਿੱਚ ਸਿਰਫ ਗਰੀਨ ਪਟਾਕੇ ਹੀ ਵੇਚੇ ਜਾ ਸਕਦੇ ਹਨ। ਇਹ ਪਟਾਕੇ ਲਾਇਸੈਂਸ ਹਾਸਲ ਕੀਤੇ ਦੁਕਾਨਦਾਰਾਂ ਰਾਹੀਂ ਹੀ ਵੇਚੇ ਜਾ ਸਕਦੇ ਹਨ। ਕੋਈ ਵੀ ਲਾਇਸੈਂਸ ਹਾਸਲ ਵਿਕਰੇਤਾ ਲੜੀ ਵਾਲੇ ਪਟਾਕਿਆਂ ਦੀ ਨਾ ਤਾਂ ਵਿਕਰੀ ਕਰ ਸਕੇਗਾ ਅਤੇ ਨਾ ਹੀ ਡਿਸਪਲੇ ਕਰ ਸਕੇਗਾ। ਦੀਵਾਲੀ 'ਤੇ ਸਾਮ 8 ਤੋਂ 10 ਵਜੇ ਤੱਕ, ਗੁਰਪੁਰਬ ਮੌਕੇ 'ਤੇ ਸਵੇਰੇ 4 ਤੋਂ 5 ਵਜੇ ਤੱਕ ਅਤੇ ਰਾਤ 9 ਤੋਂ 10 ਵਜੇ ਤੱਕ, ਕ੍ਰਿਸਮਿਸ ਦੇ ਮੌਕੇ 'ਤੇ 25 ਅਤੇ 26 ਦਸੰਬਰ ਨੂੰ ਰਾਤ 11.55 ਤੋਂ 12.30 ਵਜੇ ਤੱਕ ਅਤੇ ਨਵੇਂ ਸਾਲ 'ਤੇ ਰਾਤ 11.55 ਤੋਂ 12.30 ਵਜੇ ਤੱਕ ਪਟਾਕੇ ਚਲਾ ਸਕਦੇ ਹਨ। ਜੇਕਰ ਕੋਈ ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਦਾ ਹੈ ਤਾਂ ਉਸ 'ਤੇ ਵਾਤਾਵਰਨ ਸੁਰੱਖਿਆ ਐਕਟ 1986 ਦੀ ਧਾਰਾ 15 ਅਤੇ ਆਈ. ਪੀ. ਸੀ. ਦੀ ਧਾਰਾ 188 ਤਹਿਤ ਕਾਰਵਾਈ ਕੀਤੀ ਜਾਵੇਗੀ।

# ਮੋਹਾਲੀ ਵਿਖੇ ਪੁਲਸ ਮੁਕਾਬਲੇ 'ਚ ਫੜੇ ਗਏ ਰਾਜਨ ਭੱਟੀ ਤੋਂ ਖਰੀਦ ਕੇ ਹੈਰੋਇਨ ਵੇਚਣ ਵਾਲੇ ਸਮੱਗਲਰ ਪੁਲਸ ਨੇ ਕੀਤੇ

ਚੰਡੀਗੜ੍ਹ 17 ਫਰਵਰੀ। ਚੰਡੀਗੜ੍ਹ ਪੁਲਸ ਨੇ ਹੈਰੋਇਨ ਸਣੇ 2 ਨਸ਼ਾ ਤਸਕਰਾਂ ਨੂੰ ਕਾਬੂ ਕਰਨ 'ਚ ਵੱਡੀ ਸਫਲਤਾ ਹਾਸਲ ਕੀਤੀ ਹੈ। ਫੜੇ ਗਏ ਸਮੱਗਲਰਾਂ ਦੇ ਅੰਤਰਰਾਸ਼ਟਰੀ ਗੈਂਗਸਟਰਾਂ ਨਾਲ ਸਬੰਧ ਹਨ। ਇਹ ਦੋਵੇਂ ਮੁਲਜ਼ਮ ਵੀਰਵਾਰ ਮੋਹਾਲੀ ਵਿਚ ਪੁਲਸ ਮੁਕਾਬਲੇ ਵਿਚ ਜ਼ਖਮੀ ਹੋਏ ਰਾਜਨ ਭੱਟੀ ਤੋਂ ਹੈਰੋਇਨ ਖਰੀਦ ਕੇ ਅੱਗੇ ਸਪਲਾਈ ਕਰਦੇ ਸਨ। ਕ੍ਰਾਈਮ ਬ੍ਰਾਂਚ ਨੇ ਦੋਵਾਂ ਨੂੰ ਅਦਾਲਤ ਵਿਚ ਪੇਸ਼ ਕਰ ਕੇ ਚਾਰ ਦਿਨ ਦੇ ਪੁਲਸ ਰਿਮਾਂਡ ਹਾਸਲ ਕਰ ਲਿਆ ਹੈ। ਕ੍ਰਾਈਮ ਬ੍ਰਾਂਚ ਰਾਜਨ ਭੱਟੀ ਨੂੰ ਵੀ ਪ੍ਰੋਡਕਸ਼ਨ ਵਾਰੰਟ 'ਤੇ ਲਿਆਵੇਗੀ। ਕ੍ਰਾਈਮ ਬ੍ਰਾਂਚ ਦੇ ਡੀ.ਐੱਸ.ਪੀ. ਉਦੈਪਾਲ ਸਿੰਘ ਦੇ ਹੁਕਮਾਂ 'ਤੇ ਐੱਸ.ਐੱਚ.ਓ. ਅਸ਼ੋਕ ਕੁਮਾਰ ਨੇ ਟੀਮ ਬਣਾਈ ਸੀ। ਟੀਮ ਨੇ ਗੁਪਤ ਸੂਚਨਾ ਦੇ ਆਧਾਰ 'ਤੇ ਸੈਕਟਰ-45 ਤੋਂ ਦੋ ਨਸ਼ਾ ਸਮੱਗਲਰਾਂ ਨੂੰ ਕਾਬੂ ਕੀਤਾ। ਇਨ੍ਹਾਂ ਦੀ ਪਛਾਣ ਸੈਕਟਰ-45 ਦੇ ਵਸਨੀਕ ਪਮੇਸ਼ ਅਰੋੜਾ ਅਤੇ ਡੇਰਾਬੱਸੀ ਥਾਣਾ ਖੇਤਰ ਦੇ ਪਿੰਡ ਭਨਕਪੁਰ ਵਾਸੀ ਹਰਜਿੰਦਰ ਸਿੰਘ ਉਰਫ਼ ਬਿੱਲਾ ਵਜੋਂ ਹੋਈ ਹੈ। ਸੂਚਨਾ ਮਿਲਣ 'ਤੇ ਡੀ.ਐੱਸ.ਪੀ. ਉਦੈਪਾਲ ਸਿੰਘ ਮੌਕੇ 'ਤੇ ਪਹੁੰਚੇ ਤੇ ਜਦੋਂ ਸਮੱਗਲਰਾਂ ਦੀ ਤਲਾਸ਼ੀ ਲਈ ਗਈ ਤਾਂ ਪਮੇਸ਼ ਅਰੋੜਾ ਕੋਲੋਂ 271.65 ਗ੍ਰਾਮ ਹੈਰੋਇਨ ਅਤੇ ਬਿੱਲਾ ਕੋਲੋਂ 20.62 ਗ੍ਰਾਮ ਹੈਰੋਇਨ ਬਰਾਮਦ ਹੋਈ। ਇਹ ਦੋਵੇਂ ਇਹ



ਹੈਰੋਇਨ ਗੈਂਗਸਟਰ ਰਾਜਨ ਭੱਟੀ ਤੋਂ ਲਿਆਉਂਦੇ ਸਨ। ਵੀਰਵਾਰ ਰਾਜਨ ਭੱਟੀ ਮੋਹਾਲੀ ਪੁਲਸ ਮੁਕਾਬਲੇ 'ਚ ਜ਼ਖਮੀ ਹੋ ਗਿਆ ਸੀ। ਦੋਵਾਂ ਸਮੱਗਲਰਾਂ ਤੋਂ ਪੁੱਛਗਿੱਛ ਦੌਰਾਨ ਰਾਜਨ ਦਾ ਨਾਂ ਸਾਹਮਣੇ ਆਉਣ ਤੋਂ ਬਾਅਦ ਕ੍ਰਾਈਮ ਬਰਾਂਚ ਹੁਣ ਉਸ ਨੂੰ ਪੁੱਛਗਿੱਛ ਲਈ ਪ੍ਰੋਡਕਸ਼ਨ ਵਾਰੰਟ 'ਤੇ ਲਿਆਉਣ ਦੀ ਤਿਆਰੀ ਕਰ ਰਹੀ ਹੈ। ਇਸ ਤੋਂ ਇਲਾਵਾ ਫਤਹਿਗੜ੍ਹ ਵਾਸੀ ਜੱਗਾ ਦਾ ਨਾਂ ਵੀ ਉਸ ਨਾਲ ਜੁੜਿਆ ਹੋਇਆ ਹੈ। ਪੁਲਸ ਨੇ ਉਸ ਦੀ ਗ੍ਰਿਫ਼ਤਾਰੀ ਲਈ ਯਤਨ ਸ਼ੁਰੂ ਕਰ ਦਿੱਤੇ ਹਨ। ਜਾਂਚ ਵਿਚ ਸਾਹਮਣੇ ਆਇਆ ਹੈ ਕਿ ਇਹ ਦੋਵੇਂ ਮਿਲ ਕੇ ਭਾਰੀ ਮਾਤਰਾ 'ਚ ਹੈਰੋਇਨ ਖਰੀਦਦੇ ਸਨ ਅਤੇ ਬਾਅਦ ਵਿਚ ਥੋੜ੍ਹੀ ਮਾਤਰਾ ਵਿਚ ਮਹਿੰਗੇ ਭਾਅ ਵੇਚਦੇ ਸਨ।

## ਬੱਸ 'ਚ ਹੋਇਆ ਹਾਈ ਵੋਲਟੇਜ ਡਰਾਮਾ, ਔਰਤ ਨੇ ਵਿਅਕਤੀ 'ਤੇ ਲਾਏ ਛੇੜਛਾੜ ਕਰਨ ਦੇ ਇਲਜਾਮ

ਲੁਧਿਆਣਾ 17 ਫਰਵਰੀ। ਸਮਰਾਲਾ ਚੌਂਕ 'ਚ ਲੁਧਿਆਣਾ ਤੋਂ ਚੰਡੀਗੜ੍ਹ ਜਾ ਰਹੀ ਬੱਸ 'ਚ ਹਾਈ ਵੋਲਟੇਜ ਡਰਾਮੇ ਤੋਂ ਬਾਅਦ ਥਾਣਾ ਡਿਵੀਜਨ ਨੰਬਵ 7 ਦੀ ਪੁਲਸ ਨੇ ਮੋਤੀ ਨਗਰ ਦੀ ਰਹਿਣ ਵਾਲੀ ਨੀਤੂ ਬੇਰਾ ਦੀ ਸ਼ਿਕਾਇਤ 'ਤੇ ਅਣਪਛਾਤੇ ਵਿਅਕਤੀ ਖਿ਼ਲਾਫ ਛੇੜਛਾੜ ਕਰਨ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਦਾ ਮਾਮਲਾ ਦਰਜ ਕੀਤਾ ਹੈ। ਜਿ਼ਕਰਯੋਗ ਹੈ ਕਿ ਇਸ ਡਰਾਮੇ ਦੀ ਵੀਡੀਓ ਕਾਫੀ ਵਾਇਰਲ ਹੋਈ ਸੀ, ਜਿਸ 'ਚ ਇਕ ਔਰਤ ਅਤੇ ਵਿਅਕਤੀ ਆਪਸ 'ਚ ਝਗੜਾ ਕਰ ਰਹੇ ਸੀ, ਜਦ ਕਿ ਬੱਸ 'ਚ ਹੋਰ ਮੌਜੂਦ ਸਵਾਰੀਆਂ ਵੀ ਉਸ ਵਿਅਕਤੀ ਦਾ ਸਾਥ ਦੇ ਰਹੀਆਂ ਸਨ। ਔਰਤ ਨੇ ਇਲਜਾਮ ਲਗਾਇਆ ਕਿ ਜਦੋਂ ਉਹ ਚੰਡੀਗੜ੍ਹ ਜਾਣ ਵਾਲੀ ਬੱਸ 'ਚ ਸਵਾਰ ਹੋਣ ਲੱਗੀ ਸੀ ਤਾਂ ਡਰਾਈਵਰ ਨੇ ਅਚਾਨਕ ਬੱਸ ਚਲਾ ਦਿੱਤੀ ਅਤੇ ਉਹ ਡਿੱਗਣ ਤੋਂ ਬਚ ਗਈ। ਜਦੋਂ ਉਸ ਨੇ ਇਸ ਦੀ ਸ਼ਿਕਾਇਤ ਡਰਾਈਵਰ ਅਤੇ ਕੰਡਕਟਰ ਨੂੰ ਕੀਤੀ ਤਾਂ ਇਕ ਵਿਅਕਤੀ ਨੇ ਉਸ ਨਾਲ ਦੁਰਵਿਵਹਾਰ ਕਰਨਾ ਸ਼ੁਰੂ ਕਰ ਦਿੱਤਾ ਅਤੇ ਬੱਸ ਰੁਕਵਾ ਕੇ ਔਰਤ ਦੀ ਬੇਇੱਜਤੀ, ਗਾਲੀ-ਗਲੋਚ ਕੀਤਾ ਅਤੇ ਧਮਕੀਆਂ ਦਿੱਤੀਆਂ ਅਤੇ ਫਿਰ ਉਸ ਦੀ ਬਾਂਹ ਫੜ ਕੇ ਉਸ ਨੂੰ ਧੱਕਾ ਦੇ ਬੱਸ ਤੋਂ ਉਤਾਰ

## ਫਿਰੋਜਪੁਰ 'ਚ ਮੇਲੇ ਦੌਰਾਨ ਵਾਪਰਿਆ ਵੱਡਾ ਹਾਦਸਾ

ਫਿਰੋਜਪੁਰ 17 ਫਰਵਰੀ। ਫਿਰੋਜਪੁਰ ਦੇ ਸਰਹੱਦੀ ਪਿੰਡ ਦੁਲਚੀਕੇ ਵਿਖੇ ਲੱਗੇ ਇਕ ਮੇਲੇ 'ਚ ਸ਼ਾਮ ਸਮੇਂ ਵੱਡਾ ਹਾਦਸਾ ਹੋਣ ਦੀ ਖਬਰ ਮਿਲੀ ਹੈ। ਇਸ ਹਾਦਸੇ 'ਚ ਇਕ 16 ਸਾਲਾ ਮੁੰਡੇ ਦੀ ਮੌਤ ਹੋ ਗਈ ਹੈ ਤੇ ਇਕ ਮੁੰਡਾ ਗੰਭੀਰ ਰੂਪ 'ਚ ਜਖਮੀ ਹੋ ਗਿਆ ਹੈ। ਪਰਿਵਾਰ ਵਾਲਿਆਂ ਨੇ ਦੋਸ਼ ਲਗਾਇਆ ਹੈ ਕਿ ਇਹ ਹਾਦਸਾ ਝੂਲਾ ਜਿ਼ਆਦਾ ਤੇਜ ਚਲਾਉਣ ਕਾਰਨ ਵਾਪਰਿਆ ਹੈ। ਮ੍ਰਿਤਕ ਦੀ ਲਾਸ਼ ਨੂੰ ਪੋਸਟਮਾਰਟਮ ਲਈ ਫਿਰੋਜਪੁਰ ਦੇ ਸਿਵਲ ਹਸਪਤਾਲ ਲਿਜਾਇਆ ਗਿਆ ਹੈ। ਮ੍ਰਿਤਕ ਦੇ ਪਿਤਾ ਜੋਗਿੰਦਰ ਸਿੰਘ ਨੇ ਦੱਸਿਆ ਕਿ ਉਹ ਆਪਣੇ ਮੁੰਡੇ ਨੂੰ ਨਾਲ ਲੈ ਕੇ ਕਾਲੂ ਵਾਲਾ ਪਿੰਡ ਤੋਂ ਦੁਲਚੀਕਾ ਮੇਲਾ ਦੇਖਣ ਆਇਆ ਸੀ। ਜਦੋਂ ਉਹ ਕਿਸ਼ਤੀ ਵਾਲੇ ਝੂਲੇ 'ਤੇ ਝੂਟੇ ਲੈ ਰਹੇ ਸਨ ਤਾਂ ਉਸ 'ਚ ਜਿ਼ਆਦਾ ਲੋਕਾਂ ਨੂੰ ਚੜ੍ਹਾਇਆ ਗਿਆ ਸੀ, ਕਈ ਲੋਕ ਕਹਿ ਰਹੇ ਸਨ ਕਿ ਝੂਲੇ ਨੂੰ ਹੋਰ ਤੇਜ ਚਲਾਇਆ ਜਾਵੇ। ਫਿਰ ਅਚਾਨਕ ਇਕ ਰੱਸੀ ਦੇ ਲਪੇਟੇ 'ਚ ਆ ਕੇ 4 ਬੱਚੇ ਝੂਲੇ ਤੋਂ ਹੇਠਾਂ ਡਿਗ ਗਏ। ਉਨ੍ਹਾਂ ਚੋਂ ਉਸ ਦੇ ਪੁੱਤਰ ਅਮਨਦੀਪ ਦੀ ਮੌਤ ਹੋ ਗਈ।

# ਭਿੰਡੀ ਸੈਦਾਂ ਪੁਲਸ ਨੇ 300 ਗ੍ਰਾਮ ਹੈਰੋਇਨ ਸਮੇਤ ਦੋ ਵਿਅਕਤੀਆਂ ਨੂੰ ਕੀਤਾ ਕਾਬੂ

ਅਜਨਾਲਾ 17 ਫਰਵਰੀ। ਪੰਜਾਬ ਸਰਕਾਰ ਤੇ ਪੁਲਿਸ ਜਿ਼ਲ੍ਹਾ ਅੰਮ੍ਰਿਤਸਰ ਦਿਹਾਤੀ ਵੱਲੋਂ ਨਸ਼ਿ਼ਆਂ ਖਿਲਾਫ ਵਿੱਡੀ ਮੁਹਿੰਮ ਤਹਿਤ ਸਰਹੱਦੀ ਪੁਲਸ ਥਾਣਾ ਭਿੰਡੀ ਸੈਦਾਂ ਨੂੰ ਉਸ ਸਮੇਂ ਵੱਡੀ ਸਫਲਤਾ ਹਾਸਿਲ ਹੋਈ ਜਦੋਂ ਉਨ੍ਹਾਂ ਦੋ ਵਿਅਕਤੀਆਂ ਨੂੰ 300 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਭਿੰਡੀ ਸੈਦਾਂ ਦੇ ਮੁੱਖ ਅਫਸਰ ਜਸਵਿੰਦਰ ਸਿੰਘ ਨੇ ਦੱਸਿਆ ਕਿ ਥਾਣੇਦਾਰ ਲਖਵਿੰਦਰ ਸਿੰਘ, ਪੁਲਸ ਮੁਲਾਜਮ ਗਗਨਦੀਪ ਸਿੰਘ ਤੇ ਸੁਖਦੇਵ ਸਿੰਘ ਸਮੇਤ ਪੁਲਸ ਪਾਰਟੀ ਗਸ਼ਤ ਦੌਰਾਨ ਸਰਹੱਦੀ ਪਿੰਡ ਭਿੰਡੀ ਔਲਖ ਪੁੱਜੀ। ਇਸ ਦੌਰਾਨ ਇਕ ਮੁਖਬਰ ਨੇ ਇਤਲਾਹ ਦਿੱਤੀ ਕਿ ਅਜੇਪਾਲ ਸਿੰਘ ਪੁੱਤਰ ਬਲਵਿੰਦਰ ਸਿੰਘ ਅਤੇ ਹਰਪਾਲ ਸਿੰਘ ਪੁੱਤਰ ਜੀਵਨ ਸਿੰਘ ਵਾਸੀ ਲੋਧੀਗੁਜਰ ਥਾਣਾ ਲੋਪੋਕੇ ਆਪਣੇ ਸੀ.ਟੀ. 100 ਮੋਟਰਸਾਈਕਲ 'ਤੇ ਭਿੰਡੀ ਨੈਨ ਤੋਂ ਹੈਰੋਇਨ ਦੀ ਖੇਪ ਲੈਣ ਲਈ ਗਏ ਹੋਏ ਹਨ। ਪੁਲਸ ਵਲੋਂ ਨਾਕਾਬੰਦੀ ਕਰਨ ਤੇ ਜਦੋ ਓਹੀ ਸੀ.ਟੀ. 100 ਮੋਟਰਸਾਈਕਲ ਵਾਲੇ ਦੋਵੇਂ ਨੌਜਵਾਨ ਆਏ, ਤਾਂ ਉਨ੍ਹਾਂ ਪੁਲਸ ਨੂੰ ਵੇਖ ਕੇ ਇਕਦਮ ਆਪਣਾ ਮੋਟਰਸਾਈਕਲ ਪਿੱਛੇ ਮੋੜਨ ਦੀ ਕੋਸ਼ਿਸ਼ ਕੀਤੀ ਪਰ ਪੁਲਸ ਨੇ ਦੋਵਾਂ ਨੂੰ ਮੌਕੇ ਤੇ ਕਾਬੂ ਕਰ ਲਿਆ। ਇਸ ਸਬੰਧੀ ਸਬ-ਡਵੀਜਨ ਅਟਾਰੀ ਤੇ ਡੀ.ਐਸ.ਪੀ ਗੁਰਿੰਦਰਪਾਲ ਸਿੰਘ ਨਾਗਰਾ ਨੂੰ ਸਾਰੀ ਜਾਣਕਾਰੀ ਦਿੱਤੀ, ਜਿਨ੍ਹਾਂ ਨੇ ਮੌਕਾ ਤੇ ਪਹੁੰਚ ਕੇ ਦੋਵਾਂ ਨੌਜਵਾਨਾਂ ਦੀ ਤਲਾਸ਼ੀ ਲਈ ਜਿਸ ਦੌਰਾਨ ਅਜੇਪਾਲ ਸਿੰਘ ਦੇ ਲੱਕ ਨਾਲ ਬੰਨੀ ਹੋਈ ਇਕ ਹੈਰੋਇਨ ਦੀ ਭਰੀ ਪਲਾਸਟਿਕ ਦੀ ਬੋਤਲ ਬਰਾਮਦ ਹੋਈ। ਉਸ ਨੂੰ ਖੋਲ੍ਹ ਕੇ ਤੋਲਣ 'ਤੇ ਉਸ ਵਿੱਚੋ 300 ਗ੍ਰਾਮ ਹੈਰੋਇਨ ਪਾਈ ਗਈ।ਪੁਲਸ ਵਲੋਂ ਉਕਤ ਦੋਵਾਂ ਵਿਅਕਤੀਆਂ ਖਿਲ਼ਾਫ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿਤੀ ਗਈ ਹੈ। ਥਾਣਾ ਮੁਖੀ ਨੇ ਅੱਗੇ ਦੱਸਿਆ ਕਿ ਇਨ੍ਹਾਂ ਵਿਅਕਤੀਆਂ ਦੇ ਪਾਕਿਸਤਾਨੀ ਸਮੱਗਲਰਾਂ ਨਾਲ ਸਬੰਧ ਹੋਣ ਦਾ ਵੀ ਸ਼ੱਕ ਹੈ

# ਸੰਸਾਰਿਕ ਭੁੱਖਮਰੀ ਸੂਚਕ ਅੰਕ 'ਚ 111ਵੇਂ ਸਥਾਨ 'ਤੇ ਭਾਰਤ

ਨਵੀਂ ਦਿੱਲੀ 17 ਫਰਵਰੀ। ਸੰਸਾਰਿਕ ਭੁੱਖਮਰੀ ਸੂਚਕ ਅੰਕ-2023 ਅਨੁਸਾਰ



ਭਾਰਤ ਦੁਨੀਆ ਦੇ 125 ਦੇਸ਼ਾਂ 'ਚ 111ਵੇਂ ਸਥਾਨ 'ਤੇ ਹੈ ਜਦਕਿ ਦੇਸ਼ 'ਚ 'ਚਾਈਲਡ ਵੇਸਟਿੰਗ' ਦੀ ਦਰ ਸਭ ਤੋਂ ਵੱਧ 18.7 ਫੀਸਦੀ ਹੈ। ਸੰਸਾਰਿਕ ਭੁੱਖਮਰੀ ਸੂਚਕ ਅੰਕ-2023 ਵੀਰਵਾਰ ਨੂੰ ਜਾਰੀ ਕੀਤਾ ਗਿਆ। ਪਿਛਲੇ ਸਾਲ ਭਾਰਤ ਦਾ ਦੁਨੀਆ ਦੇ 121 ਦੇਸ਼ਾਂ 'ਚ 107ਵਾਂ ਸਥਾਨ ਸੀ। ਸੰਸਾਰਿਕ ਭੁੱਖਮਰੀ ਸੂਚਕ ਅੰਕ (ਜੀ. ਐੱਸ. ਆਈ.) 'ਚ ਸੰਸਾਰਿਕ, ਖੇਤਰੀ ਅਤੇ ਰਾਸ਼ਟਰੀ ਪੱਧਰ 'ਤੇ ਭੁੱਖਮਰੀ ਨੂੰ ਵਿਸਥਾਰਤ ਢੰਗ ਨਾਲ ਮਾਪਿਆ ਜਾਂਦਾ ਹੈ। ਸੂਚਕ ਅੰਕ ਦੇ ਆਧਾਰ 'ਤੇ ਤਿਆਰ ਰਿਪੋਰਟ ਅਨੁਸਾਰ ਸੰਸਾਰਿਕ ਭੁੱਖਮਰੀ ਸੂਚਕ ਅੰਕ-2023 'ਚ ਭਾਰਤ ਨੂੰ 28.7 ਅੰਕ ਮਿਲੇ ਹਨ, ਜੋ ਭੁੱਖਮਰੀ ਦੇ ਗੰਭੀਰ ਪੱਧਰ ਵੱਲ ਇਸ਼ਾਰਾ ਕਰਦਾ ਹੈ। ਇਸ 'ਚ ਭਾਰਤ ਨਾਲੋਂ ਬਿਹਤਰ ਸਥਿਤੀ ਗੁਆਂਢੀ ਦੇਸ਼ਾਂ ਦੀ ਹੈ ਅਤੇ ਇਨ੍ਹਾਂ 'ਚ ਪਾਕਿਸਤਾਨ ਨੂੰ 102ਵਾਂ, ਬੰਗਲਾਦੇਸ਼ ਨੂੰ 81ਵਾਂ, ਨੇਪਾਲ ਨੂੰ 69ਵਾਂ ਅਤੇ ਸ਼੍ਰੀਲੰਕਾ ਨੂੰ 60ਵਾਂ ਸਥਾਨ ਦਿੱਤਾ ਗਿਆ ਹੈ। ਦੱਖਣੀ ਏਸ਼ੀਆ, ਅਫਰੀਕਾ ਦੇ ਸਹਾਰਾ ਖੇਤਰ ਦੇ ਦੱਖਣੀ ਹਿੱਸੇ ਦੁਨੀਆ ਦੇ ਉਹ ਇਲਾਕੇ ਹਨ, ਜਿਥੇ ਭੁੱਖਮਰੀ ਦੀ ਉੱਚ ਦਰ ਹੈ, ਜਿਨ੍ਹਾਂ ਦਾ ਜੀ. ਐੱਚ. ਆਈ. 27 ਹੈ, ਜੋ ਭੁੱਖਮਰੀ ਦੀ ਗੰਭੀਰਤਾ ਵੱਲ ਇਸ਼ਾਰਾ ਕਰਦਾ ਹੈ। ਰਿਪੋਰਟ ਅਨੁਸਾਰ ਦੁਨੀਆ 'ਚ ਭਾਰਤ ਅਜਿਹਾ ਦੇਸ਼ ਹੈ, ਜਿਥੇ ਚਾਈਲਡ ਵੇਸਟਿੰਗ ਦੀ ਦਰ ਸਭ ਤੋਂ ਵੱਧ 18.7 ਫੀਸਦੀ ਹੈ। ਚਾਈਲਡ ਵੇਸਟਿੰਗ ਦੀ ਸ਼੍ਰੇਣੀ 'ਚ ਉਹ ਬੱਚੇ ਆਉਂਦੇ ਹਨ, ਜਿਨ੍ਹਾਂ ਦਾ ਭਾਰ ਸਹੀ ਢੰਗ ਨਾਲ ਨਹੀਂ ਵਧਦਾ ਜਾਂ ਪੂਰਾ ਭੋਜਨ ਨਾ ਮਿਲਣ ਜਾਂ ਡਾਇਰੀਆ ਅਤੇ ਸਾਹ ਵਰਗੀਆਂ ਬੀਮਾਰੀਆਂ ਦੇ ਕਾਰਨ ਉਨ੍ਹਾਂ ਦਾ ਭਾਰ ਘੱਟ ਹੋ ਜਾਂਦਾ ਹੈ। ਭਾਰਤ 'ਚ ਕੁਪੋਸ਼ਣ ਦੀ ਦਰ ਵਧ ਕੇ 16.6 ਫੀਸਦੀ ਹੋ ਗਈ ਹੈ ਅਤੇ 5 ਸਾਲਾਂ ਤੋਂ ਘੱਟ ਉਮਰ ਦੇ ਬੱਚਿਆਂ 'ਚ ਮੌਤ ਦੀ ਦਰ 3.1 ਫੀਸਦੀ ਹੈ। ਰਿਪੋਰਟ ਅਨੁਸਾਰ ਭਾਰਤ 'ਚ 15 ਤੋਂ 24 ਸਾਲਾਂ ਦੀ ਉਮਰ ਦੀਆਂ ਔਰਤਾਂ 'ਚ ਅਨੀਮੀਆ ਦੀ ਦਰ ਵਧ ਕੇ 58.1 ਫੀਸਦੀ ਹੋ ਗਈ ਹੈ। ਸੰਸਾਰਿਕ ਭੁੱਖਮਰੀ ਸੂਚਕ ਅੰਕ ਤੋਂ ਸੰਕੇਤ ਮਿਲਦਾ ਹੈ ਕਿ 2015 ਤੱਕ ਸੰਸਾਰਿਕ ਭੁੱਖਮਰੀ 'ਚ ਸੁਧਾਰ ਹੋਣ ਦੇ ਬਾਅਦ ਤੋਂ ਹਾਲਾਤ ਮੋਟੇ ਤੌਰ 'ਤੇ ਸਥਿਰ ਬਣੇ ਹੋਏ ਹਨ।


# ਚਾਹ ਬੋਰਡ ਨੇ ਸਰਦੀਆਂ 'ਚ ਉਤਪਾਦਨ ਇਕਾਈਆਂ ਨੂੰ ਬੰਦ ਕਰਨ ਦਾ ਦਿੱਤਾ ਹੁਕਮ

ਕੋਲਕਾਤਾ 17 ਫਰਵਰੀ। ਚਾਹ ਬੋਰਡ ਨੇ ਅਗਲੇ ਸਾਲ ਦੀ ਪਹਿਲੀ ਛਿਮਾਹੀ ਵਿੱਚ ਬਿਹਤਰ ਫਸਲ ਲਈ ਉੱਤਰ ਭਾਰਤ ਵਿੱਚ ਸਰਦੀਆਂ 'ਚ ਚਾਹ ਉਤਪਾਦਕ ਖੇਤਰਾਂ 'ਚ ਉਤਪਾਦਨ ਇਕਾਈਆਂ ਨੂੰ ਬੰਦ ਕਰਨ ਦਾ ਹੁਕਮ ਦਿੱਤਾ ਹੈ। ਬੋਰਡ ਦੇ ਹੁਕਮ ਮੁਤਾਬਕ ਦਾਰਜਲਿੰਗ, ਸਿੱਕਮ, ਹਿਮਾਚਲ ਪ੍ਰਦੇਸ਼ ਅਤੇ ਉਤਰਾਖੰਡ ਦੇ ਸਾਰੇ ਚਾਹ ਕਾਰਖਾਨਿਆਂ ਲਈ ਹਰੀਆਂ ਪੱਤੀਆਂ ਤੋੜਨ ਜਾਂ ਲਿਆਉਣ ਦੀ ਆਖਰੀ ਮਿਤੀ 11 ਦਸੰਬਰ ਤੈਅ ਕੀਤੀ ਗਈ ਹੈ। ਉੱਥੇ ਹੀ ਪੱਛਮੀ ਬੰਗਾਲ ਦੇ ਦੁਆਰ ਅਤੇ ਤਰਾਈ ਖੇਤਰ ਅਤੇ ਬਿਹਾਰ ਲਈ ਮਿਤੀ 23 ਦਸੰਬਰ ਹੈ। ਇਸ ਤੋਂ ਇਲਾਵਾ ਦਾਰਜਲਿੰਗ, ਸਿੱਕਮ, ਹਿਮਾਚਲ ਪ੍ਰਦੇਸ਼ ਅਤੇ ਉਤਰਾਖੰਡ ਵਿੱਚ ਕਾਰਖਾਨਿਆਂ ਵਿੱਚ ਹਰੀਆਂ ਪੱਤੀਆਂ ਦੀ ਪ੍ਰੋਸੈਸਿੰਗ ਦੀ ਆਖਰੀ ਮਿਤੀ 13 ਦਸੰਬਰ, ਜਦ ਕਿ ਤਰਾਈ, ਦੁਆਰ ਅਤੇ ਬਿਹਾਰ ਲਈ ਮਿਤੀ 26 ਦਸੰਬਰ ਹੈ। ਆਦੇਸ਼ ਵਿੱਚ ਕਿਹਾ ਗਿਆ ਕਿ ਦਾਰਜਲਿੰਗ, ਸਿੱਕਮ, ਹਿਮਾਚਲ ਪ੍ਰਦੇਸ਼ ਅਤੇ ਉਤਰਾਖੰਡ ਲਈ ਛਾਂਟੀ, ਪੈਕਿੰਗ ਅਤੇ ਪੈਕ ਕੀਤੀ ਗਈ ਚਾਹ ਨੂੰ ਨੋਟੀਫਾਈਡ ਸਟੋਰੇਜ ਖੇਤਰਾਂ 'ਚ ਬਿੱਲ ਮਾਰਕਿੰਗ ਦੇ ਨਾਲ ਲਿਜਾਣ ਦੀ ਆਖਰੀ ਮਿਤੀ 26 ਦਸੰਬਰ ਹੋਵੇਗੀ। ਪੱਛਮੀ ਬੰਗਾਲ ਦੇ ਦੁਆਰ ਅਤੇ ਤਰਾਈ ਖੇਤਰ ਅਤੇ ਬਿਹਾਰ ਵਿੱਚ ਸੀ. ਟੀ. ਸੀ. ਕਿਸਮ ਲਈ 6 ਜਨਵਰੀ 2024 ਅਤੇ



ਹਰੀ ਚਾਹ ਦੀਆਂ ਕਿਸਮਾਂ ਲਈ 11 ਜਨਵਰੀ 2024 ਦੀ ਮਿਤੀ ਤੈਅ ਕੀਤੀ ਗਈ ਹੈ। ਚਾਹ ਉਦਯੋਗ ਮੁਤਾਬਕ 'ਵਿੰਟਰ ਡਾਰਮੈਂਸੀ' ਕਾਰਨ ਚਾਹ ਬਾਗਾਂ ਨੂੰ ਬੰਦ ਕੀਤਾ ਗਿਆ ਹੈ। ਇਸ ਮਿਆਦ ਵਿੱਚ ਚਾਹ ਦੀਆਂ ਝਾੜੀਆਂ ਵਧਦੀਆਂ ਨਹੀਂ ਹਨ। ਬ੍ਰਿਟੇਨ ਸਥਿਤ ਕੈਮੇਲੀਆ ਪੀ. ਐੱਲ. ਸੀ. ਦਾ ਇਕ ਹਿੱਸਾ ਚਾਹ ਕੰਪਨੀ ਗੁਡਰਿਕ ਗਰੁੱਪ ਲਿਮਟਿਡ ਇਸ ਵਿੱਤੀ ਸਾਲ ਵਿੱਚ ਮੁਨਾਫੇ ਵਿੱਚ ਪਰਤਣ ਦੀ ਉਮੀਦ ਕਰ ਰਹੀ ਹੈ। ਦਾਰਜਲਿੰਗ ਵਿੱਚ ਕੰਪਨੀ ਦੇ ਮੈਨੇਜਿੰਗ ਡਾਇਰੈਕਟਰ ਅਤੇ ਮੁੱਖ ਕਾਰਜਕਾਰੀ ਅਧਿਕਾਰੀ (ਸੀ. ਈ. ਓ.) ਅਤੁਲ ਅਸਥਾਨਾ ਨੇ ਕਿਹਾ ਕਿ ਕੰਪਨੀ ਨੂੰ ਇਸ ਸਾਲ ਚਾਹ ਉਤਪਾਦਨ ਵਿੱਚ ਲਗਭਗ 3.2 ਕਰੋੜ ਕਿਲੋਗ੍ਰਾਮ ਦੇ ਵਾਧੇ ਦੀ ਉਮੀਦ ਹੈ, ਜਿਸ ਵਿੱਚ ਉਸ ਦੀਆਂ ਤਿੰਨ ਸਹਾਇਕ ਕੰਪਨੀਆਂ ਦਾ ਉਤਪਾਦਨ ਵੀ ਸ਼ਾਮਲ ਹੈ। ਹਾਲਾਂਕਿ ਚਾਹ ਦੀਆਂ ਘੱਟ ਕੀਮਤਾਂ ਕਾਰਨ ਚਾਲੂ ਵਿੱਤੀ ਸਾਲ 'ਚ ਮਾਲੀਏ 'ਚ ਕਮੀ ਆਉਣ ਦੀ ਸੰਭਾਵਨਾ ਚਿੰਤਾ ਦਾ ਵਿਸ਼ਾ ਬਣ ਗਈ ਹੈ। ਅਸਥਾਨਾ ਨੇ ਇਕ ਇੰਟਰਵਿਊ 'ਚ ਇਸ ਸਬੰਧੀ ਕਿਹਾ ਕਿ ਗੁਡਰਿਕ ਅਤੇ ਉਸ ਦੀਆਂ ਸਹਾਇਕ ਕੰਪਨੀਆਂ ਮਿਲ ਕੇ ਸਾਲਾਨਾ ਕਰੀਬ 3 ਕਰੋੜ ਕਿਲੋਗ੍ਰਾਮ ਦਾ ਉਤਪਾਦਨ ਕਰਦੀਆਂ ਹਨ। ਇਸ ਸਾਲ ਸਥਿਰ ਵਾਧਾ ਹੋਵੇਗਾ, ਕਿਉਂਕਿ ਉਤਪਾਦਨ 3.2 ਕਰੋੜ ਕਿਲੋਗ੍ਰਾਮ ਹੋਣ ਦੀ ਉਮੀਦ ਹੈ। ਪੂਰੇ ਸਮੂਹ ਦਾ ਮਾਲੀਆ ਪਿਛਲੇ ਸਾਲ ਕਰੀਬ 1200 ਕਰੋੜ ਰੁਪਏ ਸੀ ਪਰ ਚਾਲੂ ਵਿੱਤੀ ਸਾਲ ਵਿੱਚ ਕੀਮਤਾਂ ਵਿੱਚ ਘੱਟ ਹੋਣ ਕਾਰਨ ਕਾਰੋਬਾਰ ਵਿੱਚ ਗਿਰਾਵਟ ਦੇਖੀ ਜਾ ਸਕਦੀ ਹੈ।

ACCESS TO JUSTICE FOR ALL
सत्यमेव जयते
भारत 2023 INDIA
ਰਾਸ਼ਟਰੀ ਵਿਧਿਕ ਸੇਵਾਵਾਂ ਪ੍ਰਾਧਿਕਰਣ
ਦੇ ਤਤਵਾਧਾਨ 'ਚ
ਦਿੱਲੀ ਰਾਜ ਵਿਧਿਕ ਸੇਵਾਵਾਂ ਪ੍ਰਾਧਿਕਰਣ
ਨੇਸ਼ਨਲ ਲੋਕ ਅਦਾਲਤ
ਦਾ ਆਯੋਜਨ ਕਰਨ ਜਾ ਰਹੀ ਹੈ
ਸ਼ਨੀਵਾਰ, 09 ਮਰਚ, 2024



ਸਾਰੇ ਪ੍ਰਕਾਰ ਦੇ ਸਿਵਿਲ ਅਤੇ ਕ੍ਰਿਮਿਨਲ ਕੰਪਾਊਂਡੇਬਲ ਮਾਮਲਿਆਂ ਦੇ ਆਪਸੀ ਸੁਲਹ ਤੋਂ ਨਿਪਟਾਰੇ ਲਈ
ਸਵੇਰੇ 10.00 ਵਜੇ ਤੋਂ ਸ਼ਾਮ 4.00 ਵਜੇ ਤਕ
ਦਿੱਲੀ ਉਚ ਨਿਆਲਿਆ, ਸਾਰੇ ਜਿਲ੍ਹਾ ਨਿਆਲਿਆਂ, ਰਿਣ ਵਸੂਲੀ ਨਿਆਧਿਕਰਣ (DRT), ਦਿੱਲੀ ਰਾਜ ਉਪਭੋਗਤਾ ਵਿਵਾਣ ਨਿਵਾਰਣ ਆਯੋਗ, ਜਿਲ੍ਹਾ ਉਭਭੋਗਤਾ ਵਿਵਾਦ ਨਿਵਾਰਣ ਆਯੋਗ, ਦਿੱਲੀ ਅਤੇ ਸਥਾਈ ਲੋਕ ਅਦਾਲਤ ਆਓ

- ਵਾਦੀ ਜਾਂ ਪ੍ਰਤਿਵਾਦੀ ਆਪਣੇ ਮਾਮਲਿਆਂ/ਚਾਲਾਨਾਂ ਨੂੰ ਲੋਕ ਅਦਾਲਤ 'ਚ ਲਗਵਾਉਣ 'ਚ ਲਈ ਸੰਬੰਧਿਤ ਨਿਆਲਿਆ ਦੇ ਮੁਹਰੇ ਆਵੇਦਨ ਦੇ ਸਕਦੇ ਹਨ ਜਿਥੇ ਉਨ੍ਹਾਂ ਦੇ ਮਾਮਲੇ/ਚਾਲਾਨ ਲੰਬਿਤ ਹੈ।
- ਹੁਣ ਤਕ ਜੋ ਮਾਮਲੇ ਨਿਆਲਿਆ 'ਚ ਦਾਖਿਲ ਨਹੀਂ ਹੋਏ ਹੈ ਉਨ੍ਹਾਂ ਲਈ ਦਿੱਲੀ ਰਾਜ ਵਿਧਿਕ ਸੇਵਾਵਾਂ ਪ੍ਰਾਧਿਕਰਣ ਦੇ ਦਫ਼ਤਰ ਜਾਂ ਈ-ਮੇਲ 'ਤੇ ਆਵੇਦਨ 01 ਮਾਰਚ, 2024 ਤਕ ਸਕਦੇ ਹਨ।

ਲੋਕ ਅਦਾਲਤ 'ਚ ਹੇਠਲਿਖਤ ਸ਼੍ਰੇਣੀਆਂ ਦੇ ਮਾਮਲੇ ਲਏ ਜਾਣਗੇ:-

(i) ਅਪਰਾਧਿਕ ਕੰਪਾਊਂਡੇਬਲ ਮਾਮਲੇ;
(ii) ਧਾਰਾ 138 ਐਨ.ਆਈ. ਅਧਿਨਿਯਮ ਦੇ ਤਹਿਤ ਚੈਕ ਬਾਊਂਸ ਦੇ ਮਾਮਲੇ;
(iii) ਧਨ ਵਸੂਲੀ ਦੇ ਮਾਮਲੇ;
(iv) ਮੋਟਰ ਦੁਰਘਟਨਾ ਦਾਵਾ ਮਾਮਲੇ (ਐਮਏਸੀਟੀ);
(v) ਸ਼੍ਰਮ ਵਿਵਾਦ ਦੇ ਮਾਮਲੇ;
(vi) ਬਿਜਲੀ ਅਤੇ ਪਾਣੀ ਦੇ ਬਿਲ ਦੇ ਮਾਮਲੇ;
(vii) ਵੈਵਾਹਿਕ ਵਿਵਾਦ (ਤਲਾਕ ਨੂੰ ਛੱਡਕੇ);
(viii) ਭੂਮਿ ਅਧਿਗ੍ਰਹਿਣ ਦੇ ਮਾਮਲੇ;
(ix) ਵੇਤਨ ਅਤੇ ਭੱਤਿਆਂ ਅਤੇ ਸੇਵਾਨਿਵ੍ਰਤੀ ਲਾਭਾਂ ਤੋਂ ਸੰਬੰਧਿਤ ਸੇਵਾ ਮਾਮਲੇ;
(x) ਰਾਜਸਵ ਮਾਮਲੇ (ਜੋਕਿ ਕੇਵਲ ਜਿਲ੍ਹਾ ਨਿਆਲਿਆਂ ਅਤੇ ਉਚ ਨਿਆਲਿਆਂ 'ਚ ਲੰਬਿਤ);
(xi) ਹੋਰ ਦੀਵਾਨੀ ਮਾਮਲੇ;
(xii) ਕੰਪਾਊਂਡੇਬਲ ਟ੍ਰੈਫਿਕ ਚਾਲਾਨ

ਟ੍ਰੈਫਿਕ ਚਾਲਾਨ ਦੇ ਲਈ:-

- ਵਰਚੁਅਲ ਟ੍ਰੈਫਿਕ ਕੋਰਟ 'ਚ 30.11.2023 ਤਕ ਲੰਬਿਤ ਕੰਪਾਊਂਡੇਬਲ ਚਾਲਾਨ/ਨੋਟਿਸ ਇਸ ਲੋਕ ਅਦਾਲਤ 'ਚ ਲਏ ਜਾਣਗੇ।
- ਚਾਲਾਨ ਡਾਉਨਲੋਡ ਕਿਵੇਂ ਕਰੀਏ ਕਿ ਤਰੀਕੇ ਨੂੰ ਜਾਨਣ ਦੇ ਲਈ ਕਿਊਆਰ ਕੋਡ ਨੰ. 1 ਨੂੰ ਸਕੈਨ ਕਰੋ।
- ਵਾਦੀਆਂ ਵਲੋਂ ਚਾਲਾਨ ਪਰਚੀਆਂ ਸਿੱਧੇ http://traffic.delhipolice.gov.in/notice/lokadalat ਦੇ ਲਿੰਕ ਤੋਂ ਜਾਂ ਹੇਠਾਂ ਦਿੱਤੇ ਗਏ ਕਿਊਆਰ ਕੋਡ ਨੰ. 2 ਨੂੰ ਸਕੈਨ ਦੇ ਮਾਧਿਅਮ ਤੋਂ ਹੀ ਡਾਊਨਲੋਡ ਕੀਤੀ ਜਾ ਸਕਦੀ ਹੈ। ਵਾਦੀਆਂ ਜਾਂ ਉਨ੍ਹਾਂ ਦੇ ਅਧਿਵਕਤਾਵਾਂ ਨੂੰ ਲੋਕ ਅਦਾਲਤ ਦੇ ਦਿਨ ਵਿਸ਼ੇਸ਼ ਨਿਆਲਿਆ ਪਰਿਸਰ (ਉਨ੍ਹਾਂ ਦੇ ਚਯਨ ਦੇ ਅਨੁਸਾਰ) ਜਾਣਾ ਹੋਵੇਗਾ ਅਤੇ ਆਪਣੇ ਚਾਲਾਨ ਦੇ ਨਿਪਟਾਰੇ ਦੇ ਲਈ ਸੰਬੰਧਿਤ ਲੋਕ ਅਦਾਲਤ ਨਿਆਧੀਸ਼ ਦੇ ਮੁਹਰੇ ਪਰਚੀ ਦਾ ਪ੍ਰਿੰਟਆਊਟ ਪੇਸ਼ ਕਰਨਾ ਹੋਵੇਗਾ।
- ਨੇਸ਼ਨਲ ਲੋਕ ਅਦਾਲਤ ਦੇ ਲਈ ਟ੍ਰੈਫਿਕ ਚਾਲਾਨ ਡਾਊਨਲੋਡ ਕਰਨ ਦੇ ਲਈ ਉਪਰੋਕਤ ਲਿੰਕ 05 ਮਾਰਚ, 2024 ਨੂੰ ਸਵੇਰੇ 10 ਵਜੇ ਤੋਂ 1.80 ਲੱਖ ਚਾਲਾਨ ਡਾਊਨਲੋਡ ਹੋਣ ਤਕ ਦਿੱਲੀ ਟ੍ਰੈਫਿਕ ਪੁਲਿਸ ਦੀ ਵੇਬਸਾਈਟ ਅਤੇ ਡੀਐਸਐਲਐਸਏ ਦੀ ਵੇਬਸਾਈਟ 'ਤੇ ਉਪਲਬਧ ਕਰਾਏ ਜਾਣਗੇ।
- ਚਾਲਾਨ ਪਰਚੀਆਂ ਅਤੇ ਨਿਆਲਿਆ ਪਰਿਸਰ, ਨਿਆਲਿਆ ਸੰਖਿਆ ਅਤੇ ਲੋਕ ਅਦਾਲਤ ਦੇ ਸਮੇਂ ਦਾ ਜ਼ਿਕਰ ਹੋਵੇਗਾ।

ਕਿਊਆਰ ਕੋਡ-1 ਚਾਲਾਨ ਕਿਵੇਂ ਡਾਊਨਲੋਡ ਕਰੀਏ ਕਿ ਲਈ ਸਕੈਨ ਕਰੋ

ਮੁਕੇਸ਼ ਕੁਮਾਰ ਗੁਪਤਾ
ਮੈਂਬਰ ਸਚਿਵ
ਦਿੱਲੀ ਰਾਜ ਵਿਧਿਕ ਸੇਵਾਵਾਂ ਪ੍ਰਾਧਿਕਰਨ

ਕਿਊਆਰ ਕੋਡ-2 ਚਾਲਾਨ ਡਾਊਨਲੋਡ ਦੇ ਲਈ ਸਕੈਨ ਕਰੋ

ਲੋਕ ਅਦਾਲਤ ਦੇ ਮਾਧਿਅਮ ਤੋਂ ਵਿਵਾਦਾਂ ਦਾ ਛੇਤੀ ਨਿਪਟਾਰਾ ਅਤੇ ਸੋਹਾਰਦਪੂਰਣ ਸਮਾਧਾਨ ਹੁੰਦਾ ਹੈ ਅਤੇ ਭੁਗਤਾਨ ਕੀਤੀ ਗਈ ਅਦਾਲਤੀ ਫੀਸ ਦੀ ਵਾਪਸੀ ਸੁਨਿਸ਼ਚਿਤ ਹੁੰਦੀ ਹੈ।
ਲੋਕ ਅਦਾਲਤ 'ਚ ਪਾਰਿਤ ਅਵਾਰਡ ਵਿਵਾਦ ਦੇ ਸਾਰੇ ਪੱਖਾਂ ਦੇ ਲਈ ਅੰਤਿਮ ਅਤੇ ਬਾਧਯਕਾਰੀ ਹੁੰਦਾ ਹੈ ਅਤੇ ਇਸ ਅਵਾਰਡ ਦੇ ਖਿਲਾਫ਼ ਕਿਸੀ ਵੀ ਅਦਾਲਤ 'ਚ ਅਪੀਲ ਨਹੀਂ ਹੁੰਦੀ।
(ਲੋਕ ਅਦਾਲਤ/ਡੀਐਸਐਲਐਸਏ ਕਰਮਚਾਰੀ ਦੇ ਨਾਮ ਤੋਂ ਧੋਖਾਧੜੀ ਕੱਾਲ ਤੋਂ ਸਾਵਧਾਨ ਰਹਿਣ।
ਕਿਸੀ ਵੀ ਪ੍ਰਕਾਰ ਦੀ ਜਾਣਕਾਰੀ ਦੇ ਲਈ ਸੰਪਰਕ ਕਰੋ:-
ਦਿੱਲੀ ਰਾਜ ਵਿਧਿਕ ਸੇਵਾਵਾਂ ਪ੍ਰਾਧਿਕਰਣ
ਕੇਂਦਰੀ ਦਫ਼ਤਰ, ਤੀਸਰੀ ਮੰਜਿਲ ਰਾਊਜ ਏਵੇਨਿਊ ਜਿਲ੍ਹਾ ਨਿਆਲਿਆ ਪਰਿਸਰ, ਨਵੀਂ ਦਿੱਲੀ-110002
ਫੋਨ: 011-23232124 । ਈਮੇਲ: lokadalatwing-dslsa@nic.in । ਵੇਬਸਾਈਟ: www.dslsa.org
ਟੋਲ ਫ੍ਰੀ ਹੇਲਪਲਾਈਨ ਨੰ. 1516 (24x7)

# ਨਿੱਕੀ ਦੁਨੀਆ



## ਦੁਨੀਆ ਦੇ ਅਜੀਬ ਫੁੱਲ

### ਸਭ ਤੋਂ ਵੱਡਾ ਫੁੱਲ

ਬੱਚਿਓ! ਤੁਸੀ ਅੱਜ ਤਕ ਸਭ ਤੋਂ ਵੱਡਾ ਖਿੜਿਆ ਹੋਇਆ ਫੁੱਲ ਕਿਹੜਾ ਦੇਖਿਆ ਹੈ? ਸ਼ਾਇਦ ਡਹੇਲੀਆ ਜਾਂ ਲੋਟਸ। ਹੈ ਨਾ!!! ਜਦੋਂ ਰਫਲੇਸੀਆ ਖਿੜਦਾ ਹੈ ਤਾਂ ਇਸ ਦਾ ਡਾਇਆਮੀਟਰ ਤਿੰਨ ਫੁੱਟ ਦਾ ਹੋ ਜਾਂਦਾ ਹੈ ਭਾਵ ਇਕ ਸੀਲਿੰਗ ਫੈਨ ਦੇ ਡਾਇਆਮੀਟਰ ਤੋਂ ਵੀ ਵੱਡਾ। ਇਸ ਦਾ ਭਾਰ 10 ਕਿੱਲੋ ਤੋਂ ਵੀ ਜ਼ਿਆਦਾ ਹੁੰਦਾ ਹੈ। ਇਹ ਦੁਨੀਆ ਦਾ ਸਭ ਤੋਂ ਵੱਡਾ ਫੁੱਲ ਹੈ। ਇਸ ਨੂੰ ਦੇਖਣ ਲਈ ਤੁਹਾਨੂੰ ਇੰਡੋਨੇਸ਼ੀਆ ਜਾਂ ਮਲੇਸ਼ੀਆ ਦੇ ਰੇਨਫਾਰੇਸਟ 'ਚ ਜਾਣਾ ਪਵੇਗਾ। ਹਾਂ, ਪਰ ਇਸ ਕੋਲ ਜਾਣ ਤੋਂ ਪਹਿਲਾਂ ਆਪਣੇ ਨੱਕ 'ਤੇ ਰੁਮਾਲ ਜ਼ਰੂਰ ਰੱਖ ਲਿਓ, ਕਿਉਂਕਿ ਇਸ 'ਚੋਂ ਖ਼ੁਸ਼ਬੋ ਨਹੀ ਬਲਕਿ ਸੜੇ ਮਾਸ ਵਰਗੀ ਗੰਧ ਆਉਂਦੀ ਹੈ।



### ਦਸ ਫੁੱਟਾ ਫੁੱਲ



ਇਹ ਫੁੱਲ ਕਾਫ਼ੀ ਲੰਬਾ ਹੁੰਦਾ ਹੈ। ਜਦੋਂ ਇਹ ਪੂਰੀ ਤਰ੍ਹਾਂ ਖਿੜਦਾ ਹੈ ਤਾਂ ਇਸ ਦੀ ਲੰਬਾਈ ਲਗਪਗ ਦਸ ਫੁੱਟ ਤਕ ਹੋ ਜਾਂਦੀ ਹੈ। ਭਾਵ ਤੁਹਾਡੇ ਕਮਰੇ ਜਿੰਨਾ ਉੱਚਾ। ਇਸ ਦੇ ਇਕ ਡੰਡਲ 'ਤੇ ਕਈ ਫੁੱਲ ਖਿੜਦੇ ਹਨ। ਰਫਲੇਸੀਆ ਦੀ ਤਰ੍ਹਾਂ ਇਸ 'ਚੋਂ ਸੜੇ ਮਾਸ ਵਰਗੀ ਗੰਧ ਆਉਂਦੀ ਹੈ। ਇਹ ਵੀ ਇੰਡੋਨੇਸ਼ੀਆ 'ਚ ਮਿਲਦਾ ਹੈ।

### ਮੱਖੀ ਵਰਗਾ ਫੁੱਲ

ਇਸ ਫੁੱਲ ਨੂੰ 'ਫਲਾਈ ਓਰਕਿਡ' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਹ ਯੂਰਪ 'ਚ ਪਾਇਆ ਜਾਂਦਾ ਹੈ ਅਤੇ ਦੇਖਣ 'ਚ ਇਕ ਮੱਖੀ ਵਰਗਾ ਹੁੰਦਾ ਹੈ। ਇੰਨਾ ਹੀ ਨਹੀਂ, ਇਹ ਪਰਪਰਾਗਣ ਲਈ ਪੂਰੀ ਤਰ੍ਹਾਂ ਮੱਖੀਆਂ 'ਤੇ ਹੀ ਨਿਰਭਰ ਹੈ।






### ਬਾਂਦਰ ਵਰਗਾ ਫੁੱਲ

ਬਾਂਦਰ ਦੇ ਚਿਹਰੇ ਵਾਂਗ ਦਿਖਾਈ ਦੇਣ ਵਾਲੇ ਇਸ ਫੁੱਲ ਨੂੰ ਦੇਖ ਕੇ ਕਿਸੇ ਨੂੰ ਵੀ ਹਾਸਾ ਆ ਸਕਦਾ ਹੈ। ਇੰਨਾ ਹੀ ਨਹੀਂ, ਨੁਕੀਲੇ ਦੰਦਾਂ ਵਰਗੇ ਪੱਤਿਆਂ ਦੀ ਵਜ੍ਹਾ ਨਾਲ ਇਸ ਫੁੱਲ ਨੂੰ ਡ੍ਰੈਕਿਉਲਾ ਸੀਮੀਆ ਵੀ ਕਹਿੰਦੇ ਹਨ। ਇਸ ਦੀ ਖ਼ੁਸ਼ਬੂ ਪੱਕੇ ਹੋਏ ਸੰਤਰੇ ਦੀ ਤਰ੍ਹਾਂ ਹੁੰਦੀ ਹੈ। ਇਹ ਈਕਵਾਡੋਰ ਅਤੇ ਪੇਰੂ 'ਚ ਪਾਇਆ ਜਾਂਦਾ ਹੈ।







### ਰੱਖਾਂ ਦੇ ਬਜ਼ੁਰਗ

ਇਹ ਦਰੱਖ਼ਤ 80,000 ਸਾਲ ਪੁਰਾਣੇ ਹਨ ਇਸ ਲਈ ਇਨ੍ਹਾਂ ਨੂੰ ਦੁਨੀਆ ਦੇ ਸਭ ਤੋਂ ਪੁਰਾਣੇ ਦਰੱਖ਼ਤਾਂ 'ਚੋਂ ਇਕ ਮੰਨਿਆ ਜਾਂਦਾ ਹੈ। ਇਸ 'ਚ ਫੁੱਲ ਘੱਟ ਹੀ ਦੇਖਣ ਨੂੰ ਮਿਲਦੇ ਹਨ। ਜਦੋਂ ਫੁੱਲ ਖਿੜਦੇ ਹਨ ਤਾਂ ਬਹੁਤ ਛੋਟੇ ਆਕਾਰ ਦੇ ਹੁੰਦੇ ਹਨ। ਇਨ੍ਹਾਂ ਦਰੱਖ਼ਤਾਂ ਦੀ ਖ਼ਾਸ ਗੱਲ ਇਹ ਹੈ ਕਿ ਇਨ੍ਹਾਂ ਦੀ ਇਕ ਜੜ੍ਹ ਤੋਂ ਹਜ਼ਾਰਾਂ ਦਰੱਖ਼ਤ ਉੱਗਦੇ ਹਨ।

## ਰੋਬੋਟ ਸੈਂਡੀ

ਬੱਚਿਓ! ਤੁਸੀ ਅਲਾਦੀਨ ਦੇ ਜਿੰਨ ਦੀਆਂ ਕਹਾਣੀਆਂ ਸੁਣੀਆਂ ਹੋਣਗੀਆਂ। ਜਿੰਨ ਹਰ ਸੁਪਨਾ ਪੂਰਾ ਕਰਦਾ ਸੀ। ਜੇ ਤੁਸੀਂ ਵੀ ਆਪਣੇ ਹਰ ਸੁਪਨੇ ਨੂੰ ਪੂਰਾ ਕਰਨਾ ਚਾਹੁੰਦੇ ਹੋ ਤਾਂ ਉਸ ਲਈ ਇਕ ਰੋਬੋਟ ਤੁਹਾਡੀ ਮਦਦ ਕਰ ਸਕਦਾ ਹੈ। ਸੈਂਡੀ ਨਾਂ ਦਾ ਇਹ ਰੋਬੋਟ, ਪਹਿਲਾ ਹਿਊਮਨਵਾਈਡ ਰੋਬੋਟ ਹੈ। ਬਨਾਵਟੀ ਸ਼ਕਤੀਆਂ ਭਰਪੂਰ ਸੈਂਡੀ ਤੁਹਾਡੇ ਘਰ ਦਾ ਹਰ ਕੰਮ, ਬੈਂਕ, ਹਸਪਤਾਲ, ਹੋਟਲ ਆਦਿ 'ਚ ਸੇਵਾਵਾਂ ਦੇਣ ਲਈ ਸਾਥ ਦੇ ਸਕਦਾ ਹੈ...

ਸੈਂਡੀ ਨਾਂ ਦਾ ਇਹ ਰੋਬੋਟ ਬਹੁਤ ਜਲਦ ਤੁਹਾਨੂੰ ਵੱਖ-ਵੱਖ ਕੰਮ ਕਰਦੇ ਹੋਏ ਦਿਖਾਈ ਦੇ ਸਕਦਾ ਹੈ। ਇਹ ਹਰ ਛੋਟੇ ਤੋਂ ਲੈ ਕੇ ਵੱਡੇ ਕੰਮ ਕਰਨ ਦੇ ਸਮਰੱਥ ਹੈ। ਪੰਜ ਫੁੱਟ ਦੀ ਲੰਬਾਈ ਵਾਲਾ ਇਹ ਰੋਬੋਟ ਕਈ ਕੰਮਾਂ ਨੂੰ ਇਕੋ ਸਮੇਂ ਪੂਰਾ ਕਰਨ ਦੇ ਸਮਰੱਥ ਹੈ। ਇਹ ਤੁਹਾਡਾ ਦੋਸਤ ਵੀ ਬਣੇਗਾ ਤੇ ਅਧਿਆਪਕ ਵੀ।

### ਅਸਲੀ-ਨਕਲੀ ਨੋਟ ਦੀ ਪਛਾਣ

ਇਸ 'ਚ ਲੱਗਿਆ ਹਾਈ ਸਪੀਡ ਕੈਮਰਾ ਇੰਨਾ ਸ਼ਕਤੀਸ਼ਾਲੀ ਹੈ ਕਿ ਇਸੇ ਨੂੰ ਇਕ ਬੈਂਕਰ ਦੇ ਹਿਸਾਬ ਨਾਲ ਢਾਲਣ 'ਤੇ ਇਹ ਅਸਲੀ ਅਤੇ ਨਕਲੀ ਨੋਟ 'ਚ ਵੀ ਆਸਾਨੀ ਨਾਲ ਫ਼ਰਕ ਕਰ ਸਕੇਗਾ। ਸੈਂਡੀ ਇਮੇਜ਼ ਪ੍ਰੋਸੈਸਿੰਗ ਤਕਨੀਕ ਦੀ ਮਦਦ ਨਾਲ ਅਸਲੀ-ਨਕਲੀ ਨੋਟਾਂ 'ਚ ਫ਼ਰਕ ਕਰਨ 'ਚ ਮਦਦਗਾਰ ਸਾਬਤ ਹੋ ਸਕਦਾ ਹੈ। ਇਸ 'ਚ ਲੱਗੇ ਕੈਮਰੇ 360 ਡਿਗਰੀ 'ਤੇ ਘੁੰਮ ਸਕਦੇ ਹਨ, ਜਿਸ ਕਾਰਨ ਇਹ ਬੈਂਕ ਦੀ 24 ਘੰਟੇ ਨਿਗਰਾਨੀ ਵੀ ਕਰ ਸਕਦਾ ਹੈ। ਇੰਨਾ ਹੀ ਨਹੀਂ, ਸੈਂਡੀ ਬੈਂਕ 'ਚ ਆਏ ਗਾਹਕਾਂ ਦਾ ਸਵਾਗਤ ਕਰਨ, ਉਨ੍ਹਾਂ ਨੂੰ ਸਹੀ ਕਾਊਂਟਰ ਤਕ ਪਹੁੰਚਾਉਣ, ਗਾਹਕਾਂ ਨੂੰ ਕ੍ਰੈਡਿਟ ਕਾਰਡ ਤੇ ਘਰ ਲਈ ਕਰਜ਼ੇ ਵਰਗੀਆਂ ਜਾਣਕਾਰੀਆਂ ਦੇਣ ਦਾ ਕੰਮ ਵੀ ਕਰ ਸਕਦਾ ਹੈ।



### ਸੱਚਾ ਸਾਥੀ

ਸੈਂਡੀ ਨੂੰ ਘਰ 'ਚ ਇਕ ਸਹਿਯੋਗੀ ਦੇ ਰੂਪ 'ਚ ਵੀ ਰੱਖਿਆ ਜਾ ਸਕਦਾ ਹੈ। ਤੁਹਾਡੇ ਸਕੂਲ ਤੋਂ ਵਾਪਸ ਆਉਣ 'ਤੇ ਪੁੱਛੇਗਾ ਕਿ ਤੁਹਾਡਾ ਦਿਨ ਕਿਵੇਂ ਦਾ ਰਿਹਾ ਅਤੇ ਫਿਰ ਤੁਹਾਡੇ ਪਸੰਦ ਦਾ ਸੰਗੀਤ ਵਜਾਵੇਗਾ। ਇਹ ਚੈੱਸ ਵਰਗੀਆਂ ਖੇਡਾਂ ਖੇਡਣ 'ਚ ਵੀ ਨਿਪੁੰਨ ਹੈ। ਕਹਾਣੀ ਸੁਣਾਉਣ ਤੋਂ ਇਲਾਵਾ ਸੈਂਡੀ ਤੁਹਾਨੂੰ ਡਾਂਸ ਕਰਨਾ ਵੀ ਸਿਖਾਵੇਗਾ। ਇੰਨਾ ਹੀ ਨਹੀ ਪੂਰੇ ਪਰਿਵਾਰ ਦੀ ਇਕ ਫੋਟੋ ਖਿੱਚ ਕੇ ਸੋਸ਼ਲ ਨੈੱਟਵਰਕਿੰਗ 'ਤੇ ਵੀ ਪੋਸਟ ਕਰ ਸਕਦਾ ਹੈ।


### ਕਈ ਭਾਸ਼ਾਵਾਂ 'ਚ ਕਰ ਸਕਦਾ ਹੈ ਗੱਲ

ਜੇ ਤੁਸੀਂ ਆਪਣੇ ਪਰਿਵਾਰਕ ਮੈਂਬਰ ਨਾਲ ਗੱਲਬਾਤ ਕਰਨਾ ਚਾਹੁੰਦੇ ਹੋ ਤਾਂ ਸੈਂਡੀ ਫੋਨ ਲੈ ਕੇ ਉਸ ਕੋਲ ਜਾਵੇਗਾ ਅਤੇ ਗੱਲ ਕਰਵਾਵੇਗਾ। ਇਹ ਕਈ ਭਾਸ਼ਾਵਾਂ 'ਚ ਬੋਲ ਸਕਦਾ ਹੈ। ਹਾਲਾਂਕਿ, ਇਸ ਦੇ ਬੋਲਣ ਅਤੇ ਸਮਝਣ ਦੀ ਸਮਰੱਥਾ ਇਸ ਦੇ ਸਾਫਟਵੇਅਰ 'ਤੇ ਨਿਰਭਰ ਕਰਦੀ ਹੈ। ਹਸਪਤਾਲ, ਏਅਰਪੋਰਟ ਵਰਗੀਆਂ ਥਾਵਾਂ 'ਤੇ ਵੀ ਇਹ ਕਾਫ਼ੀ ਮਦਦਗਾਰ ਸਾਬਤ ਹੋ ਸਕਦਾ ਹੈ।


### ਰੋਬੋਟਿਕਸ ਕੰਪਨੀ

ਇਸਨੂੰ ਪੁਣੇ ਦੀ ਆਈ ਬ੍ਰੇਨ ਰੋਬੋਟਿਕਸ ਨਾਂ ਦੀ ਇਕ ਕੰਪਨੀ ਨੇ ਬਣਾਇਆ ਹੈ। ਸੈਂਡੀ ਰੋਬੋਟ ਨੂੰ ਬਣਾਉਣ 'ਚ ਇਕ ਸਾਲ ਦਾ ਸਮਾਂ ਲੱਗਿਆ ਅਤੇ ਇਸ ਦੀ ਕੀਮਤ 2.5 ਲੱਖ ਰੁਪਏ ਤੋਂ ਸ਼ੁਰੂ ਹੁੰਦੀ ਹੈ।


### ਬਿੰਦੂ ਮਿਲਾਓ



### ਪਰਛਾਵਾਂ ਲੱਭੋ



### ਰਸਤਾ ਲੱਭੋ




## ਕਾਵਿ-ਕਹਾਣੀ



ਓਮਕਾਰ ਸੂਦ ਬਹੋਨਾ
96540 36080

ਚਲਾਕ ਚਿੜੀ ਅਤੇ ਭੋਲਾ ਕਾਂ
ਇਕ ਸੀ ਚਿੜੀ ਤੇ ਇਕ ਸੀ ਕਾਂ
ਰਹਿੰਦੇ ਸੀ ਉਹ ਇੱਕੋ ਥਾਂ
ਕਾਂ ਭੋਲਾ ਪਰ ਚਿੜੀ ਚਲਾਕ
ਦੋਵਾਂ ਦਾ ਸੀ ਬਹੁ ਇਤਫ਼ਾਕ
ਕੱਚਾ ਵਿਹੜਾ ਰੁੱਖ ਬਥੇਰੇ
ਛਾਂ ਗੂੜ੍ਹੀ ਸੀ ਚਾਰ-ਚੁਫੇਰੇ
ਬੜੇ ਮਜ਼ੇ ਨਾਲ ਰਹਿੰਦੇ ਸੀ ਉਹ
ਉੱਡਦੇ ਸੀ ਕਦੇ ਬਹਿੰਦੇ ਸੀ ਉਹ
ਦੋਵੇਂ ਬੜੀਆਂ ਗੱਲਾਂ ਕਰਦੇ
'ਹਾਂ-ਹੂੰ' ਆਖ ਹੁੰਗਾਰਾ ਭਰਦੇ
ਆਪਣਾ-ਆਪਣਾ ਜੀਵਨ ਜੀਂਦੇ
ਦੋਵੇਂ ਰਲਕੇ ਖਾਂਦੇ-ਪੀਂਦੇ
ਕਦੇ-ਕਦੇ ਜੇ ਜੀ ਕਰ ਆਉਂਦਾ
ਖਾਂਦੇ ਸੀ ਉਹ ਕੁਝ ਮਨ ਭਾਉਂਦਾ
ਇਕ ਦਿਨ ਚਿੜੀ ਨੇ ਹਾਕ ਲਗਾਈ
ਕਹਿੰਦੀ ਗੱਲ ਸੁਣ ਕਾਵਾਂ ਭਾਈ
ਖਾਣੀ ਖਿੱਚੜੀ ਤੇਰੇ ਨਾਲ
ਲੱਭ ਲਿਆਈ ਹਾਂ ਮੈਂ ਦਾਲ
ਤੂੰ ਵੀ ਕਿਧਰੋਂ ਚੌਲ ਲਿਆ
ਆਪਾਂ ਲਈਏ ਖਿੱਚੜੀ ਬਣਾ
ਨਾਲ ਮਜ਼ੇ ਦੇ ਖਾਈਏ ਆਪਾਂ
ਡਾਢੀ ਖ਼ੁਸ਼ੀ ਮਨਾਈਏ ਆਪਾਂ
ਕਾਂ ਨੇ ਆਖਿਆ-ਭੈਣੇ ਚਿੜੀਏ!
ਜਿੱਦਾਂ ਕਹਿਨੀ ਉਵੇਂ ਹੀ ਕਰੀਏ
ਹੁਣੇ ਲਿਆਉਂਦਾ ਹਾਂ ਮੈਂ ਚੌਲ
ਰੱਤੀ ਭਰ ਨਾ ਕਰਦਾ ਘੌਲ
ਮਾਰ ਉਡਾਰੀ ਉੱਡ ਗਿਆ ਕਾਂ
ਹੱਟੀ ਉੱਤੇ ਪੁੱਜ ਗਿਆ ਕਾਂ
ਚੌਲ ਖ਼ਰੀਦੇ ਹੱਟੀਓਂ ਜਾ ਕੇ
ਮੁੜਿਆ ਵਿਚ ਲਿਫ਼ਾਫ਼ੇ ਪਾ ਕੇ
ਖਿੜਿਆ-ਖਿੜਿਆ ਘਰ ਨੂੰ ਆਇਆ
ਆ ਕੇ ਚਿੜੀ ਨੂੰ ਬੋਲ ਲਗਾਇਆ
ਚਿੜੀਏ-ਚਿੜੀਏ ਛੇਤੀ ਕਰ
ਚੁੱਲ੍ਹੇ ਉੱਤੇ ਖਿਚੜੀ ਧਰ
ਚਿੜੀ ਰਾਣੀ ਭੱਜੀ ਆਈ
ਇਕ ਪਲ ਦੀ ਵੀ ਦੇਰ ਨਾ ਲਾਈ
ਚਿੜੀ ਨੇ ਖਿਚੜੀ ਚੁੱਲ੍ਹੇ ਰਿੰਨ੍ਹੀ
ਖ਼ੁਸ਼ਬੂ ਛੱਡੇ ਭਿੰਨੀ-ਭਿੰਨੀ
ਖ਼ੁਸ਼ਬੂ ਚੜ੍ਹੀ ਚਿੜੀ ਦੇ ਨਾਸੀਂ
ਮਨ ਵਿਚ ਆ ਗਈ ਸੀ ਬਦਮਾਸ਼ੀ
ਇਕੱਲਿਆਂ ਖਿਚੜੀ ਖਾਣਾ ਚਾਹੁੰਦੀ
ਕਾਂ ਨੂੰ ਬੁੱਧੂ ਬਣਾਉਣਾ ਚਾਹੁੰਦੀ
ਮਨ ਦੇ ਅੰਦਰ ਚਾਲਾਂ ਸੋਚੇ
ਕਰਨਾ ਘਾਲਾ-ਮਾਲਾ ਲੋਚੇ
ਮਨ ਵਿਚ ਆਈ ਇਕ ਤਰਕੀਬ
ਆ ਬੈਠੀ ਕਾਂ ਦੇ ਕਰੀਬ
ਬੋਲੀ ਉਹ ਨਾਲ ਪਿਆਰ
ਕਾਵਾਂ ਖਿਚੜੀ ਹੋਈ ਤਿਆਰ
ਹੁਣ ਤੂੰ ਨਦੀ ਕਿਨਾਰੇ ਜਾਹ
ਜਾ ਕੇ ਉੱਥੋਂ ਨਹਾ-ਧੋ ਆ
ਸੁੱਚੇ ਹੋ ਕੇ ਖਾਣੀ ਖਿਚੜੀ
ਦੋਵਾਂ ਦੇ ਮਨ ਭਾਉਣੀ ਖਿਚੜੀ
ਮੇਰੇ ਲਈ ਵੀ ਪਾਣੀ ਲਿਆਵੀਂ
ਝਬਦੇ ਜਾ ਕੇ ਝਬਦੇ ਆਵੀਂ
ਅੰਦਰੋਂ ਲੈ ਜਾ ਇਕ ਛਾਨਣੀ
ਮੇਰੇ ਲਈ ਲੈ ਆਵੀਂ ਪਾਣੀ
ਕਾਂ ਕੀ ਜਾਣੇ ਭੋਲਾ-ਭੰਡਾਰੀ
ਚਿੜੀ ਹੈ ਕਰਦੀ ਧੋਖਾ ਭਾਰੀ
ਚੁੱਕ ਛਾਨਣੀ ਤੁਰਿਆ ਕਾਂ
ਕਿੰਨੀ ਦੇਰ ਨਾ ਮੁੜਿਆ ਕਾਂ
ਪਾਣੀ ਭਰ ਨਾ ਸਕਿਆ ਉਹ
ਭਰ-ਭਰ ਪਾਣੀ ਅੱਕਿਆ ਉਹ
ਮੂਰਖ ਕਾਂ ਨੂੰ ਕੌਣ ਸਮਝਾਵੇ
ਛਾਨਣੀ ਵਿਚ ਨਾ ਪਾਣੀ ਆਵੇ
ਭਰ-ਭਰ ਪਾਣੀ ਥੱਕ ਗਿਆ ਜਦ
ਮਨ ਵੀ ਉਸਦਾ ਹਫ਼ ਗਿਆ ਤਦ
ਥੱਕਿਆ-ਥੁੱਕਿਆ ਭੁੱਖ ਸਤਾਇਆ
ਖ਼ਾਲਮ-ਖ਼ਾਲੀ ਘਰ ਨੂੰ ਆਇਆ
ਆਣ ਰਸੋਈ ਦੇ ਵਿਚ ਵੜਿਆ
ਢਿੱਡ ਨੇ ਡਾਢਾ ਸੀ ਤੰਗ ਕਰਿਆ
ਸੋਚ ਰਿਹਾ ਸੀ ਭੁੱਖ ਮਿਟਾਵਾਂ
ਚਿੜੀ ਬਣਾਈ ਖਿਚੜੀ ਖਾਵਾਂ
ਪਰ ਹੈਂ! ਛੱਡ ਕੇ ਖ਼ਾਲੀ ਕੁੱਜੀ
ਚਿੜੀ ਪਤਾ ਨਹੀਂ ਕਿੱਧਰ ਭੱਜੀ ?
ਖਾ ਕੇ ਚਿੜੀ ਨੇ ਖਿਚੜੀ ਸਾਰੀ
ਕਾਂ ਨਾਲ ਸੀ ਠੱਗੀ ਮਾਰੀ
ਸਮਝ ਚਿੜੀ ਦੀ ਚਾਲ ਗਿਆ ਕਾਂ
ਹੁਣ ਚਿੜੀ ਨੂੰ ਭਾਲ ਰਿਹਾ ਕਾਂ
ਕਿਧਰੋਂ ਵੀ ਨਾ ਚਿੜੀ ਲੱਭੇ
ਦੇਖੀ ਜਾਵੇ ਸੱਜੇ-ਖੱਬੇ
ਬਹਿ ਗਿਆ ਮੱਥੇ 'ਤੇ ਹੱਥ ਧਰਕੇ
ਅੱਖਾਂ ਦੇ ਵਿਚ ਹੰਝੂ ਭਰ ਕੇ
ਭੁੱਖਾ-ਭਾਣਾ ਕਿੱਧਰ ਜਾਵਾਂ?
ਦਿਸਦਾ ਨਾ ਕੋਈ ਥਾਂ ਟਿਕਾਣਾ
ਉੱਪਰੋਂ ਰਾਤ ਚੜ੍ਹੀ ਪਈ ਆਵੇ
ਅੰਦਰੋਂ ਚੰਦਰੀ ਭੁੱਖ ਸਤਾਵੇ
ਕੀ ਖਾ ਕੇ ਮੈਂ ਭੁੱਖ ਮਿਟਾਵਾਂ!
ਭੁੱਖਣ ਭਾਣਾ ਮਰਦਾ ਜਾਵਾਂ
ਜੇ ਮਿਲ ਜਾਵੇ ਚਿੜੀ ਖਾਵਾਂ
ਉਸ ਨੂੰ ਚੰਗਾ ਸਬਕ ਸਿਖਾਵਾਂ
ਬੁਰੀਆਂ ਸੋਚਾਂ ਸੋਚ ਰਿਹਾ ਸੀ
ਚਿੜੀ ਬੁਰੀ ਨੂੰ ਕੋਸ ਰਿਹਾ ਸੀ
ਚਾਣਚੱਕ ਉਸ ਚੱਕੀ ਡਿੱਠੀ
ਜਿੱਥੇ ਚਿੜੀ ਲੁਕ ਕੇ ਬੈਠੀ
ਉਸ ਨੇ ਸੋਚਿਆ ਇਸ ਨੂੰ ਖਾਵਾਂ!
ਕਿ ਮੈਂ ਇਸ ਨੂੰ ਸਬਕ ਸਿਖਾਵਾਂ?
ਸਬਕ ਸਿਖਾਵਾਂ ਕਹਿ ਕੇ ਉੱਠਿਆ
ਚਿਮਟਾ ਉਸ ਨੇ ਕੀਤਾ ਤੱਤਾ
ਜਾ ਚਿੜੀ ਦੇ ਪੁੱਠੇ ਲਾਇਆ
ਉਸ ਨੂੰ ਡਾਢਾ ਦਰਦ ਪਹੁੰਚਾਇਆ
ਚਿੜੀ ਨੇ ਚੀਕ-ਚਿਹਾੜਾ ਪਾਇਆ
ਰੋ-ਰੋ ਅੰਬਰ ਸਿਰ 'ਤੇ ਚਾਇਆ
ਕਾਵਾਂ ਵੇ ਕੀ ਕੀਤਾ ਅੜਿਆ!
ਚੀਂ-ਚੀਂ ਮੇਰਾ ਪੂੰਝਾ ਸੜਿਆ
ਕਾਂ ਨੇ ਆਖੀ ਸਿੱਧੀ-ਸਾਦੀ
ਕਿਉਂ ਪਰਾਈ ਖਿੱਚੜੀ ਖਾਧੀ?
ਅੱਜ ਮੈਂ ਤੈਨੂੰ ਖਾਊਂ ਚਿੜੀਏ
ਆਪਣੀ ਭੁੱਖ ਮਿਟਾਊਂ ਚਿੜੀਏ
ਸੁਣ ਕੇ ਚਿੜੀ ਡਰਦੀ ਮਾਰੀ
ਮਿੰਟਾਂ ਵਿਚ ਗਈ ਮਾਰ ਉਡਾਰੀ
ਜਾ ਪਤਾ ਨਹੀਂ ਕਿੱਥੇ ਲੁਕੀ
ਕਾਂ ਤੋਂ ਬਚਕੇ ਨਿਕਲੀ ਸੁੱਕੀ
ਕਾਂ ਦੇ ਕੁਝ ਵੀ ਹੱਥ ਨਾ ਆਇਆ
ਭੁੱਖਿਆਂ ਰਹਿ ਕੇ ਸਮਾਂ ਬਤਾਇਆ
ਚਿੜੀ ਉਦੋਂ ਦੀ ਹੈ ਡਰਦੀ
ਕਾਂ ਦੇ ਮੂਹਰੇ ਨਹੀਓਂ ਖੜ੍ਹਦੀ
ਕਾਂ ਚਿੜੀ ਦੇ ਬੱਚੇ ਖਾਵੇ
ਬੋਟਾਂ ਉੱਤੇ ਗੁੱਸਾ ਲਾਹਵੇ
ਚੋਰੀ ਕਾਂ ਦਾ ਹਿੱਸਾ ਖਾ ਕੇ
ਕੀ ਖੱਟਿਆ ਉਸ ਵੈਰ ਕਮਾ ਕੇ
ਰਲ-ਮਿਲ ਕੇ ਜੇ ਖਾਂਦੀ ਚਿੜੀ
ਬੱਚਿਓ ਨਾ ਪਛਤਾਉਂਦੀ ਚਿੜੀ।


## ਬਾਲ ਕੈਨਵਸ



ਨਾਂ : ਸਿਕਵਾ
ਜਮਾਤ : ਛੇਵੀਂ
ਪਤਾ : ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਜਲੰਧਰ।



ਨਾਂ : ਬਵਲੀਨ ਕੌਰ
ਜਮਾਤ : ਸੱਤਵੀਂ
ਪਤਾ : ਹੋਲੀ ਹਾਰਟ ਪਬਲਿਕ ਸਕੂਲ, ਜਲੰਧਰ।



ਨਾਂ : ਸਿਮਰਨ
ਜਮਾਤ : ਤੀਜੀ
ਪਤਾ : ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਖੰਨਾ।



ਨਾਂ : ਗੁਰਨੂਰ ਸਿੰਘ
ਜਮਾਤ : ਛੇਵੀਂ
ਪਤਾ : ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਜਲੰਧਰ।



ਨਾਂ : ਮੰਨਤ ਸ਼ਰਮਾ
ਜਮਾਤ : ਤੀਜੀ
ਪਤਾ : ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ, ਤਰਨ-ਤਾਰਨ।

# ਪੰਜਾਬ ਦੇ ਖੇਤੀਬਾੜੀ ਮੰਤਰੀ ਵੱਲੋਂ ਕਿਸਾਨਾਂ ਦੇ ਮੁੱਦਿਆਂ ਨੂੰ ਨਜ਼ਰਅੰਦਾਜ਼ ਕਰਨ ਲਈ ਕੇਂਦਰ ਸਰਕਾਰ ਦੀ ਸਖ਼ਤ ਆਲੋਚਨਾ

## ਕਿਸਾਨਾਂ ਨੂੰ ਕੌਮੀ ਰਾਜਧਾਨੀ ਵੱਲ ਸ਼ਾਂਤਮਈ ਮਾਰਚ ਕਰਨ ਤੋਂ ਰੋਕਣ ਲਈ ਪੁਲਿਸ ਫੋਰਸ ਵਰਤਣ ਲਈ ਹਰਿਆਣਾ ਸਰਕਾਰ ਦੀ ਕੀਤੀ ਘੋਰ ਨਿੰਦਾ

**ਚੰਡੀਗੜ੍ਹ, 17 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ 'ਤੇ ਤਿੱਖਾ ਹਮਲਾ ਕਰਦਿਆਂ ਦੇਸ਼ ਭਰ ਦੇ ਕਿਸਾਨੀ ਭਾਈਚਾਰੇ ਨਾਲ ਸਬੰਧਤ ਗੰਭੀਰ ਮੁੱਦਿਆਂ ਅਤੇ ਉਨ੍ਹਾਂ ਦੀਆਂ ਮੰਗਾਂ ਨੂੰ ਨਜ਼ਰਅੰਦਾਜ਼ ਕਰਨ ਦਾ ਦੋਸ਼ ਲਗਾਇਆ। ਉਨ੍ਹਾਂ ਨੇ ਕਿਸਾਨ ਵੱਲੋਂ ਕੀਤੇ ਜਾ ਰਹੇ ਪ੍ਰਦਰਸ਼ਨਾਂ ਪ੍ਰਤੀ ਭਾਜਪਾ ਸਰਕਾਰਾਂ ਵੱਲੋਂ ਬੇਰੁਖ਼ੀ ਵਰਤਣ ਦੀ ਸਖ਼ਤ ਨਿਖੇਧੀ ਕਰਦਿਆਂ ਇਸ ਨੂੰ ਨਿਰਾਦਰ ਭਰਿਆ ਅਤੇ ਗ਼ੈਰ-ਜਮਹੂਰੀ ਕਰਾਰ ਦਿੱਤਾ।

ਇੱਥੇ ਜਾਰੀ ਪ੍ਰੈੱਸ ਬਿਆਨ ਵਿੱਚ ਸ. ਗੁਰਮੀਤ ਸਿੰਘ ਖੁੱਡੀਆਂ ਨੇ ਕਿਸਾਨਾਂ ਨਾਲ ਕੀਤੇ ਅਹਿਮ ਵਾਅਦਿਆਂ ਨੂੰ ਪੂਰਾ ਕਰਨ ਵਿੱਚ ਨਾਕਾਮ ਰਹਿਣ ਲਈ ਕੇਂਦਰ ਸਰਕਾਰ ਦੀ ਆਲੋਚਨਾ ਕੀਤੀ, ਜਿਸ ਵਿੱਚ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ, ਸਵਾਮੀਨਾਥਨ ਫਾਰਮੂਲੇ ਅਨੁਸਾਰ ਸਾਰੀਆਂ ਫਸਲਾਂ ਦੀ ਖਰੀਦ ਕਰਨ ਲਈ ਘੱਟੋ-ਘੱਟ ਸਮਰਥਨ ਮੁੱਲ (ਐਮਐਸਪੀ) ਦੀ ਕਾਨੂੰਨੀ ਗਾਰੰਟੀ ਅਤੇ ਕਰਜ਼ਾ ਮੁਆਫ਼ੀ ਸ਼ਾਮਲ ਹੈ। ਉਨ੍ਹਾਂ ਨੇ ਕੇਂਦਰ ਸਰਕਾਰ ਨੂੰ ਕਿਸਾਨਾਂ ਦੇ ਮੁੱਦਿਆਂ ਦਾ ਤੁਰੰਤ ਹੱਲ ਕਰਨ ਅਤੇ ਕੀਤੇ ਵਾਅਦੇ ਮੁਤਾਬਕ ਸੁਧਾਰਾਂ ਨੂੰ ਲਾਗੂ ਕਰਨ ਅਤੇ ਦੇਸ਼ ਦੀ ਖੁਰਾਕ ਸੁਰੱਖਿਆ ਤੇ ਪੇਂਡੂ ਖੇਤਰਾਂ ਦੀ ਖੁਸ਼ਹਾਲੀ ਲਈ ਕਿਸਾਨਾਂ ਦੀ ਭਲਾਈ ਨੂੰ ਤਰਜੀਹ ਦੇਣ ਦੀ ਅਪੀਲ ਵੀ ਕੀਤੀ। ਉਨ੍ਹਾਂ ਕਿਹਾ ਕਿ ਇਸ ਸਬੰਧੀ ਹੋਰ ਸੰਕਟ ਨੂੰ ਟਾਲਣ ਲਈ ਤੁਰੰਤ ਕਾਰਵਾਈ ਜ਼ਰੂਰੀ ਹੈ।

ਆਪਣੀਆਂ ਜਾਇਜ਼ ਮੰਗਾਂ ਲਈ



ਕੌਮੀ ਰਾਜਧਾਨੀ ਵੱਲ ਕਿਸਾਨਾਂ ਦੇ ਸ਼ਾਂਤਮਈ ਮਾਰਚ ਨੂੰ ਰੋਕਣ ਲਈ ਪੁਲਿਸ ਨੂੰ ਇੱਕ ਸਾਧਨ ਵਜੋਂ ਵਰਤਣ ਵਾਸਤੇ ਭਾਜਪਾ ਦੀ ਅਗਵਾਈ ਵਾਲੀ ਹਰਿਆਣਾ ਸਰਕਾਰ ਦੀ ਕੜੀ ਆਲੋਚਨਾ ਕਰਦਿਆਂ ਖੇਤੀਬਾੜੀ ਮੰਤਰੀ ਨੇ ਕਿਹਾ ਕਿ ਕਿਸਾਨ ਸਾਡੇ ਦੇਸ਼ ਦੀ ਰੀੜ੍ਹ ਦੀ ਹੱਡੀ ਹਨ ਅਤੇ ਉਨ੍ਹਾਂ ਦੀ ਨਿਰਾਸ਼ਾ ਖੇਤੀਬਾੜੀ ਤੇ ਪੇਂਡੂ ਵਿਕਾਸ ਲਈ ਕੇਂਦਰ ਸਰਕਾਰ ਦੇ ਮਾੜੇ ਰਵੱਈਏ ਨੂੰ ਦਰਸਾਉਂਦੀ ਹੈ। ਉਨ੍ਹਾਂ ਅੱਗੇ ਕਿਹਾ ਕਿ ਕਿਸਾਨ ਦੇਸ਼ ਦੇ ਨਾਗਰਿਕ ਹਨ, ਜਿਨ੍ਹਾਂ ਨੇ ਹਰੀ ਕ੍ਰਾਂਤੀ ਲਿਆਂਦੀ ਹੈ ਅਤੇ ਦੇਸ਼ ਦੇ ਅਨਾਜ ਭੰਡਾਰਾਂ ਨੂੰ ਭਰਿਆ ਹੈ। ਉਹਨਾਂ ਨੂੰ ਆਪਣੇ ਰਾਸ਼ਟਰਵਾਦੀ ਹੋਣ ਦਾ ਕਿਸੇ ਨੂੰ ਸਬੂਤ ਦੇਣ ਦੀ ਲੋੜ ਨਹੀਂ ਹੈ ਅਤੇ ਉਹਨਾਂ ਨੂੰ ਲੋਕਤੰਤਰੀ ਦੇਸ਼ ਵਿੱਚ ਆਪਣੀਆਂ ਜਾਇਜ਼ ਮੰਗਾਂ ਨੂੰ ਉਠਾਉਣ ਲਈ ਸ਼ਾਂਤਮਈ ਪ੍ਰਦਰਸ਼ਨ ਕਰਨ ਦਾ ਪੂਰਾ ਹੱਕ ਹੈ। ਸ. ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਭਾਜਪਾ ਸਰਕਾਰ ਨੇ ਕਿਸਾਨਾਂ ਨਾਲ ਕੀਤੇ ਆਪਣੇ ਵਾਅਦਿਆਂ ਨੂੰ ਭੁੱਲਾ ਦਿੱਤਾ ਹੈ ਅਤੇ ਉਹਨਾਂ ਨੂੰ ਵੱਡੀਆਂ ਚੁਣੌਤੀਆਂ ਨਾਲ ਜੂਝਣ ਲਈ ਛੱਡ ਦਿੱਤਾ ਹੈ। ਇਹ ਅਸਵੀਕਾਰਯੋਗ ਅਤੇ ਗੈਰ-ਵਾਜਿਬ ਹੈ।

ਕਿਸਾਨਾਂ ਦੀ ਦੁਰਦਸ਼ਾ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਕੇਂਦਰ ਤੋਂ ਲੋੜੀਂਦੀ ਸਹਾਇਤਾ ਨਾ ਮਿਲਣ ਕਾਰਨ ਦੇਸ਼ ਦਾ 'ਅੰਨਦਾਤਾ' ਵਧ ਰਹੀਆਂ ਖੇਤੀਬਾੜੀ ਲਾਗਤਾਂ ਅਤੇ ਅਸਥਿਰ ਬਾਜ਼ਾਰੀ ਕੀਮਤਾਂ ਨਾਲ ਜੂਝ ਰਿਹਾ ਹੈ। ਇਸ ਕਾਰਨ ਉਨ੍ਹਾਂ ਦੀ ਰੋਜ਼ੀ-ਰੋਟੀ ਅਤੇ ਖੇਤੀਬਾੜੀ ਸੈਕਟਰ ਖ਼ਤਰੇ ਵਿੱਚ ਹੈ।

ਸ. ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਆਪਣੇ ਕਿਸਾਨਾਂ ਦੇ ਨਾਲ ਡਟ ਕੇ ਖੜ੍ਹੀ ਹੈ। ਉਨ੍ਹਾਂ ਹਰਿਆਣਾ ਸਰਕਾਰ ਨੂੰ ਕਿਸਾਨਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਬੰਦ ਕਰਨ ਦੀ ਵੀ ਅਪੀਲ ਕੀਤੀ।

## ਸੂਬੇ ਦੇ ਲੋਕਾਂ ਨੂੰ ਬਿਨਾਂ ਕਿਸੇ ਖੱਜਲ-ਖੁਆਰੀ ਤੋਂ ਉਨ੍ਹਾਂ ਦੇ ਘਰਾਂ ਨਜ਼ਦੀਕ ਹੀ ਸਰਕਾਰੀ ਸੇਵਾਵਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ ਪੰਜਾਬ ਸਰਕਾਰ : ਹਰਜੋਤ ਬੈਂਸ



**ਨੰਗਲ, 17 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

'ਆਪ ਦੀ ਸਰਕਾਰ ਆਪ ਦੇ ਦੁਆਰ' ਕੈਂਪਾਂ 'ਚ ਲੋਕਾਂ ਦੀਆਂ ਸ਼ਿਕਾਇਤਾਂ/ਮਾਮਲਿਆਂ ਦਾ ਨਿਪਟਾਰਾ ਬਿਨਾਂ ਕਿਸੇ ਦੇਰੀ ਅਤੇ ਖੱਜਲ ਖੁਆਰੀ ਦੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਨਿਪਟਾਰਾ ਕੀਤਾ ਜਾ ਰਿਹਾ ਹੈ।

ਇਹ ਪ੍ਰਗਟਾਵਾ ਕਰਦਿਆਂ ਸ.ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਕੂਲ ਸਿੱਖਿਆ, ਤਕਨੀਕੀ ਸਿੱਖਿਆ, ਉਦਯੋਗਿਕ ਸਿਖਲਾਈ ਤੇ ਉਚੇਰੀ ਸਿੱਖਿਆ ਪੰਜਾਬ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਰੋਜ਼ਾਨਾ ਕੈਂਪਾਂ ਵਿੱਚ ਨਿੱਜੀ ਤੌਰ ਤੇ ਸ਼ਿਰਕਤ ਕੀਤੀ ਜਾ ਰਹੀ ਹੈ, ਜਿੱਥੇ ਵੱਖ ਵੱਖ ਵਿਭਾਗਾਂ ਦੀ ਕਾਰਗੁਜ਼ਾਰੀ ਦਾ ਮੁਲਾਂਕਣ ਕੀਤਾ ਜਾ ਰਿਹਾ ਹੈ, ਉਥੇ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਦਾ ਲਾਭ ਯੋਗ ਲੋੜਵੰਦਾਂ ਤੱਕ ਪਹੁੰਚਾਉਣ ਲਈ ਇਨ੍ਹਾਂ ਕੈਂਪਾਂ ਵਿਚ ਵੱਖ ਵੱਖ ਵਿਭਾਗਾਂ ਦੀ ਕਾਰਗੁਜ਼ਾਰੀ ਵੀ ਚੈੱਕ ਕੀਤੀ ਜਾ ਰਹੀ ਹੈ।

ਉਨ੍ਹਾਂ ਲੋਕਾਂ ਦੀਆਂ ਨਿੱਜੀ ਸਮੱਸਿਆਵਾਂ ਅਤੇ ਸਾਂਝੇ ਮਸਲੇ ਮੌਕੇ ਤੇ ਹੱਲ ਕਰਨ ਦੇ ਨਿਰਦੇਸ਼ ਦਿੱਤੇ ਜਾ ਰਹੇ ਹਨ, ਬਕਾਇਆ ਮੁਸ਼ਕਿਲਾਂ ਸਮਾਂਬੱਧ ਹੱਲ ਕਰਨ ਦੀਆਂ ਹਦਾਇਤਾਂ ਕੀਤੀਆਂ ਜਾ ਰਹੀਆਂ ਹਨ। ਜਿੱਥੇ ਲੋਕ ਇਨ੍ਹਾਂ ਕੈਂਪਾਂ ਵਿੱਚ ਆਪਣੇ ਨਿੱਜੀ ਕੰਮ ਕਰਵਾ ਰਹੇ ਹਨ, ਉਥੇ ਪਿੰਡਾਂ ਦੇ ਸਾਂਝੇ ਮਾਮਲੇ ਵੀ ਹੱਲ ਹੋ ਰਹੇ ਹਨ, ਸੜਕਾਂ, ਸਕੂਲਾਂ, ਹਸਪਤਾਲਾਂ, ਡਿਸਪੈਂਸਰੀਆਂ, ਗਲੀਆਂ, ਨਾਲੀਆਂ, ਛੱਪੜਾਂ, ਰੋਸ਼ਨੀ, ਨੀਲੇ ਕਾਰਡ ਵਰਗੇ ਮਸਲੇ ਵੀ ਸਮਾਂਬੱਧ ਹੱਲ ਕਰਨ ਲਈ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਜਾ ਰਹੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਵੱਖ-ਵੱਖ ਵਿਭਾਗਾਂ ਨਾਲ ਸਬੰਧਤ ਸੇਵਾਵਾਂ ਹਾਸਲ ਕਰਨ ਲਈ ਹੈਲਪ ਲਾਈਨ 1076 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

ਇਨ੍ਹਾਂ ਕੈਂਪਾਂ ਵਿੱਚ ਜਨਮ ਸਰਟੀਫਿਕੇਟ, ਆਮਦਨ ਸਰਟੀਫਿਕੇਟ, ਰਿਹਾਇਸ਼ ਸਰਟੀਫਿਕੇਟ, ਅਨੁਸੂਚਿਤ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਸਰਟੀਫਿਕੇਟ, ਬੁਢਾਪਾ, ਦਿਵਯਾਂਗ ਅਤੇ ਆਸ਼ਰਿਤ ਪੈਨਸ਼ਨ, ਜਨਮ ਸਰਟੀਫਿਕੇਟ 'ਚ ਨਾਂ ਦੀ ਤਬਦੀਲੀ, ਬਿਜਲੀ ਦੇ ਬਿੱਲਾਂ ਦੇ ਭੁਗਤਾਨ, ਮਾਲ ਵਿਭਾਗ ਸਬੰਧੀ ਰਿਕਾਰਡ ਦੀ ਪੜਤਾਲ, ਵਿਆਹ ਦੀ ਰਜਿਸਟ੍ਰੇਸ਼ਨ, ਮੌਤ ਦੇ ਸਰਟੀਫਿਕੇਟ ਦੀ ਇਕ ਤੋਂ ਵੱਧ ਕਾਪੀਆਂ, ਪੇਂਡੂ ਖੇਤਰ ਸਰਟੀਫਿਕੇਟ, ਫਰਦ ਬਣਾਉਣੀ, ਸ਼ਗਨ ਸਕੀਮ, ਜ਼ਮੀਨ ਦੀ ਨਿਸ਼ਾਨਦੇਹੀ,ਐਨ.ਆਰ. ਆਈ. ਦੇ ਸਰਟੀਫਿਕੇਟਾਂ ਦੇ ਕਾਊਂਟਰ ਦਸਤਖ਼ਤ, ਪੁਲਿਸ ਕਲੀਅਰੈਂਸ ਸਰਟੀਫਿਕੇਟ ਦੇ ਕਾਊਂਟਰ ਦਸਤਖ਼ਤ, ਮੌਤ ਸਰਟੀਫਿਕੇਟ 'ਚ ਤਬਦੀਲੀ ਆਦਿ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।

ਇਸ ਮੌਕੇ ਡਾ.ਸੰਜੀਵ ਗੌਤਮ, ਸਤੀਸ ਚੋਪੜਾ, ਵੱਡੀ ਗਿਣਤੀ ਵਿਚ ਆਪ ਆਗੂ ਤੇ ਪਤਵੰਤੇ ਹਾਜ਼ਰ ਸਨ।

## ਫੌਜ ਵਿਚ ਭਰਤੀ ਲਈ ਰਜਿਸਟ੍ਰੇਸ਼ਨ ਸ਼ੁਰੂ

**ਪਠਾਨਕੋਟ, 17 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲ੍ਹਾ ਰੋਜਗਾਰ ਅਫਸਰ ਸ੍ਰੀ ਪ੍ਰਭਜੋਤ ਸਿੰਘ ਜੀ ਨੇ ਦੱਸਿਆ ਕਿ ਫੌਜ ਵਿਚ ਭਰਤੀ ਦਾ ਨੋਟੀਫਿਕੇਸ਼ਨ www.joinindianarmy.nic.in ਵੈਬਸਾਈਟ ਤੇ ਜਾਰੀ ਕੀਤਾ ਗਿਆ ਹੈ। ਭਾਰਤੀ ਸੈਨਾ ਵਿਚ ਭਰਤੀ ਹੋਣ ਦੇ ਚਾਹਵਾਨ ਪ੍ਰਾਰਥੀ ਮਿਤੀ 13-02-2024 ਤੋਂ 22-03-2024 ਤੱਕ ਆਨਲਾਇਨ ਫਾਰਮ ਅਪਲਾਈ ਕਰ ਸਕਦੇ ਹਨ। ਵਧੇਰੇ ਜਾਣਕਾਰੀ ਦਿੰਦਿਆ ਉਹਨਾਂ ਵਲੋਂ ਦੱਸਿਆ ਕਿ ਜਿਹੜੇ ਪ੍ਰਾਰਥੀਆਂ ਦੀ ਉਮਰ 17 ਤੋਂ 21 ਸਾਲ ਹੈ, ਕੱਦ 170 ਸੈਂਟੀਮੀਟਰ, ਛਾਤੀ 77/82 ਸੈਂਟੀਮੀਟਰ, ਭਾਰ 50 ਕਿੱਲੋਂ ਹੈ ਅਤੇ ਜਿਹਨਾਂ ਦੀ ਵਿੱਦਿਅਕ ਯੋਗਤਾ ਘੱਟ ਤੋਂ ਘੱਟ ਦਸਵੀ ਪਾਸ ਹੈ, ਉਹ ਇਸ ਭਰਤੀ ਲਈ ਵੈਬਸਾਈਟ www.joinindianarmy.nic.in ਭਰਤੀ ਲਈ ਅਪਲਾਈ ਕਰਨ ਤੋਂ ਬਾਅਦ ਪ੍ਰਾਰਥੀਆਂ ਦੀ ਚੋਣ ਲਈ ਲਿਖਤੀ ਪ੍ਰੀਖਿਆ ਲਈ ਜਾਵੇਗੀ ਅਤੇ ਲਿਖਤੀ ਪ੍ਰੀਖਿਆ ਪਾਸ ਕਰਨ ਵਾਲੇ ਪ੍ਰਾਰਥੀਆਂ ਦਾ ਫਿਜਿਕਲ ਟੈਸਟ ਲਿਆ ਜਾਵੇਗਾ। ਲਿਖਤੀ ਅਤੇ ਫਿਜਿਕਲ ਟੈਸਟ ਪਾਸ ਕਰਨ ਵਾਲੇ ਪ੍ਰਾਰਥੀਆਂ ਦਾ ਅੰਤ ਵਿਚ ਮੈਡੀਕਲ ਟੈਸਟ ਲਿਆ ਜਾਵੇਗਾ।

ਇਸ ਭਰਤੀ ਲਈ ਖਿਡਾਰੀਆਂ, ਐਨ.ਸੀ.ਸੀ ਸਰਟੀਫਿਕੇਟ ਅਤੇ ਡਿਪਲੋਮਾ/ਆਈ.ਟੀ.ਆਈ ਹੋਲਡਰਾਂ ਲਈ ਬੋਨਸ ਪੁਆਇੰਟਸ ਵੀ ਰੱਖੇ ਗਏ ਹਨ।

ਜਿਲ੍ਹਾ ਰੋਜਗਾਰ ਅਫਸਰ ਨੇ ਬੇਰੁਜਗਾਰ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਭਰਤੀ ਹੋਣ ਦੇ ਚਾਹਵਾਨ ਪ੍ਰਾਰਥੀ ਆਪਣੇ ਭਵਿੱਖ ਨੂੰ ਉਜਵਲ ਬਣਾਉਣ ਵਾਸਤੇ ਆਪਣੇ ਆਪ ਨੂੰ ਉਕਤ ਦਰਸਾਈ ਗਈ ਵੈਬਸਾਈਟ ਤੇ ਵੱਧ ਤੋਂ ਵੱਧ ਰਜਿਸਟਰ ਕਰਨ ਅਤੇ ਇਸ ਸੁਨਹਿਰੀ ਮੌਕੇ ਦਾ ਲਾਭ ਉਠਾਉਣ ।

## ਉੱਘੇ ਸਮਾਜ ਸੇਵੀ ਇੰਜ: ਨਰਿੰਦਰ ਬੰਗਾ ਦੇ ਪਿਤਾ ਪ੍ਰਕਾਸ਼ ਚੰਦ ਬੰਗਾ ਨੂੰ ਪ੍ਰਮੁੱਖ ਸ਼ਖਸ਼ੀਅਤਾਂ ਵਲੋਂ ਭਾਵ ਭਿੰਨੀਆਂ ਸ਼ਰਧਾਂਜਲੀਆਂ ਭੇਂਟ

**ਬੰਗਾ/ਮੁਕੰਦਪੁਰ,17 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਉੱਘੇ ਸਮਾਜ ਸੇਵਕ ਇੰਜ: ਨਰਿੰਦਰ ਬੰਗਾ ਦੂਰਦਰਸ਼ਨ ਜਲੰਧਰ ਦੇ ਪਿਤਾ ਸਵ : ਪ੍ਰਕਾਸ਼ ਚੰਦ ਨਮਿਤ ਉਹਨਾਂ ਦੇ ਗ੍ਰਹਿ ਵਿਖੇ ਸੁਖਮਨੀ ਸਾਹਿਬ ਦੇ ਭੋਗ ਉਪਰੰਤ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ ਸ਼੍ਰੀ ਗੁਰੂ ਰਾਮ ਰਾਏ ਪਬਲਿਕ ਸਕੂਲ ਖਾਨਪੁਰ ਦੀ ਖੁੱਲੀ ਗਰਾਂਊਂਡ ਵਿਖੇ ਹੋਇਆ ➧ ਭਰੇ ਪੰਡਾਲ ਚੋ ਦੂਰਦਰਸ਼ਨ ਕੇਂਦਰ,ਸੰਗੀਤ ਜਗਤ ਤੋਂ ਇਲਾਵਾ ਸਮਾਜਿਕ, ਧਾਰਮਿਕ ਤੇ ਰਾਜਨੀਤਕ ਖੇਤਰਾਂ ਤੋਂ ਪ੍ਰਮੁੱਖ ਸ਼ਖਸ਼ੀਅਤਾਂ ਵਲੋਂ ਭਾਵਭਿੰਨੀਆਂ ਸ਼ਰਧਾਂਜਲੀਆਂ ਭੇਂਟ ਕਰਦਿਆਂ ਹਸਮੁੱਖ ਸੁਭਾਅ ਦੇ ਮਾਲਿਕ ਤੇ ਭਜਨੀਕ ਆਤਮਾ ਸਵ: ਪ੍ਰਕਾਸ਼ ਚੰਦ ਵਲੋਂ ਬਿਤਾਏ ਸਾਦੇ ਜੀਵਨ ਅਤੇ ਹੋਰਾਂ ਲਈ ਬੱਚਿਆਂ ਤੇ ਪਰਿਵਾਰ ਦੀ ਸਹੀ ਪਾਲਣ ਪੋਸ਼ਣ ਦੀ ਪੇਸ਼ ਕੀਤੀ ਮਿਸਾਲ ਦੀ ਭਰਪੂਰ ਸ਼ਲਾਘਾ ਕੀਤੀ ਗਈ ➧ ਪੁੱਤਰਾਂ ਦਵਿੰਦਰ ਬੰਗਾ ਤੇ ਨਰਿੰਦਰ ਬੰਗਾ ਵਲੋਂ ਆਪਣੇ ਸਵ: ਪਿਤਾ ਪ੍ਰਕਾਸ਼ ਚੰਦ ਦੇ ਨੇਤਰ ਦਾਨ ਦੀ ਵਿਲੱਖਣ ਨਵੀਂ ਪਿਰਤ ਪਾਉਣ ਵਾਲੀ ਭਾਵਨਾਂ ਨੂੰ ਸੱਭ ਬੁਲਾਰਿਆਂ ਵਲੋਂ ਸਲਾਹਿਆ ਗਿਆ ➧ ਸਮਾਗਮ ਚੋ ਪਦਮ ਸ਼੍ਰੀ ਰਾਜ ਗਾਇਕ ਅਤੇ ਮੈਂਬਰ ਪਾਰਲੀਮੈਂਟ ਹੰਸ ਰਾਜ ਹੰਸ , ਹਲਕਾ ਵਿਧਾਇਕ ਡਾਕਟਰ ਸੁਖਵਿੰਦਰ ਸੁੱਖੀ, ਚੌਧਰੀ ਮੋਹਨ ਲਾਲ ਸਾਬਕਾ ਵਿਧਾਇਕ, ਕੁਲਜੀਤ ਸਿੰਘ ਸਰਹਾਲ ਹਲਕਾ ਇੰਚਾਰਜ , ਸਾਬਕਾ ਵਿਧਾਇਕ ਚੌਧਰੀ ਤਰਲੋਚਨ ਸੂੰਡ,ਦੀਪਕ ਬਾਲੀ ਮੀਡੀਆ ਇੰਚਾਰਜ ਆਮ ਆਦਮੀ ਪਾਰਟੀ, ਡੀ ਐਸ ਪੀ ਬੰਗਾ ਦਲਜੀਤ ਸਿੰਘ ਖੱਖ, ਸਾਬਕਾ ਐਸ ਐਸ ਪੀ ਕੁਲਵੰਤ ਸਿੰਘ ਹੀਰ, ਸਾਈਂ ਪੱਪਲ ਸ਼ਾਹ ਭਰੋਮਜਾਰਾ, ਸੰਤੋਸ਼ ਕੁਮਾਰੀ ਡੇਰਾ ਬਾਬਾ ਜੌੜਾ, ਬੂਟਾ ਮੁਹੰਮਦ ,ਐਸ ਅਸ਼ੋਕ ਭੌਰਾ, ਜਸਵੀਰ ਸਿੰਘ ਨੂਰਪੁਰ, ਜਸਵੀਰ ਗੁਣਾਚੌਰ ,ਪ੍ਰਵੀਨ ਬੰਗਾ, ਉੱਘੇ ਸਮਾਜ ਸੇਵੀ ਅਸ਼ੋਕ ਮਹਿਰਾ ਕੰਨਵੀਨਰ ਪੁਨਰ ਜੋਤ ਸੰਸਥਾ, ਹਰਮੇਸ਼ ਕੈਲੇ ਐਸ ਡੀ ਓ, ਐਸ ਐਮ ਓ ਨਰੰਜਣ ਪਾਲ, ਸਾਬਕਾ ਚੇਅਰਮੈਨ ਰਾਜੇਸ਼ ਬਾਹਘਾ,ਚੀਫ਼ ਇੰਜੀਨੀਅਰ ਗੁਰਦਿਆਲ ਸਿੰਘ, ਰਵਿੰਦਰ ਸਿੰਘ ਚੋਟ ਈ ਟੀ ਓ, ਜੋਗਿੰਦਰ ਸਿੰਘ ਵਿਰਕ ਐਸ ਐਚ ਓ ਮੁਕੰਦਪੁਰ, ਸਾਬਕਾ ਐਕਸਾਈਜ਼ ਕਮਿਸ਼ਨਰ ਸ਼ਿੰਗਾਰਾ ਸਿੰਘ,ਹਰੀਸ਼ ਸੱਦੀ, ਸਵਾਮੀ ਵਿਨੈ ਮੁੰਨੀ ਮਹਾਰਾਜ ਜੰਮੂ, ਸੰਤ ਕੇਸ਼ਵ ਦਾਸ ਜੰਡੂਸਿੰਘਾ, ਪ੍ਰਿੰਸੀਪਲ ਰੰਜਨ ਕੋਠਾਰੀ,ਪ੍ਰਿੰਸੀਪਲ ਜੀਤ ਪਾਲ ਰਾਣਾ, ਗਾਇਕ ਦਲਵਿੰਦਰ ਦਿਆਲਪੁਰੀ, ਕਮਲ ਕਟਾਣੀਆਂ ਦਲਜੀਤ ਅਜਨੋਹਾ, ਸੁਰਜੀਤ ਮਾਹੀ ,ਟੀ ਕੇ ਅੱਗਰਵਾਲ, ਜਗਜੀਤ ਸਿੰਘ, ਅਜਮੇਰ ਸਿੰਘ ਸਹੋਤਾ, ਗੁਰਭਾਈ ਸਿਕੰਦਰ ਸਿੰਘ ,ਅਵਤਾਰ ਸਿੰਘ, ਰਾਮਪਾਲ, ਵੱਡੀ ਗਿਣਤੀ ਵਿੱਚ ਰਿਸ਼ਤੇਦਾਰ,ਸੱਜਣ ਮਿੱਤਰ, ਪ੍ਰਸ਼ੰਸ਼ਕਾਂ ਤੋਂ ਇਲਾਵਾ ਵੱਖ ਵੱਖ ਖੇਤਰਾਂ ਦੀਆਂ ਹੋਰ ਪ੍ਰਮੁੱਖ ਸ਼ਖਸ਼ੀਅਤਾਂ ਵੀ ਮੌਜੂਦ ਸਨ ➧ ਸਮਾਗਮ ਦੀ ਸਮੁੱਚੀ ਕਾਰਵਾਈ ਦੇਸ ਰਾਜ ਬੰਗਾ ਵਲੋਂ ਬਾਖੂਬੀ ਨਿਭਾਈ ਗਈ।

## ਪਿੰਡ ਸੰਗਾਲੀ ਵਿਖੇ ਮੋਟਰ ਦੇ ਚੁਬੱਚੇ 'ਚ ਡੁੱਬਣ ਨਾਲ ਪ੍ਰਵਾਸੀ ਮਜ਼ਦੂਰ ਦੀ ਮੌਤ

**ਮਲੇਰਕੋਟਲਾ, 17 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਲੇਰਕੋਟਲਾ-ਧੂਰੀ ਰੋਡ ਤੇ ਸਥਿਤ ਪੁਲਿਸ ਚੌਕੀ ਹਿੰਮਤਾਨਾ ਥਾਣੇ ਅਮਰਗੜ੍ਹ ਦੇ ਪਿੰਡ ਸੰਗਾਲਾ ਵਿਖੇ ਇੱਕ ਪ੍ਰਵਾਸੀ ਮਜ਼ਦੂਰ ਜਿਸਦੀ ਅਜੇ ਸ਼ਨਾਖਤ ਨਹੀਂ ਹੋ ਸਕੀ ਦੀ ਭੇਦ ਭਰੇ ਹਾਲਤਾਂ ਚ ਮੌਤ ਹੋਣ ਦੀ ਜਾਣਕਾਰੀ ਮਿਲੀ ਹੈ।ਇਸ ਸਬੰਧੀ ਪੁਲਿਸ ਚੌਕੀ ਹਿੰਮਤਾਨਾ ਦੇ ਇੰਚਾਰਜ ਸਹਾਇਕ ਥਾਣੇਦਾਰ ਸਯੀਅਦ ਸ਼ਕੀਲ ਨੇ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿੰਡ ਸੰਗਾਲੀ ਵਾਸੀ ਮਨਜੀਤ ਸਿੰਘ ਉਰਫ ਰੋੜੀ ਪੁੱਤਰ ਹਰਭਜਨ ਸਿੰਘ ਦੀ ਮੋਟਰ (ਟਿਊਬਵੈੱਲ) ਚਾਰ ਪੰਜ ਦਿਨ ਪਹਿਲਾਂ ਇਕ ਪਰਵਾਸੀ ਮਜ਼ਦੂਰ ਕੰਮ ਕਰਨ ਲਈ ਆਇਆ ਸੀ ਜੋ ਕਿ ਪਹਿਲਾਂ ਵੀ ਅਕਸਰ ਮਨਜੀਤ ਸਿੰਘ ਕੋਲ ਕੰਮ ਕਰਨ ਲਈ ਆਉਂਦਾ ਜਾਂਦਾ ਸੀ ਉਸਦੀ ਦੀ ਅੱਜ ਮੋਟਰ ਦੇ ਚੁਬੱਚੇ ਵਿੱਚ ਡੁੱਬ ਕੇ ਮਰਨ ਨਾਲ ਮੌਤ ਹੋ ਗਈ ਹੈ।

ਉਨ੍ਹਾਂ ਦੱਸਿਆ ਕਿ ਕੋਈ ਦਸਤਾਵੇਜ਼ ਨਾ ਮਿਲਣ ਕਰਕੇ ਮ੍ਰਿਤਕ ਵਿਅਕਤੀ ਦੀ ਪੱਕੇ ਤੌਰ ਤੇ ਕੋਈ ਪਹਿਚਾਣ ਨਹੀ ਹੋ ਸਕੀ ਪਰ ਕੁਝ ਜਾਣਕਾਰੀ ਮੁਹੱਈਆ ਹੋਣ ਤੋਂ ਬਾਅਦ ਉਸਦੇ ਵਾਰਸਾਂ ਨੂੰ ਫੋਨ ਕਰਕੇ ਸੂਚਨਾ ਦਿੱਤੀ ਜਾ ਚੁੱਕੀ ਹੈ।ਉਨ੍ਹਾਂ ਦੱਸਿਆ ਕਿ ਲਾਸ਼ ਨੂੰ ਸਿਵਲ ਹਸਪਤਾਲ ਮਾਲੇਰਕੋਟਲਾ ਦੇ ਮੁਰਦਾਘਰ ਵਿੱਚ ਰੱਖਵਾ ਦਿੱਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਮ੍ਰਿਤਕ ਦੇ ਵਾਰਸਾਂ ਦੇ ਪਹੁੰਚਣ ਉਪਰੰਤ ਉਨ੍ਹਾਂ ਦੇ ਬਿਆਨ ਲੈਕੇ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।ਵਰਨਣਯੋਗ ਹੈ ਕਿ ਪੁਲਿਸ ਮਹਿਕਮੇ ਵੱਲੋਂ ਰੋਜ਼ਾਨਾ ਪਰਚਾਰ ਕੀਤਾ ਜਾ ਰਿਹਾ ਕਿ ਕਿਸੇ ਵੀ ਅਣਜਾਣ ਵਿਅਕਤੀ ਨੂੰ ਕੰਮ ਤੇ ਰੱਖਣ ਤੋਂ ਪਹਿਲਾਂ ਉਸਦੀ ਸ਼ਨਾਖਤ ਸਬੰਧੀ ਦਸਤਾਵੇਜ਼ ਲੈਕੇ ਰੱਖਣਾ ਹੈ ਅਤੇ ਇਸਦੀ ਸੂਚਨਾ ਵੀ ਤੁਰੰਤ ਸਬੰਧਤ ਥਾਣੇ ਜਾ ਪੁਲਿਸ ਚੌਕੀ ਚ ਵੀ ਦੇਣ ਲਈ ਕਿਹਾ ਗਿਆ ਹੈ ਪਰ ਇਸ ਮਾਮਲੇ ਵਿੱਚ ਪਰਵਾਸੀ ਮਜ਼ਦੂਰ ਨੂੰ ਕੰਮ ਤੇ ਰੱਖਣ ਤੋਂ ਪਹਿਲਾਂ ਕੋਈ ਦਸਤਾਵੇਜ਼ ਥਾਣੇ ਨਹੀਂ ਜਮਾ ਕਰਵਾਇਆ ਨਾ ਹੀ ਇਸਦੀ ਸੂਚਨਾ ਪੁਲਿਸ ਨੂੰ ਦਿੱਤੀ ਗਈ ਹੈ।ਪ੍ਰਸ਼ਾਸਨ ਨੂੰ ਇਸ ਪਾਸੇ ਵੀ ਧਿਆਨ ਦੇਣ ਦੀ ਸਖਤ ਜਰੂਰਤ ਹੈ।

## ਪੁਲਿਸ ਨੂੰ ਵੱਡੀ ਕਾਮਯਾਬੀ ਨਸ਼ੇ ਦਾ ਧੰਦਾ ਕਰਨ ਵਾਲੇ ਗਿਰੋਹ ਦਾ ਕੀਤਾ ਪਰਦਾਫਾਸ਼ 1 ਕਿਲੋ10 ਗ੍ਰਾਮ ਹੈਰੋਇਨ

**ਅੰਮ੍ਰਿਤਸਰ, 17 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਮਾਨਯੋਗ ਕਮਿਸਨਰ ਪੁਲਿਸ, ਅੰਮ੍ਰਿਤਸਰ, ਸ਼੍ਰੀ ਗੁਰਪ੍ਰੀਤ ਸਿੰਘ ਭੁੱਲਰ IPS ਜੀ ਦੀਆਂ ਹਦਾਇਤਾਂ ਤੇ ਸ੍ਰੀ ਆਲਮ ਵਿਜੈ ਸਿੰਘ ਡੀ.ਸੀ.ਪੀ ਲਾਅ-ਐਂਡ-ਆਰਡਰ ਅੰਮ੍ਰਿਤਸਰ ਅਤੇ ਸ੍ਰੀ ਨਵਤੇਜ ਸਿੰਘ ਏ.ਡੀ.ਸੀ.ਪੀ, ਇੰਨਵੈਸਟੀਗੇਸ਼ਨ ਅੰਮ੍ਰਿਤਸਰ ਦੇ ਦਿਸ਼ਾ ਨਿਰਦੇਸ਼ਾਂ ਤੇ ਸ੍ਰੀ ਕੁਲਦੀਪ ਸਿੰਘ ਏ.ਸੀ.ਪੀ, ਇੰਨਵੈਸਟੀਗੇਸ਼ਨ ਦੀ ਨਿਗਰਾਨੀ ਹੇਠ ਇੰਸਪੈਕਟਰ ਰਾਜ਼ੇਸ਼ ਸ਼ਰਮਾਂ, ਇੰਚਾਰਜ ਸੀ.ਆਈ. ਏ ਸਟਾਫ-2, ਗੁਰੂ ਕੀ ਵਡਾਲੀ ਅੰਮ੍ਰਿਤਸਰ, ਦੀ ਪੁਲਿਸ ਪਾਰਟੀ ਏ.ਐਸ.ਆਈ ਜਸਪਾਲ ਸਮੇਤ ਸਾਥੀ ਕਰਮਚਾਰੀਆਂ ਵੱਲੋਂ 02 ਨਸ਼ਾ ਤੱਸਕਰਾਂ ਨੂੰ ਕਾਬੂ ਕਰਕੇ 01 ਕਿਲੋ 10 ਗ੍ਰਾਮ ਹੈਰੋਇੰਨ ਤੇ ਇੱਕ ਮੋਟਰਸਾਈਕਲ ਬ੍ਰਾਮਦ ਕਰਨ ਵਿੱਚ ਸਫਲਤਾਂ ਹਾਸਲ ਕੀਤੀ ਹੈ। ਪੁਲਿਸ ਪਾਰਟੀ ਵੱਲੋਂ ਗਸ਼ਤ ਦੌਰਾਨ ਕ੍ਰਿਸ਼ਨਾ ਗਾਰਡਨ ਕਲੋਨੀ, ਛੇਹਰਟਾ, ਅੰਮ੍ਰਿਤਸਰ ਦੇ ਖੇਤਰ ਤੋਂ 02 ਵਿਅਕਤੀ ਵਿਕਾਸ ਵਾਸੀ ਮਕਾਨ ਨੰਬਰ 448 ਬਸੰਤ ਵਿਹਾਰ, ਸ਼ੇਰ ਸ਼ਾਹ ਸੂਰੀ ਰੋਡ, ਛੇਹਰਟਾ ਅੰਮ੍ਰਿਤਸਰ ਹਾਲ ਕਿਰਾਏਦਾਰ ਸ਼ੇਰ ਸ਼ਾਹ ਸੂਰੀ ਰੋਡ, ਛੇਹਰਟਾ, ਅੰਮ੍ਰਿਤਸਰ ਅਤੇ ਹਨੀ ਵਾਸੀ ਪਿੰਡ ਮਹਿਲ ਕਲਾ, ਥਾਣਾ ਝੰਡੇਰ, ਜ਼ਿਲਾ ਅੰਮ੍ਰਿਤਸਰ ਦਿਹਾਤੀ ਹਾਲ ਵਾਸੀ ਪਿੰਡ ਖਾਸਾ ਥਾਣਾ ਘਰਿੰਡਾ, ਜਿਲਾ ਅੰਮ੍ਰਿਤਸਰ ਦਿਹਾਤੀ ਨੂੰ ਸਮੇਤ ਮੋਟਰ ਸਾਈਕਲ ਸਪਲੈਂਡਰ ਕਾਬੂ ਕਰਕੇ ਇਹਨਾਂ ਪਾਸੋ 01 ਕਿਲੋ 10 ਗ੍ਰਾਮ ਹੈਰੋਇਨ ਬ੍ਰਾਮਦ ਕੀਤੀ ਗਈ।ਮੁਢਲੀ ਪੁੱਛਗਿੱਛ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਇਹਨਾਂ ਨੇ ਇਹ ਹੈਰੋਇੰਨ 02 ਵਿਅਕਤੀ ਕੋਲੋ ਵੇਚਣ ਲਈ ਲੈ ਕੇ ਆਏ ਸਨ* । ਜਿੰਨਾਂ ਨੂੰ ਜਲਦ ਕਾਬੂ ਕੀਤਾ ਜਾਵੇਗਾ। ਗ੍ਰਿਫ਼ਤਾਰ ਦੋਸ਼ੀਆਂ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕਰਕੇ ਬਾਰੀਕੀ ਨਾਲ ਪੁੱਛਗਿੱਛ ਕਰਕੇ ਬੈਕਵਰਡ ਤੇ ਫਾਰਵਰਡ ਲਿੰਕ ਬਾਰੇ ਪਤਾ ਕੀਤਾ ਜਾਵੇਗਾ।

## ਸ਼੍ਰੀ ਮਦਭਾਗਵਤ ਪੁਰਾਣ ਸਪਤਾਹ ਗਿਆਨ ਯੱਗ ਡੇਰਾ ਬਾਬਾ ਸਿੱਧ ਤਿਲਕ ਰਾਓ ਜੀ ਵਿਖੇ ਹੋਇਆ ਆਰੰਭ

**ਗੋਨੇਆਣਾ, 17 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਗੋਨੇਆਣਾ ਦੇ ਨਾਲ ਲਗਦੇ ਪਿੰਡ ਬਲਾਹੜ ਵਿੰਝੂ ਵਿਖੇ ਡੇਰਾ ਬਾਬਾ ਸਿੱਧ ਤਿਲਕ ਰਾਓ ਜੀ ਵਿਖੇ ਸ਼੍ਰੀ ਮਦਭਾਗਵਤ ਪੁਰਾਣ ਸਪਤਾਹ ਗਿਆਨ ਯੱਗ 18 ਫਰਵਰੀ ਤੱਕ ਕਰਵਾਇਆ ਜਾ ਰਿਹਾ ਹੈ। ਕਥਾ ਦਾ ਸਮਾਂ ਰੋਜਾਨਾ 2:30 ਤੋਂ ਲੈਕੇ ਸ਼ਾਮ 5 ਵਜੇ ਤੱਕ ਹੈ ਅਤੇ 18 ਫਰਵਰੀ ਦਿਨ ਐਤਵਾਰ ਨੂੰ ਸਵੇਰੇ 9 ਵਜੇ ਹਵਨ ਪੂਜਾ ਹੋਵੇਗੀ , 11 ਵਜੇ ਭੋਗ ਅਤੇ 12 ਵਜੇ ਭੰਡਾਰਾ ਹੋਵੇਗਾ ਜੀ, ਡੇਰੇ ਦੇ ਮੁੱਖ ਸੰਚਾਲਕ ਬਾਬਾ ਬੁੱਧ ਦਾਸ ਜੀ ਨੇ ਸਾਰੀਆਂ ਸੰਗਤਾ ਨੂੰ ਕਥਾ ਵਿਚ ਆਉਣ ਦਾ ਖੁੱਲਾ ਸੱਦਾ ਦਿੱਤਾ ਅਤੇ ਕਿਹਾ ਕਿ ਕਥਾ ਵਿਚ ਆਓ ਅਤੇ ਪ੍ਰਭੂ ਸ਼੍ਰੀ ਕ੍ਰਿਸ਼ਨ ਭਗਵਾਨ ਜੀ ਦਾ ਅਸ਼ੀਰਵਾਦ ਪ੍ਰਾਪਤ ਕਰੋ। ਸੋ ਅੱਜ ਭਗਵਾਨ ਸ਼੍ਰੀ ਕ੍ਰਿਸ਼ਨ ਜੀ ਦਾ ਅਸ਼ੀਰਵਾਦ ਪ੍ਰਾਪਤ ਕਰਨ ਵਾਸਤੇ ਗੋਨੇਆਣਾ ਨਗਰ ਕੌਂਸਲ ਦੇ ਪ੍ਰਧਾਨ ਸ਼੍ਰੀ ਕਸ਼ਮੀਰੀ ਲਾਲ ਗਰਗ, ਰਜਨੀਸ਼ ਕੁਮਾਰ ਰਾਜੂ ਬਲਾਕ ਪ੍ਰਧਾਨ ਆਮ ਆਦਮੀ ਪਾਰਟੀ, ਸ਼੍ਰੀ ਪੰਚਾਇਤੀ ਗਊਸ਼ਾਲਾ ਦੇ ਸੈਕਟਰ ਵਿਕਾਸ ਕੁਮਾਰ ਨੇ ਆਪਣੀ ਹਾਜਰੀ ਪ੍ਰਭੂ ਦੇ ਚਰਨਾਂ ਵਿਚ ਲਵਾਈ ਅਤੇ ਭਗਵਾਨ ਦਾ ਅਸ਼ੀਰਵਾਦ ਪ੍ਰਾਪਤ ਕੀਤਾ।

## ਆਮ ਆਦਮੀ ਪਾਰਟੀ ਦੇ ਕੀਤੇ ਹੋਏ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਜਨਤਾ ਲੋਕ ਸਭਾ ਚੋਣਾਂ 'ਚ ਵੱਡੀ ਜਿੱਤ ਦੇਵੇਗੀ: ਪੁਸ਼ਵਿੰਦਰ ਮੁੰਡੀ ਜੱਜ

**ਮਾਛੀਵਾੜਾ ਸਾਹਿਬ, 17 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਸੱਤਾ ਦਾ ਸੁੱਖ ਭੋਗ ਰਹੀ ਆਮ ਆਦਮੀ ਪੰਜਾਬ ਵਿੱਚ ਸੱਤਾ ਦਾ ਸੁੱਖ ਭੋਗ ਰਹੀ ਆਮ ਆਦਮੀ ਪਾਰਟੀ ਦੀ ਸਰਕਾਰ ਆਉਣ ਵਾਲੇ ਸਮੇਂ ਵਿੱਚ ਲੋਕ ਸਭਾ ਦੀਆਂ ਸਾਰੀਆਂ ਸੀਟਾਂ ਉੱਤੇ ਚੋਣ ਲੜੇਗੀ ਅਤੇ ਸ਼ਾਨਦਾਰ ਤਰੀਕੇ ਨਾਲ ਜਿੱਤ ਪ੍ਰਾਪਤ ਕਰੇਗੀ। ਇਹਨਾਂ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਮਾਛੀਵਾੜਾ ਸਾਹਿਬ ਤੋਂ ਕੱਲ ਇਹਨਾਂ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਮਾਛੀਵਾੜਾ ਸਾਹਿਬ ਤੋਂ ਆਪ ਪਾਰਟੀ ਦੇ ਆਗੂ ਰਿਟਾਇਰ ਜੱਜ ਪੁਸ਼ਪਿੰਦਰ ਸਿੰਘ ਮੁੰਡੀ ਨੇ ਕਿਹਾ ਪੰਜਾਬ ਵਿੱਚ ਪਿਛਲੇ ਲਗਭਗ ਦੋ ਸਾਲਾਂ ਦੇ ਸਮੇਂ ਦੌਰਾਨ ਆਮ ਆਦਮੀ ਪਾਰਟੀ ਦੁਆਰਾ ਜੋ ਵਿਕਾਸ ਕਾਰਜ ਕੀਤੇ ਗਏ ਹਨ ਤੇ ਵੱਡੀ ਗਿਣਤੀ ਵਿਚ ਆਰੰਭੇ ਹੋਏ ਹਨ ਉਹਨਾਂ ਨਾਲ ਪੰਜਾਬ ਦੀ ਜਨਤਾ ਬਹੁਤ ਖੁਸ਼ ਹੈ।



ਪੰਜਾਬ ਦੇ ਹਰ ਵਰਗ ਦੇ ਲੋਕ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਕੰਮਾਂ ਤੋਂ ਸੰਤੁਸ਼ਟ ਹਨ ਭਾਵੇਂ ਉਹ ਬਿਜਲੀ ਦੇ ਬਿੱਲਾਂ ਦੀ ਗੱਲ ਲੈ ਲਈ ਜਾਵੇ ਜਾਂ ਸੂਬੇ ਭਰ ਵਿੱਚ ਸੜਕਾਂ ਦੀ ਬਦ ਤੋਂ ਬਦਤਰ ਹੋਈ ਹਾਲਤ ਨੂੰ ਸੁਧਾਰਨ ਦੀ ਗੱਲ ਹੋਵੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਹੀ ਵਿੱਚ ਕੰਮ ਕਰ ਰਹੀ ਸਰਕਾਰ ਨੇ ਇਹਨਾਂ ਕੰਮਾਂ ਨੂੰ ਸਰਕਾਰ ਬਣਦਿਆਂ ਸਾਰ ਹੀ ਨੇਪਰੇ ਚਾੜ ਜਨਤਾ ਨੂੰ ਸੁੱਖ ਦਾ ਸਾਹ ਦਿੱਤਾ ਹੈ।

ਉਹਨਾਂ ਕਿਹਾ ਕਿ ਪ੍ਰੋਟੈਸਟ ਕਰਨਾ ਸਾਡਾ ਅਧਿਕਾਰ ,ਲਗਭਗ 30 ਸਾਲ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿੱਚ ਨੌਕਰੀ ਕੀਤੀ ਹੈ ਇਹਨਾਂ ਸਮਿਆਂ ਦੇ ਦੌਰਾਨ ਉਹਨਾਂ ਇੰਨੀ ਤੇਜ਼ੀ ਨਾਲ ਕੰਮ ਕਰਦਾ ਕਿਸੇ ਸਰਕਾਰ ਨੂੰ ਨਹੀਂ ਦੇਖਿਆ ਜਿੰਨੀ ਤੇਜ਼ੀ ਤੇ ਇਮਾਨਦਾਰੀ ਨਾਲ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਕੰਮ ਕਰ ਰਹੀ ਹੈ। ਲੋਕਾਂ ਨੂੰ ਟੋਲ ਟੈਕਸਾਂ ਤੋਂ ਰਾਹਤ ਮਿਲ ਗਈ ਹੈ ਸਭ ਸੜਕਾਂ ਨਵੀਆਂ ਬਣ ਗਈਆਂ ਹਨ, ਸੂਬੇ ਦੇ ਸਕੂਲਾਂ ਦੀ ਹਾਲਤ ਜੋ ਕਿ ਪਹਿਲਾਂ ਬਹੁਤ ਤਰਸਯੋਗ ਸੀ ਹੁਣ ਬਹੁਤ ਹੀ ਵਧੀਆ ਤੇ ਕਾਬਲੇ ਤਾਰੀਫ ਬਣ ਚੁੱਕੀ ਹੈ ਸਕੂਲਾਂ ਵਿੱਚ ਬੱਚਿਆਂ ਦੀ ਗਿਣਤੀ ਵਿੱਚ ਵੱਡਾ ਇਜ਼ਾਫਾ ਹੋਇਆ ਹੈ।

ਹਸਪਤਾਲਾਂ ਵਿੱਚ ਜਿੱਥੇ ਡਾਕਟਰਾਂ ਦੀ ਘਾਟ ਨੂੰ ਪੂਰਾ ਕੀਤਾ ਜਾ ਰਿਹਾ ਹੈ ,ਉੱਥੇ ਹੀ ਹੁਣ ਸਰਕਾਰੀ ਹਸਪਤਾਲਾਂ ਵਿੱਚ ਦਵਾਈਆਂ ਵੀ ਅੰਦਰੋਂ ਹੀ ਮਿਲ ਰਹੀਆਂ ਹਨ, ਜਦਕਿ ਪਹਿਲਾਂ ਬਾਹਰ ਮਹਿੰਗੇ ਭਾਅ ਦੇ ਮੈਡੀਕਲ ਸਟੋਰਾਂ ਤੋਂ ਇਹ ਦਵਾਈਆਂ ਖਰੀਦਣੀਆਂ ਪੈਂਦੀਆਂ ਸਨ। ਸਰਕਾਰੀ ਦਫਤਰਾਂ ਵਿੱਚ ਕੰਮ ਕਰਨ ਵਾਲੇ ਭ੍ਰਿਸ਼ਟ ਤੇ ਰਿਸ਼ਵਤਖੋਰੀ ਅਨਸਰਾਂ ਨੂੰ ਕਾਬੂ ਕਰ ਜੇਲਾਂ ਵਿੱਚ ਕੀਤਾ ਜਾ ਰਿਹਾ ਹੈ ਅਤੇ ਇਸ ਮੁਹਿੰਮ ਵਿੱਚ ਸਰਕਾਰ ਨੂੰ ਵੱਡੇ ਪੱਧਰ ਤੇ ਸਫਲਤਾ ਮਿਲੀ ਹੈ। ਜਿਸ ਦੀ ਆਮ ਲੋਕਾਂ ਦੇ ਵਿੱਚ ਕਾਫੀ ਚਰਚਾ ਹੈ। ਇਹ ਆਮ ਆਦਮੀ ਪਾਰਟੀ ਦੇ ਪ੍ਰਧਾਨ ਭਗਵੰਤ ਸਿੰਘ ਮਾਨ ਹੋਰਾਂ ਦੀ ਸੋਚ ਸੀ ਕਿ ਆਮ ਲੋਕ ਵੀ ਲੀਡਰ ਲੋਕਾਂ ਨੂੰ ਸਾਹਮਣੇ ਖੜ ਕੇ ਪ੍ਰਸ਼ਨ ਪੁੱਛ ਸਕਣ ਤੇ ਅੱਜ ਪੰਜਾਬ ਦਾ ਹਰ ਨਾਗਰਿਕ ਨਿਡਰ ਹੋ ਕੇ ਆਪਣੇ ਹੱਕਾਂ ਦੇ ਲਈ ਆਪਣੇ ਅਧਿਕਾਰਾਂ ਦੇ ਲਈ ਵੱਡੇ-ਵੱਡੇ ਲੀਡਰਾਂ ਨੂੰ ਸਵਾਲ ਜਵਾਬ ਕਰ ਰਿਹਾ ਹੈ।

ਉਹਨਾਂ ਕਿਹਾ ਕਿ ਪੰਜਾਬ ਸਰਕਾਰ ਜਦੋਂ ਦੀ ਸੱਤਾ ਵਿੱਚ ਆਈ ਆ ਲੋਕਾਂ ਦੇ ਹਿੱਤ ਲਈ ਵਿਕਾਸ ਕਾਰਜਾਂ ਲਈ ਤਤਪਰ ਹੈ ਤੇ ਉਹ ਆਪ ਵੀ ਸਰਕਾਰ ਦੇ ਇਹਨਾਂ ਕੰਮਾਂ ਤੇ ਇਮਾਨਦਾਰੀ ਤੋਂ ਪ੍ਰਭਾਵਿਤ ਹੋ ਇਸ ਪਾਰਟੀ ਵਿੱਚ ਆਏ ਹਨ, ਸਰਕਾਰ ਦਾ ਪਿਛਲੇ ਦੋ ਸਾਲਾਂ ਦੌਰਾਨ ਪੰਜਾਬ ਦੇ ਜਨਤਾ ਲਈ ਕੀਤੇ ਗਏ ਕੰਮ ਮੂੰਹੋਂ ਬੋਲਦੇ ਹਨ ਇਹੀ ਕਾਰਨ ਹੈ ਕਿ ਆਉਣ ਵਾਲੇ ਸਮੇਂ ਵਿੱਚ ਪਾਰਲੀਮੈਂਟ ਦੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਸਾਰੀਆਂ ਸੀਟਾਂ ਤੇ ਹੀ ਚੋਣ ਲੜੇਗੀ ਅਤੇ ਸ਼ਾਨਦਾਰ ਤਰੀਕੇ ਨਾਲ ਜਿੱਤ ਪ੍ਰਾਪਤ ਕਰੇਗੀ।

## ਸੜਕ ਸੁਰੱਖਿਆ ਦੇ ਹੀਰੋ ਬਣੋ - ਡੀ.ਐਸ.ਪੀ. ਕਰਨੈਲ ਸਿੰਘ

### ਕੌਮੀ ਸੜਕ ਸੁਰੱਖਿਆ ਮਹੀਨੇ ਦੀ ਸਮਾਪਤੀ ਮੌਕੇ ਲੀਲਾ ਭਵਨ ਚੌਂਕ ਤੇ ਟਰੱਕ ਯੂਨੀਅਨ ਵਿਖੇ ਸੈਮੀਨਾਰ



**ਪਟਿਆਲਾ, 17 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਲੋਕਾਂ ਨੂੰ ਸੜਕ ਨਿਯਮਾਂ ਪ੍ਰਤੀ ਜਾਗਰੂਕ ਕਰਨ ਅਤੇ ਸੜਕੀ ਹਦਾਸਿਆਂ ਨੂੰ ਠੱਲ ਪਾਉਣ ਦੇ ਮੰਤਵ ਨਾਲ ÷ਸੜਕ ਸੁਰੱਖਿਆ ਦੇ ਹੀਰੋ ਬਣੋ÷ ਸਲੋਗਨ ਅਧੀਨ 15 ਜਨਵਰੀ 2024 ਤੋਂ 17 ਫਰਵਰੀ 2024 ਤੱਕ ਮਨਾਏ ਗਏ ਕੌਮੀ ਸੜਕ ਸੁਰੱਖਿਆ ਮਹੀਨੇ ਦੀ ਸਮਾਪਤੀ ਮੌਕੇ ਪਟਿਆਲਾ ਪੁਲਿਸ ਨੇ ਐਸ.ਐਸ.ਪੀ. ਵਰੁਣ ਸ਼ਰਮਾ ਦੀ ਅਗਵਾਈ ਹੇਠ ਲੀਲਾ ਭਵਨ ਤੇ ਟਰੱਕ ਯੂਨੀਅਨ ਪਟਿਆਲਾ ਵਿਖੇ ਸੈਮੀਨਾਰ ਕਰਵਾਏ ਗਏ।

ਇਸ ਮੌਕੇ ਡੀ.ਐਸ.ਪੀ. ਟ੍ਰੈਫਿਕ ਪਟਿਆਲਾ ਕਰਨੈਲ ਸਿੰਘ ਨੇ ਦੱਸਿਆ ਕਿ ਸਰਕਾਰ ਵੱਲੋਂ ਕੌਮੀ ਸੜਕ ਸੁਰੱਖਿਆ ਮਹੀਨੇ ਸਬੰਧੀ ਉਲੀਕੇ ਪ੍ਰੋਗਰਾਮ ਦੀ ਇੰਨ ਬਿੰਨ ਪਾਲਣਾ ਕਰਵਾਉਂਦੇ ਹੋਏ ਆਮ ਲੋਕਾਂ ਨੂੰ ਟ੍ਰੈਫਿਕ ਨਿਯਮਾਂ ਪ੍ਰਤੀ ਜਾਗਰੂਕ ਕਰਨ ਸਮੇਤ ਹੋ ਰਹੇ ਸੜਕੀ ਹਾਦਸਿਆ ਨੂੰ ਰੋਕਣਾ ਲਈ ਉਲੀਕੇ ਹੋਏ ਪ੍ਰੋਗਰਾਮ ਅਨੁਸਾਰ ਨੁੱਕੜ ਨਾਟਕ, ਸੈਮੀਨਾਰ, ਵੱਖ-ਵੱਖ ਚੌਂਕਾਂ ਵਿੱਚ ਬੈਨਰ ਲਗਾਕੇ ਅਤੇ ਜੀਪ ਤੇ ਬੈਨਰ ਅਤੇ ਲਾਊਡ ਸਪੀਕਰ ਲਗਾਕੇ ਆਪ ਪਬਲਿਕ ਨੂੰ ਜਾਗਰੂਕ ਕੀਤਾ ਗਿਆ ਹੈ।

ਡੀ.ਐਸ.ਪੀ. ਕਰਨੈਲ ਸਿੰਘ ਨੇ ਅੱਗੇ ਕਿਹਾ ਕਿ ਭਾਰਤ ਅੰਦਰ ਹਰ ਸਾਲ ਸੜਕੀ ਹਾਦਸਿਆ ਦੌਰਾਨ ਹਜ਼ਾਰਾ ਦੀ ਗਿਣਤੀ ਵਿੱਚ ਲੋਕ ਆਪਣੀਆ ਜਾਨਾ ਗੁਆ ਲੈਂਦੇ ਹਨ।ਸੜਕੀ ਹਾਦਸੇ ਹੋਣ ਦੇ ਮੁੱਖ ਕਾਰਨ ਟ੍ਰੈਫਿਕ ਨਿਯਮਾਂ ਦੀ ਪਾਲਣਾ ਨਾ ਕਰਨਾ ਹੀ ਹੁੰਦਾ ਹੈ। ਉਨ੍ਹਾਂ ਦੱਸਿਆ ਕਿ ਸੜਕ ਸੁਰੱਖਿਆ ਫੋਰਸ ਨੇ ਸੜਕ ਤੇ ਚਲਦੇ ਸਮੇਂ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਵਾਲੇ ਵਾਹਨ ਚਾਲਕ ਜਿਵੇਂ ਕਿ ਜਿਹੜੇ ਕਾਰ ਚਾਲਕਾਂ ਵੱਲੋਂ ਕਾਰ ਚਲਾਉਂਦੇ ਸਮੇਂ ਸੀਟ ਬੈਲਟ ਦੀ ਵਰਤੋਂ ਕੀਤੀ ਗਈ ਉਨ੍ਹਾਂ ਨੂੰ ਅਤੇ ਜਿਹੜੇ ਦੋ ਪਹੀਆ ਵਾਹਨ ਚਾਲਕਾਂ ਵੱਲੋਂ ਹੈਲਮਟ ਦੀ ਵਰਤੋਂ ਕੀਤੀ ਗਈ, ਨੂੰ ਗੁਲਾਬ ਦੇ ਫੁੱਲ ਅਤੇ ਚਾਕਲੇਟ ਦੇ ਕੇ ਹੌਸਲਾ ਅਫ਼ਜਾਈ ਕੀਤੀ ਗਈ।

ਟਰੱਕ ਯੂਨੀਅਨ ਦੇ ਸੈਮੀਨਾਰ ਵਿਚ ਬੋਲਦੇ ਹੋਏ ਕਰਨੈਲ ਸਿੰਘ ਨੇ ਕਿਹਾ ਕਿ ਸੜਕ ਨਾਲ ਸਭ ਤੋਂ ਜਿਆਦਾ ਸਬੰਧ ਡਰਾਈਵਰਾਂ ਦਾ ਹੁੰਦਾ ਹੈ ਜੋ ਦਿਨ-ਰਾਤ ਸੜਕਾਂ ਤੇ ਗੁਜਾਰਦੇ ਹਨ, ਸੋ ਡਰਾਈਵਰਾਂ ਨੂੰ ਅਪੀਲ ਹੈ ਕਿ ਉਹ ਟ੍ਰੈਫਿਕ ਨਿਯਮਾਂ ਦੀ ਪਾਲਣਾ ਜਰੂਰ ਕਰਨ,ਜਿਸ ਨਾਲ ਉਨ੍ਹਾ ਦੀ ਸੁਰੱਖਿਆ ਵੀ ਹੋ ਸਕੇ ਅਤੇ ਹੋਰਨਾ ਰਾਹਗੀਰਾ ਦੀ ਵੀ ਸੁਰੱਖਿਆ ਬਣੀ ਰਹੇ।ਉਨ੍ਹਾਂ ਨੇ ਆਮ ਲੋਕਾਂ, ਵਿਦਿਆਰਥੀਆ ਤੇ ਮਾਪਿਆਂ ਨੂੰ ਅਪੀਲ ਕੀਤੀ ਕਿ ਟ੍ਰੈਫਿਕ ਪੁਲਿਸ ਦਾ ਸਹਿਯੋਗ ਕਰਦੇ ਹੋਏ ਸਾਰੇ ਜਣੇ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰੋ ਤੇ ÷ਸੜਕ ਸੁਰੱਖਿਆ ਦੇ ਹੀਰੋ ਬਣੋ।

## ਭ੍ਰਿਸ਼ਟਾਚਾਰ ਦੇ ਖਿਲਾਫ ਜੰਗ ਜਾਰੀ ਰਹੇਗੀ : ਸ਼ੌਕਤ ਅਹਿਮਦ ਪਰੇ

### ਐਂਟੀ ਕਰਪਸ਼ਨ ਦੇ ਨੈਸ਼ਨਲ ਚੇਅਰਮੈਨ ਨੇ ਡੀ.ਸੀ ਨੂੰ ਕੀਤਾ ਸਨਮਾਨਿਤ

**ਪਟਿਆਲਾ, 17 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਸਰਕਾਰ ਤੋਂ ਮਾਨਤਾ ਪ੍ਰਾਪਤ ਇੰਟਰਨੈਸ਼ਨਲ ਕਰਪਸ਼ਨ ਕੰਟਰੋਲ ਬਿਊਰੋ ਯੂਥ ਵਿੰਗ ਦੇ ਨੈਸ਼ਨਲ ਚੇਅਰਮੈਨ ਹਰਸ਼ ਸਿੰਗਲਾ ਅਤੇ ਉਹਨਾਂ ਦੀ ਟੀਮ ਨੇ ਪਟਿਆਲਾ ਜਿਲੇ ਦੇ ਨਵ ਨਿਯੁਕਤ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨਾਲ ਇੱਕ ਵਿਸ਼ੇਸ਼ ਮੁਲਾਕਾਤ ਕਰਕੇ ਉਹਨਾਂ ਨੂੰ ਸਨਮਾਨਿਤ ਕੀਤਾ। ਇਸ ਮੌਕੇ ਡੀ.ਸੀ ਪਰੇ ਨੇ ਕਿਹਾ ਕਿ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਭ੍ਰਿਸ਼ਟਾਚਾਰ ਖਿਲਾਫ ਚਲਾਈ ਗਈ ਮੁਹਿੰਮ ਦੇ ਤਹਿਤ ਭ੍ਰਿਸ਼ਟਾਚਾਰ ਨੂੰ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਕੋਈ ਵੀ ਕਰਮਚਾਰੀ ਅਜਿਹੇ ਕਿਸੇ ਮਾਮਲੇ ਵਿੱਚ ਲਿਪਤ ਪਾਇਆ ਗਿਆ। ਉਸ ਨਾਲ ਕਾਨੂੰਨ ਮੁਤਾਬਕ ਸਖ਼ਤ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਚੇਅਰਮੈਨ ਹਰਸ਼ ਸਿੰਗਲਾ ਨੇ ਡੀ.ਸੀ ਸ਼ੌਕਤ ਅਹਿਮਦ ਪਰੇ ਵੱਲੋਂ ਪਟਿਆਲਾ ਜਿਲ੍ਹੇ ਲਈ ਕੀਤੇ ਜਾ ਰਹੇ ਵਿਕਾਸ ਦੇ ਕੰਮਾਂ ਦੀ ਦਿਲੋਂ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਉਹਨਾਂ ਦੇ ਰੂਪ ਵਿੱਚ ਪਟਿਆਲਾ ਜਿਲ੍ਹੇ ਨੂੰ ਇੱਕ ਇਮਾਨਦਾਰ ਅਤੇ ਕਾਬਿਲ ਅਫਸਰ ਮਿਲਿਆ ਹੈ। ਇਸ ਮੌਕੇ ਗੌਰਵ ਸਿੰਗਲਾ, ਕਮਲ ਮਾਨ, ਸਾਹਿਲ ਰਾਣਾ ਚੇਅਰਮੈਨ ਪੰਜਾਬ ਅਤੇ ਵੰਸ਼ ਸਿੰਗਲਾ ਆਦਿ ਹਾਜ਼ਰ ਸਨ।



ਹਰਸ਼ ਸਿੰਗਲਾ ਅਤੇ ਉਹਨਾਂ ਦੀ ਟੀਮ ਡੀ.ਸੀ ਪਟਿਆਲਾ ਨੂੰ ਸਨਮਾਨਿਤ ਕਰਦੇ ਹੋਏ।

## ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ 'ਚ ਚੱਲ ਰਹੇ ਵਿਕਾਸ ਕਾਰਜਾਂ ਦਾ ਲਿਆ ਜਾਇਜ਼ਾ

### ਮੁੱਖ ਮੰਤਰੀ ਦੇ ਆਦੇਸ਼ਾਂ ਮੁਤਾਬਕ ਸਮੁੱਚੇ ਵਿਕਾਸ ਕਾਰਜ ਸਮੇਂ ਸਿਰ ਮੁਕੰਮਲ ਕਰਨੇ ਯਕੀਨੀ ਬਣਾਉਣ ਅਧਿਕਾਰੀ-ਸ਼ੌਕਤ ਅਹਿਮਦ ਪਰੈ

**ਪਟਿਆਲਾ, 17 ਫਰਵਰੀ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੈ ਨੇ ਜ਼ਿਲ੍ਹੇ ਵਿੱਚ ਚੱਲ ਰਹੇ ਵੱਖ-ਵੱਖ ਵਿਕਾਸ ਕਾਰਜਾਂ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਵਿਕਾਸ ਕਾਰਜ ਕਰਵਾ ਰਹੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਆਦੇਸ਼ਾਂ ਮੁਤਾਬਕ ਸਾਰੇ ਵਿਕਾਸ ਕਾਰਜ ਸਮੇਂ ਸਿਰ ਮੁਕੰਮਲ ਕਰਵਾਏ ਜਾਣੇ ਯਕੀਨੀ ਬਣਾਉਣ ਲਈ ਇਨ੍ਹਾਂ ਕੰਮਾਂ ਦੀ ਖ਼ੁਦ ਨਿਗਰਾਨੀ ਕਰਨ।

ਸ਼ੌਕਤ ਅਹਿਮਦ ਪਰੈ ਨੇ 24 ਘੰਟੇ 7 ਦਿਨ ਨਹਿਰੀ ਪਾਣੀ ਦੀ ਸਪਲਾਈ ਸਕੀਮ, ਸਬ ਡਵੀਜ਼ਨਲ ਕੰਪਲੈਕਸ ਸਮਾਣਾ ਦੀ ਉਸਾਰੀ, ਪਟਿਆਲਾ ਸਬ ਰਜਿਸਟਰਾਰ ਦਫ਼ਤਰ ਦਾ ਨਵੀਨੀਕਰਨ, ਰਿਕਾਰਡ ਰੂਮ, ਦੂਧਨ ਸਾਧਾਂ ਤਹਿਸੀਲ ਕੰਪਲੈਕਸ ਦੀ ਉਸਾਰੀ, ਹੈਲਥ ਅਤੇ ਵੈਲਨੈਸ ਸੈਂਟਰ ਦੀ ਉਸਾਰੀ, 15ਵੇਂ ਵਿੱਤ ਕਮਿਸ਼ਨ ਦੇ ਕੰਮ, 7ਵੇਂ ਪੜਾਅ ਤਹਿਤ 6 ਨਵੇਂ ਆਮ ਆਦਮੀ ਕਲੀਨਿਕਾਂ ਦੀ ਉਸਾਰੀ, ਜ਼ਿਲ੍ਹੇ ਵਿਚਲੇ 10 ਸਕੂਲ ਆਫ਼ ਐਮੀਨੈਂਸ ਵਿੱਚ ਬੁਨਿਆਦੀ ਢਾਂਚੇ ਦਾ ਕੰਮ, ਸਕੂਲਾਂ ਵਿੱਚ ਵਾਈ-ਫਾਈ, ਫਰਨੀਚਰ, ਚਾਰਦਿਵਾਰੀ ਤੇ ਟੁਆਇਲਟਸ ਦੀ ਉਸਾਰੀ ਸਮੇਤ ਪੀਣ ਵਾਲੇ ਸਾਫ਼ ਪਾਣੀ ਦੀ ਸਪਲਾਈ, ਕਲਾਸ ਰੂਮਜ ਦੀ ਉਸਾਰੀ ਤੇ ਨਵੀਨੀਕਰਨ, ਮਗਨਰੇਗਾ ਦੇ ਕੰਮਾਂ ਦਾ ਜਾਇਜ਼ਾ ਲਿਆ।

ਡਿਪਟੀ ਕਮਿਸ਼ਨਰ ਨੇ ਪਿੰਡਾਂ ਵਿੱਚ ਫੇਅਰ ਪ੍ਰਾਈਸ ਸ਼ਾਪਸ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਕਾਰਜਾਂ, ਵਿੱਤੀ ਵਰ੍ਹੇ 2021-22 ਦੀ ਆਡਿਟ ਰਿਪੋਰਟ, ਜਲ ਸਰੋਤ ਵਿਭਾਗ ਦੇ ਚਤਰਨਗਰ ਮਾਇਨਰ ਦੇ ਕੰਮ, ਠੋਸ ਤੇ ਤਰਲ ਕੂੜੇ ਦੇ ਪ੍ਰਬੰਧਨ ਦੇ ਕਾਰਜ ਦੀ ਪ੍ਰਗਤੀ, ਪ੍ਰਧਾਨ ਮੰਤਰੀ ਆਵਾਸ ਯੋਜਨਾ, ਪ੍ਰਾਪਰਟੀ ਟੈਕਸ ਕੁਲੈਕਸ਼ਨ, ਭਾਦਸੋਂ, ਸਨੌਰ, ਦੇਵੀਗੜ੍ਹ, ਘੱਗਾ ਵਿਖੇ ਸੀਵਰੇਜ ਟ੍ਰੀਟਮੈਂਟ ਪਲਾਂਟ, ਅਮਰੁਤ 2.0 ਸਕੀਮ ਤਹਿਤ ਪ੍ਰਾਜੈਕਟਾਂ ਦੀ ਵੀ ਪ੍ਰਗਤੀ ਰਿਪੋਰਟ ਬਾਰੇ ਅਧਿਕਾਰੀਆਂ ਤੋਂ ਜਾਣਕਾਰੀ ਹਾਸਲ ਕੀਤੀ।



ਡਿਪਟੀ ਕਮਿਸ਼ਨ ਸ਼ੌਕਤ ਅਹਿਮਦ ਪਰੈ ਵਿਕਾਸ ਕਾਰਜਾਂ ਦਾ ਜਾਇਜ਼ਾ ਲੈਣ ਲਈ ਬੈਠਕ ਕਰਦੇ ਹੋਏ। *ਫ਼ੋਟੋ ਤੇ ਵੇਰਵਾ : ਪ੍ਰੈਸ ਕੀ ਤਾਕਤ*

## ਸੰਪਾਦਕੀ

### ਸੋਨੀਆ ਗਾਂਧੀ ਦੀ ਨਵੀਂ ਪਾਰੀ

ਸੋਨੀਆ ਗਾਂਧੀ ਪਹਿਲੀ ਵਾਰ 1999 ਵਿਚ ਅਮੇਠੀ ਤੋਂ ਲੋਕ ਸਭਾ ਲਈ ਚੁਣੇ ਗਏ ਸਨ। 2019 ਵਿਚ ਜਦੋਂ ਉਹ ਪੰਜਵੀਂ ਵਾਰ ਰਾਇ ਬਰੇਲੀ ਤੋਂ ਲੋਕ ਸਭਾ ਦੀ ਚੋਣ ਜਿੱਤੇ ਸਨ ਤਾਂ ਉੱਤਰ ਪ੍ਰਦੇਸ਼ ਦੀ ਇਹ ਇਕਮਾਤਰ ਸੀਟ ਸੀ ਜਿਸ ਤੋਂ ਕਾਂਗਰਸ ਨੂੰ ਜਿੱਤ ਨਸੀਬ ਹੋਈ ਸੀ। ਇਸ ਤੋਂ ਬਾਅਦ ਉਨ੍ਹਾਂ ਐਲਾਨ ਕੀਤਾ ਸੀ ਕਿ ਇਹ ਉਨ੍ਹਾਂ ਦੀ ਆਖਿ ?ਰੀ ਚੋਣ ਹੋਵੇਗੀ। ਉਨ੍ਹਾਂ ਦੀ ਸਿਹਤ ਨੂੰ ਲੈ ਕੇ ਅਜੇ ਵੀ ਤੌਖ਼ਲੇ ਹਨ। 77 ਸਾਲਾ ਕਾਂਗਰਸ ਆਗੂ ਨੇ ਹੁਣ ਰਾਜਸਥਾਨ ਤੋਂ ਰਾਜ ਸਭਾ ਦੀ ਮੈਂਬਰੀ ਲਈ ਨਾਮਜ਼ਦਗੀ ਕਾਗਜ਼ ਦਾਖ਼ਲ ਕਰਵਾ ਦਿੱਤੇ ਹਨ ਜਿਸ ਤੋਂ ਸਾਫ਼ ਹੋ ਗਿਆ ਹੈ ਕਿ ਉਹ ਹੁਣ ਚੁਣਾਵੀ ਰਾਜਨੀਤੀ ਵਿਚ ਦੁਬਾਰਾ ਨਹੀਂ ਆ ਰਹੇ। ਕਾਂਗਰਸ ਨੂੰ ਇਸ ਸੂਬੇ ਤੋਂ ਰਾਜ ਸਭਾ ਦੀ ਇਕ ਸੀਟ ਜਿੱਤਣ ਵਿਚ ਕੋਈ ਪ੍ਰੇਸ਼ਾਨੀ ਨਹੀਂ ਆਵੇਗੀ ਜਿਸ ਕਰ ਕੇ ਸੋਨੀਆ ਗਾਂਧੀ ਪਹਿਲੀ ਵਾਰ ਪਾਰਲੀਮੈਂਟ ਦੇ ਉੱਪਰਲੇ ਸਦਨ ਵਿਚ ਹਾਜ਼ਰੀ ਲਾਉਣ ਲਈ ਤਿਆਰ ਹੋ ਗਏ ਹਨ। ਭਾਰਤੀ ਜਨਤਾ ਪਾਰਟੀ ਦੇ ਜ਼ਬਰਦਸਤ ਪ੍ਰਚਾਰ ਦੇ ਸਨਮੁੱਖ ਕਾਂਗਰਸ ਪਾਰਟੀ ਨੂੰ ਆਸ ਹੈ ਕਿ ਮਹਿਲਾ ਆਗੂ ਦੇ ਪਾਰਲੀਮੈਂਟ ਵਿਚ ਆਪਣੀ ਮੌਜੂਦਗੀ ਬਰਕਰਾਰ ਰੱਖਣ ਦੇ ਫ਼ੈਸਲੇ ਨਾਲ ਉਸ ਨੂੰ ਅਗਲੀਆਂ ਚੋਣਾਂ ਵਿਚ ਫਾਇਦਾ ਮਿਲੇਗਾ।

ਜੇ ਵਡੇਰੀ ਤਸਵੀਰ ਦੇਖੀ ਜਾਵੇ ਤਾਂ ਆਮ ਚੋਣਾਂ ਤੋਂ ਦੋ ਮਹੀਨੇ ਪਹਿਲਾਂ 'ਇੰਡੀਆ' ਗੱਠਜੋੜ ਵਿਚ ਬਿਖਰਾਓ ਸ਼ੁਰੂ ਹੋਣ ਨਾਲ ਕਾਂਗਰਸ ਪਾਰਟੀ ਲਈ ਸਭ ਤੋਂ ਵੱਡੀ ਚੁਣੌਤੀ ਪੈਦਾ ਹੋ ਗਈ ਹੈ। ਵਿਰੋਧੀ ਧਿਰ ਦੀਆਂ ਪਾਰਟੀਆਂ ਦੇ ਇਕਜੁੱਟ ਨਾ ਹੋ ਸਕਣ ਕਰ ਕੇ ਇਨ੍ਹਾਂ ਲਈ ਭਾਜਪਾ ਨੂੰ ਟੱਕਰ ਦੇਣ ਦੇ ਆਸਾਰ ਦਿਨ-ਬਦਿਨ ਮੱਧਮ ਪੈ ਰਹੇ ਹਨ। ਸੋਨੀਆ ਗਾਂਧੀ ਦੀ ਥਾਂ ਰਾਇ ਬਰੇਲੀ ਤੋਂ ਕੌਣ ਉਮੀਦਵਾਰ ਹੋਵੇਗਾ, ਇਸ ਨੂੰ ਲੈ ਕੇ ਕੋਈ ਖ਼ਾਸ ਦਿਲਚਸਪੀ ਨਹੀਂ ਬਣੀ ਹਾਲਾਂਕਿ ਇਹ ਦੇਖਣ ਵਾਲੀ ਗੱਲ ਹੋਵੇਗੀ ਕਿ ਉਨ੍ਹਾਂ ਦੇ ਪਰਿਵਾਰ ਦਾ ਕੋਈ ਜੀਅ ਉਨ੍ਹਾਂ ਦੀ ਥਾਂ ਭਰਨ ਲਈ ਅੱਗੇ ਆਉਂਦਾ ਹੈ ਜਾਂ ਨਹੀਂ। ਰਾਹੁਲ ਗਾਂਧੀ 2019 ਵਿਚ ਅਮੇਠੀ ਤੋਂ ਚੋਣ ਹਾਰ ਗਏ ਸਨ। ਪ੍ਰਿਯੰਕਾ ਗਾਂਧੀ ਨੇ 2022 ਦੀਆਂ ਉੱਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਦੀ ਮੁਹਿੰਮ ਦੀ ਅਗਵਾਈ ਕੀਤੀ ਸੀ। ਇਹ ਦੋਵੇਂ ਹਲਕੇ ਗਾਂਧੀ ਪਰਿਵਾਰ ਦੇ ਰਵਾਇਤੀ ਗੜ੍ਹ ਮੰਨੇ ਜਾਂਦੇ ਰਹੇ ਹਨ ਅਤੇ ਇਨ੍ਹਾਂ ਉੱਪਰ ਚੋਣ ਲੜ ਕੇ ਪਾਰਟੀ ਦੀ ਚੋਣ ਮੁਹਿੰਮ ਨੂੰ ਹੁਲਾਰਾ ਮਿਲਦਾ ਹੈ ਪਰ ਵਡੇਰੇ ਗੱਠਜੋੜ ਤੋਂ ਬਗ਼ੈਰ ਇਨ੍ਹਾਂ ਸੀਟਾਂ 'ਤੇ ਵੀ ਜਿੱਤ ਦਰਜ ਕਰਨੀ ਹੁਣ ਸੌਖੀ ਨਹੀਂ ਰਹਿ ਗਈ। ਉਂਝ ਵੀ ਹੁਣ ਚੋਣ ਸਿਆਸਤ ਦੇ ਮਾਇਨੇ ਅਤੇ ਜਿੱਤਾਂ ਹਾਰਾਂ ਦੇ ਪੈਮਾਨੇ ਬਹੁਤ ਬਦਲ ਗਏ ਹਨ। ਪਿਛਲੇ ਕੁਝ ਸਾਲਾਂ ਦੌਰਾਨ ਤਾਂ ਇਸ ਵਿਚ ਵੱਡੀਆਂ ਤਬਦੀਲੀਆਂ ਦੇਖਣ ਨੂੰ ਮਿਲੀਆਂ ਹਨ।

ਕਿਸੇ ਸਮੇਂ ਸੋਨੀਆ ਗਾਂਧੀ ਨੂੰ ਘਰੇਲੂ ਸੁਆਣੀ ਕਹਿ ਕੇ ਦਰਕਿਨਾਰ ਕਰ ਦਿੱਤਾ ਗਿਆ ਸੀ, ਫਿਰ 1998 ਵਿਚ ਉਨ੍ਹਾਂ ਨੂੰ ਪਾਰਟੀ ਪ੍ਰਧਾਨ ਥਾਪਿਆ ਗਿਆ। ਉਨ੍ਹਾਂ ਆਪਣੇ ਕਾਰਜਕਾਲ ਵਿਚ ਪਾਰਟੀ ਨੂੰ ਸਫਲਤਾ ਵੀ ਦਿਵਾਈ ਅਤੇ ਨਾਲ ਹੀ ਨਾਕਾਮੀਆਂ ਦਾ ਮੂੰਹ ਵੀ ਦੇਖਣਾ ਪਿਆ। ਸਰਗਰਮ ਰਾਜਨੀਤੀ ਵਿਚ ਆਇਆਂ ਉਨ੍ਹਾਂ ਨੂੰ ਛੱਬੀ ਸਾਲ ਹੋ ਗਏ ਹਨ ਪਰ ਇਸ ਸਮੇਂ ਦੌਰਾਨ ਕਾਂਗਰਸ ਲੀਡਰਸ਼ਿਪ ਅਤੇ ਵਿਚਾਰਾਂ ਦੇ ਸੰਕਟ ਨਾਲ ਜੂਝਦੀ ਰਹੀ ਹੈ। ਜਦੋਂ ਸੋਨੀਆ ਗਾਂਧੀ ਦੀ ਦੇਣ ਦਾ ਲੇਖਾ ਜੋਖਾ ਕੀਤਾ ਜਾਵੇਗਾ ਤਾਂ ਉਹ ਇਸ ਨੁਕਤਾਚੀਨੀ ਤੋਂ ਬਚ ਨਹੀਂ ਸਕਣਗੇ।

### ਭਾਰਤ ਤੇ ਯੂਏਈ ਦੇ ਰਿਸ਼ਤੇ

ਆਬੂ ਧਾਬੀ ਵਿਚ ਪਹੁੰਚਣ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਯੂਏਈ (ਸੰਯੁਕਤ ਅਰਬ ਅਮੀਰਾਤ) ਵਿਚ ਹੋਣਾ ਉਨ੍ਹਾਂ ਨੂੰ 'ਆਪਣੇ ਘਰ ਵਿਚ ਹੋਣ' ਵਰਗਾ ਮਹਿਸੂਸ ਕਰਾਉਂਦਾ ਹੈ। ਉਨ੍ਹਾਂ ਦੀ ਇਹ ਛੋਟੀ ਜਿਹੀ ਟਿੱਪਣੀ ਦੋਵਾਂ ਮੁਲਕਾਂ ਦੇ ਆਪਸੀ ਰਿਸ਼ਤਿਆਂ ਦੀ ਮਜ਼ਬੂਤੀ ਅਤੇ ਡੂੰਘਾਈ ਜ਼ਾਹਿਰ ਕਰਦੀ ਹੈ। ਇਹ ਮੋਦੀ ਦੀ ਬੀਤੇ ਨੌਂ ਸਾਲਾਂ ਦੌਰਾਨ ਯੂਏਈ ਦੀ ਸੱਤਵੀਂ ਫੇਰੀ ਹੈ ਅਤੇ ਉਨ੍ਹਾਂ ਦੀ ਇਹ ਮੌਜੂਦਾ ਯੂਏਈ ਯਾਤਰਾ ਭੂ-ਸਿਆਸੀ, ਸੱਭਿਆਚਾਰਕ, ਆਰਥਿਕ ਸਹਿਯੋਗ ਆਦਿ ਦੇ ਪੱਖ ਤੋਂ ਦੋਵਾਂ ਮੁਲਕਾਂ ਦੇ ਦੁਵੱਲੇ ਸਬੰਧਾਂ ਨੂੰ ਅਗਲੇ ਪੱਧਰ ਤੱਕ ਲੈ ਗਈ ਹੈ।

ਇਸ ਮੌਕੇ ਭਾਰਤ ਅਤੇ ਯੂਏਈ ਨੇ ਊਰਜਾ, ਬੁਨਿਆਦੀ ਢਾਂਚੇ ਅਤੇ ਨਿਵੇਸ਼ ਵਰਗੇ ਅਹਿਮ ਸੈਕਟਰਾਂ ਵਿਚ ਆਪਸੀ ਸਹਿਯੋਗ ਲਈ 10 ਇਕਰਾਰਨਾਮੇ ਸਹੀਬੰਦ ਕੀਤੇ ਹਨ। ਦੋਵਾਂ ਮੁਲਕਾਂ ਦਾ ਦੁਵੱਲਾ ਵਪਾਰ 2022-23 ਵਿਚ ਕਰੀਬ 85 ਅਰਬ ਡਾਲਰ ਤੱਕ ਦਾ ਰਿਹਾ ਅਤੇ ਇਸ ਦੇ ਨਾਲ ਹੀ ਯੂਏਈ ਸਿੱਧੇ ਵਿਦੇਸ਼ੀ ਨਿਵੇਸ਼ ਦੇ ਮਾਮਲੇ ਵਿਚ ਭਾਰਤ ਵਿਚਲੇ ਸਭ ਤੋਂ ਵੱਡੇ ਨਿਵੇਸ਼ਕਾਂ ਵਿਚ ਸ਼ੁਮਾਰ ਹੈ। ਇਉਂ ਆਉਣ ਵਾਲੇ ਸਮੇਂ ਦੌਰਾਨ ਹੋਰ ਨਿਵੇਸ਼ ਲਈ ਰਾਹ ਮੋਕਲੇ ਹੋਣਗੇ। ਭਾਰਤ-ਮੱਧ ਪੂਰਬ-ਯੂਰੋਪੀਅਨ ਆਰਥਿਕ ਗਲਿਆਰੇ (India-Middle East-Europe Economic Corridor) ਦੀ ਮਜ਼ਬੂਤੀ ਅਤੇ ਇਸ ਦੇ ਸੰਚਾਲਨ ਲਈ ਸਹੀਬੰਦ ਕੀਤੇ ਗਏ ਅੰਤਰ-ਸਰਕਾਰੀ ਢਾਂਚਾ ਸਮਝੌਤੇ (Intergovernmental Framework Agreement) ਵੱਲੋਂ ਖੇਤਰੀ ਸੰਪਰਕ ਤੇ ਰਾਬਤੇ ਨੂੰ ਹੁਲਾਰਾ ਦਿੱਤੇ ਜਾਣ ਦੇ ਆਸਾਰ ਹਨ। ਇਸ ਗਲਿਆਰੇ ਦਾ ਐਲਾਨ ਬੀਤੇ ਸਾਲ ਸਤੰਬਰ ਵਿਚ ਨਵੀਂ ਦਿੱਲੀ 'ਚ ਜੀ-20 ਸਿਖਰ ਸੰਮੇਲਨ ਦੌਰਾਨ ਕੀਤਾ ਗਿਆ ਸੀ ਅਤੇ ਸਮਝਿਆ ਜਾਂਦਾ ਹੈ ਕਿ ਇਹ ਚੀਨ ਦੀ ਪੱਟੀ ਤੇ ਸੜਕ ਪਹਿਲਕਦਮੀ ਦਾ ਬਦਲ ਹੈ। ਇਸੇ ਤਰ੍ਹਾਂ ਤੁਰੰਤ ਅਦਾਇਗੀ ਪਲੈਟਫਾਰਮਾਂ ਭਾਰਤ ਦੇ ਯੂਪੀਆਈ ਅਤੇ ਯੂਏਈ ਦੇ ਏਐੱਨਆਈ ਨੂੰ ਆਪਸ ਵਿਚ ਜੋੜਨ ਲਈ ਸਹੀਬੰਦ ਕੀਤਾ ਗਿਆ ਇਕਰਾਰਨਾਮਾ ਅਤੇ ਨਾਲ ਹੀ ਘਰੇਲੂ ਡੈਬਿਟ/ਕ੍ਰੈਡਿਟ ਕਾਰਡਾਂ ਨੂੰ ਆਪਸ ਵਿਚ ਜੋੜਨ ਸਬੰਧੀ ਸਮਝੌਤਾ ਵੀ ਪ੍ਰਧਾਨ ਮੰਤਰੀ ਦੀ ਇਸ ਫੇਰੀ ਦੌਰਾਨ ਚੁੱਕੇ ਗਏ ਅਹਿਮ ਕਦਮ ਹਨ।

ਮੋਦੀ ਦੇ ਯੂਏਈ ਦੌਰੇ ਦਾ ਇਕ ਹੋਰ ਬਹੁਤ ਅਹਿਮ ਨੁਕਤਾ ਆਬੂ ਧਾਬੀ ਵਿਚ ਕੀਤਾ ਗਿਆ ਹਿੰਦੂ ਮੰਦਰ ਦਾ ਉਦਘਾਟਨ ਸੀ। ਇਹ ਮੰਦਰ ਇਕ ਪਾਸੇ ਮੁਸਲਿਮ ਬਹੁਗਿਣਤੀ ਵਾਲੇ ਇਸ ਮੁਲਕ ਵਿਚ ਅੰਤਰ-ਧਰਮ ਸਦਭਾਵਨਾ ਦਾ ਸਬੂਤ ਹੈ, ਉਥੇ ਇਹ ਯੂਏਈ ਵਿਚਲੇ ਬੜੀ ਵੱਡੀ ਗਿਣਤੀ, ਭਾਵ ਕਰੀਬ 35 ਲੱਖ ਪਰਵਾਸੀ ਭਾਰਤੀ ਭਾਈਚਾਰੇ ਲਈ ਧਾਰਮਿਕ ਤੇ ਸੱਭਿਆਚਾਰਕ ਪਹੁੰਚ ਨੂੰ ਵੀ ਦਰਸਾਉਂਦਾ ਹੈ ਜੋ ਯੂਏਈ ਵਿਚਲਾ ਸਭ ਤੋਂ ਵੱਡਾ ਪਰਵਾਸੀ ਭਾਈਚਾਰਾ ਹੈ। ਇਸ ਬਾਰੇ ਪ੍ਰਚਾਰ ਵੀ ਖੂਬ ਕੀਤਾ ਗਿਆ। ਸੰਭਵ ਹੈ ਕਿ ਆ ਰਹੀਆਂ ਆਮ ਚੋਣਾਂ ਨੂੰ ਧਿਆਨ ਵਿਚ ਰੱਖ ਕੇ ਅਜਿਹਾ ਕੀਤਾ ਹੋਵੇ। ਮੋਦੀ ਦੇ ਯੂਏਈ ਦੇ ਰਾਸ਼ਟਰਪਤੀ ਸ਼ੇਖ਼ ਮੁਹੰਮਦ ਬਿਨ ਜ਼ਾਇਦ ਅਲ ਨਾਹਿਯਾਨ ਨਾਲ ਤਾਲਮੇਲ ਤੇ ਆਪਸੀ ਸਮਝ ਨੇ ਦੋਵਾਂ ਮੁਲਕਾਂ ਨੂੰ ਕਰੀਬ ਲਿਆਉਣ ਵਿਚ ਅਹਿਮ ਭੂਮਿਕਾ ਨਿਭਾਈ ਹੈ। ਅਜਿਹੇ ਭਰੋਸੇਮੰਦ ਸਹਿਯੋਗੀ ਦਾ ਸਾਥ ਖਾੜੀ ਖ਼ਿੱਤੇ ਵਿਚ ਭਾਰਤ ਦੀ ਵਧਦੀ ਹੋਈ ਮੌਜੂਦਗੀ ਲਈ ਬਹੁਤ ਹੀ ਸ਼ੁਭ ਸੰਕੇਤ ਹੈ।

# ਭਾਰਤ ਦੀ ਪੀਐੱਲਆਈ ਯੋਜਨਾ ਦੀ ਉਪਲਬਧੀ ਅਤੇ ਭਵਿੱਖ ਦੀਆਂ ਸੰਭਾਵਨਾਵਾਂ ਦਾ ਮੁਲਾਂਕਣ

**ਸ਼੍ਰੀ ਰਾਜੇਸ਼ ਕੁਮਾਰ ਸਿੰਘ,**
**ਸਕੱਤਰ, ਡੀਪੀਆਈਆਈਟੀ**

ਭਾਰਤ ਦੀ ਜ਼ਿਕਰਯੋਗ ਵਿਕਾਸ ਗਾਥਾ ਵਿੱਚ ਜੇਕਰ ਕੋਈ ਚੁਣੌਤੀ ਹੁਣ ਤੱਕ ਬਣੀ ਹੋਈ ਹੈ, ਤਾਂ ਇਹ ਨਿਸੰਦੇਹ ਨਿਰਮਾਣ ਖੇਤਰ ਨਾਲ ਜੁੜੀ ਹੈ, ਜਿਸ ਦੀ ਭਾਰਤ ਦੇ ਜੀਵੀਏ ਵਿੱਚ ਹਿੱਸੇਦਾਰੀ ਸਿਰਫ਼ 17.4 ਪ੍ਰਤੀਸ਼ਤ 'ਤੇ ਬਣੀ ਹੋਈ ਹੈ। ਇਹ ਹਿੱਸੇਦਾਰੀ, ਖੇਤੀਬਾੜੀ ਦੀ ਹਿੱਸੇਦਾਰੀ ਤੋਂ ਵੀ ਘੱਟ ਹੈ। ਇਸ ਮਹੱਤਵਪੂਰਨ ਖੇਤਰ ਨੂੰ ਸਸ਼ਕਤ ਬਣਾਉਣ ਦੇ ਸਰਕਾਰ ਦੇ ਲਗਾਤਾਰ ਪ੍ਰਯਾਸਾਂ ਦੇ ਤਹਿਤ ਵਿਭਿੰਨ ਪਹਿਲਾਂ ਦੀ ਸ਼ੁਰੂਆਤ ਕੀਤੀ ਗਈ ਹੈ। ਇਨ੍ਹਾਂ ਪਹਿਲਾਂ ਵਿੱਚ ਆਤਮਨਿਰਭਰ ਭਾਰਤ ਅਭਿਯਾਨ ਦੇ ਤਹਿਤ ਸ਼ੁਰੂ ਕੀਤੀ ਗਈ ਉਤਪਾਦਨ ਨਾਲ ਜੁੜੀ ਪ੍ਰੋਤਸਾਹਨ (ਪੀਐੱਲਆਈ) ਯੋਜਨਾ ਸਭ ਤੋਂ ਪ੍ਰਮੁੱਖ ਹੈ।

ਘਰੇਲੂ ਨਿਰਮਾਣ ਵਿੱਚ ਓਵਰਹੌਲਿੰਗ ਦੇ ਲਕਸ਼ ਦੇ ਨਾਲ ਸ਼ੁਰੂ ਕੀਤੀ ਗਈ ਪੀਐੱਲਆਈ ਯੋਜਨਾ ਦਾ ਉਦੇਸ਼ ਸਮਰੱਥਾ ਅਤੇ ਕੁਸ਼ਲਤਾ ਨੂੰ ਵਧਾਉਣਾ ਅਤੇ ਗਲੋਬਲ ਚੈਂਪੀਅਨ ਦਾ ਨਿਰਮਾਣ ਕਰਨਾ ਹੈ। ਇਸ ਦੇ ਵਿਆਪਕ ਲਕਸ਼ਾਂ ਵਿੱਚ ਸ਼ਾਮਲ ਹਨ- ਰੋਜ਼ਗਾਰ ਸਿਰਜਣ ਕਰਨਾ, ਢੁੱਕਵੇਂ ਨਿਵੇਸ਼ਾਂ ਨੂੰ ਆਕਰਸ਼ਿਤ ਕਰਨਾ, ਨਿਰਯਾਤ ਵਧਾਉਣਾ ਅਤੇ ਭਾਰਤ ਨੂੰ ਗਲੋਬਲ ਮੈਨੂਫੈਕਚਰਿੰਗ ਹੱਬ ਦੇ ਰੂਪ ਵਿੱਚ ਸਥਾਪਿਤ ਕਰਨਾ। ਇਸ ਦੇ ਗੁਣਾਤਮਕ ਪ੍ਰਭਾਵ ਨਾਲ ਸਕਲ ਘਰੇਲੂ ਉਤਪਾਦ ਵਿੱਚ ਨਿਰਮਾਣ ਖੇਤਰ ਦੇ ਯੋਗਦਾਨ ਵਿੱਚ ਸੰਭਾਵਿਤ ਵਾਧਾ ਹੋ ਸਕਦਾ ਹੈ ਅਤੇ ਘਰੇਲੂ ਕੰਪਨੀਆ ਦਾ ਖੇਤਰੀ ਅਤੇ ਗਲੋਬਲ ਉਤਪਾਦਨ ਨੈੱਟਵਰਕ ਦੇ ਨਾਲ ਨਿਰਵਿਘਨ ਏਕੀਕਰਣ ਹੋ ਸਕਦਾ ਹੈ। ਆਪਣੀ ਸ਼ੁਰੂਆਤ ਦੇ ਬਾਅਦ ਤੋਂ, ਪੀਐੱਲਆਈ ਯੋਜਨਾ ਨੇ ਮਹੱਤਵਪੂਰਨ ਉਪਲਬਧੀਆਂ ਹਾਸਲ ਕੀਤੀਆਂ ਹਨ। 746 ਐਪਲੀਕੇਸ਼ਨਾਂ ਨੂੰ ਮਨਜ਼ੂਰੀ ਮਿਲਣ ਦੇ ਨਾਲ, ਇਸ ਯੋਜਨਾ ਨੇ ਕੁੱਲ 1.07 ਲੱਖ ਕਰੋੜ ਰੁਪਏ ਦਾ ਨਿਵੇਸ਼ ਅਰਜਿਤ ਕੀਤਾ ਹੈ। ਰੋਜ਼ਗਾਰ ਸਿਰਜਣ 'ਤੇ ਵੀ ਬਹੁਤ ਮਹੱਤਵਪੂਰਨ ਪ੍ਰਭਾਵ ਪਿਆ ਹੈ, ਪ੍ਰਤੱਖ ਅਤੇ ਅਪ੍ਰਤੱਖ ਦੋਵਾਂ ਵਿੱਚ, ਰੋਜ਼ਗਾਰ ਦੇ ਲਗਭਗ 7 ਲੱਖ ਨਵੇਂ ਅਵਸਰਾਂ ਦਾ ਸਿਰਜਣ ਹੋਇਆ ਹੈ। ਇਸ ਦੇ ਇਲਾਵਾ, ਉਤਪਾਦਨ ਅਤੇ ਵਿਕਰੀ ਵਧ ਕੇ 8.70 ਲੱਖ ਕਰੋੜ ਰੁਪਏ ਹੋ ਗਈ ਹੈ ਅਤੇ ਪ੍ਰੋਤਸਾਹਨ ਦੇ ਰੂਪ ਵਿੱਚ 4,415 ਕਰੋੜ ਰੁਪਏ ਵੰਡੇ ਗਏ ਹਨ। ਪ੍ਰਤੱਖ ਲਾਭਾਰਥੀਆਂ ਵਿੱਚ 8 ਪੀਐੱਲਆਈ ਖੇਤਰਾਂ ਦੀ 176ਐੱਮਐੱਸਐੱਮਈ ਸ਼ਾਮਲ ਹਨ।

ਵਿੱਤੀ ਵਰ੍ਹੇ 2021-22 ਤੋਂ ਵਿੱਤ ਵਰ੍ਹੇ 2028-29 ਤੱਕ ਸੱਤ ਸਾਲ ਦੀ ਮਿਆਦ ਵਿੱਚ, ਪੀਐੱਲਆਈ ਯੋਜਨਾ ਦੇ ਤਹਿਤ, 14 ਪ੍ਰਮੁੱਖ ਖੇਤਰਾਂ ਵਿੱਚ 3 ਲੱਖ ਕਰੋੜ ਰੁਪਏ ਦੀ ਨਿਵੇਸ਼ ਪ੍ਰਤੀਬੱਧਤਾਵਾਂ ਵਿਅਕਤ ਕੀਤੀਆਂ ਗਈਆਂ ਹਨ, ਜਿਸ ਵਿੱਚ ਫੌਕਸਕੌਨ, ਸੈਮਸੰਗ, ਵਿਪ੍ਰੋ, ਟਾਟਾ, ਰਿਲਾਇੰਸ, ਆਈਟੀਸੀ, ਜੇਐੱਸਡਬਲਿਊ, ਡਾਬਰ ਜਿਹੀਆਂ ਭਾਰਤੀ ਅਤੇ ਅੰਤਰਰਾਸ਼ਟਰੀ ਲੀਡਿੰਗ ਕੰਪਨੀਆਂ ਦੀ ਸਰਗਰਮ ਭਾਗੀਦਾਰੀ ਦੇਖਣ ਨੂੰ ਮਿਲੀ ਹੈ।

ਪੀਐੱਲਆਈ ਯੋਜਨਾ ਸਮਾਰਟਫੋਨ ਨਿਰਮਾਣ ਵਿੱਚ ਖਾਸ ਤੌਰ 'ਤੇ ਪ੍ਰਭਾਵੀ ਸਾਬਿਤ ਹੋਈ ਹੈ, ਜਿਸ ਨੇ ਮੋਬਾਈਲ ਨਿਰਯਾਤ ਵਿੱਚ ਲਗਭਗ ਨਾ-ਮਾਤਰ ਤੋਂ 2022-23 ਦੇ 11 ਬਿਲੀਅਨ ਡਾਲਰ ਦੇ ਜ਼ਿਕਰਯੋਗ ਵਾਧੇ ਵਿੱਚ ਯੋਗਦਾਨ ਦਿੱਤਾ ਹੈ। ਅਗਲੇ 2-3 ਵਰ੍ਹਿਆਂ ਵਿੱਚ ਬਾਕੀ 14 ਖੇਤਰਾਂ 'ਤੇ ਵੀ ਦੂਰਗਾਮੀ ਪ੍ਰਭਾਵ ਪੈਣ ਦਾ ਅਨੁਮਾਨ ਹੈ। ਮੋਬਾਈਲ ਨਿਰਮਾਣ (ਵਰਤਮਾਨ ਵਿੱਚ 20 ਪ੍ਰਤੀਸ਼ਤ) ਜਿਹੇ ਖੇਤਰਾਂ ਵਿੱਚ ਢੁੱਕਵੇਂ ਲੋਕਲ ਵੈਲਿਊ ਐਡੀਸ਼ਨ ਦੀ ਕਮੀ ਬਾਰੇ ਕੁਝ ਲੋਕਾਂ ਦੁਆਰਾ ਵਿਅਕਤ ਕੀਤੀਆਂ ਗਈਆਂ ਆਕਾਂਖਿਆਵਾਂ ਇੱਕ ਹਦ ਤੱਕ ਗਲਤ ਪ੍ਰਤੀਤ ਹੁੰਦੀਆਂ ਹਨ, ਜਦੋਂ ਅਸੀਂ ਇਸ ਖੇਤਰ ਦੇ ਨਾਲ-ਨਾਲ ਈ-ਵਾਹਨ ਜਿਹੇ ਖੇਤਰਾਂ ਵਿੱਚ ਲੋਕਲਾਈਜ਼ੇਸ਼ਨ ਦੇ ਲਗਾਤਾਰ ਵਧਦੇ ਰੁਝਾਨ ਨੂੰ ਦੇਖਦੇ ਹਾਂ, ਜਿੱਥੇ ਡੋਮੈਸਟਿਕ ਵੈਲਿਊ ਐਡੀਸ਼ਨ (ਡੀਵੀਏ) ਨਿਊਨਤਮ 50 ਪ੍ਰਤੀਸ਼ਤ ਹੈ। ਡੋਮੈਸਟਿਕ ਇਲੈਕਟ੍ਰੌਨਿਕ ਉਪਕਰਣਾਂ ਦੇ ਖੇਤਰ ਵਿੱਚ ਵੀ ਡੀਵੀਏ ਪਹਿਲਾਂ ਤੋਂ ਹੀ 45 ਪ੍ਰਤੀਸ਼ਤ ਹੈ ਅਤੇ ਇਸ ਨੂੰ 2028-29 ਤੱਕ 75 ਪ੍ਰਤੀਸ਼ਤ ਤੱਕ ਲੈ ਜਾਣ ਦਾ ਲਕਸ਼ ਤੈਅ ਕੀਤਾ ਗਿਆ ਹੈ।

ਇਸ ਦੇ ਇਲਾਵਾ, ਪੀਐੱਲਆਈ ਯੋਜਨਾ ਦਾ ਡਿਜ਼ਾਈਨ ਇਹ ਸੁਨਿਸ਼ਚਿਤ ਕਰਦਾ ਹੈ ਕਿ ਇਹ ਪ੍ਰੋਤਸਾਹਨ ਰਾਸ਼ੀ ਜਾਰੀ ਹੋਣ ਤੋਂ ਪਹਿਲਾਂ ਵਿਕਰੀ (ਨਿਰਯਾਤ ਸਹਿਤ) ਦੇ ਨਾਲ-ਨਾਲ ਵਾਧੂ ਨਿਵੇਸ਼ ਨੂੰ ਵੀ ਗਤੀ ਪ੍ਰਦਾਨ ਕਰੇ। ਇਸ ਦਾ ਮਤਲਬ ਇਹ ਹੈ ਕਿ ਨੈੱਟ ਪ੍ਰੈਜ਼ੈਂਟ ਵੈਲਿਊ (ਐੱਨਪੀਵੀ) ਦੇ ਸੰਦਰਭ ਵਿੱਚ ਇਹ ਯੋਜਨਾ ਆਪਣੇ ਆਪ ਵਿੱਚ ਆਤਮਨਿਰਭਰ ਹੈ, ਕਿਉਂਕਿ ਵੰਡੇ ਜਾਣ ਵਾਲੇ ਪ੍ਰੋਤਸਹਾਨਾਂ ਦੀ ਤੁਲਨਾ ਵਿੱਚ ਰੈਵੇਨਿਊ ਸਟ੍ਰੀਮਸ (ਜੀਐੱਸਟੀ ਅਤੇ ਡਾਇਰੈਕਟ ਟੈਕਸ ਕਲੈਕਸ਼ਨ ਦੇ ਰੂਪ ਵਿੱਚ) ਨੂੰ ਹਿਸਾਬ ਵਿੱਚ ਸ਼ਾਮਲ ਕੀਤਾ ਜਾਵੇ, ਤਾਂ ਇਹ ਆਪਣੇ ਲਈ ਅਧਿਕ ਭੁਗਤਾਨ ਪ੍ਰਾਪਤ ਕਰਦੀ ਹੈ। ਇਸ ਨਾਲ ਇਹ ਵੀ ਸੁਨਿਸ਼ਚਿਤ ਹੁੰਦਾ ਹੈ ਕਿ ਇਕਾਈਆਂ ਦੁਆਰਾ ਦੁਕਾਨ ਸਥਾਪਿਤ ਕਰਨ ਅਤੇ ਸਬਸਿਡੀ ਪ੍ਰਾਪਤ ਕਰਨ ਦੇ ਬਾਅਦ ਇਨ੍ਹਾਂ ਨੂੰ ਬੰਦ ਕਰਨ ਦੀ ਬਹੁਤ ਘੱਟ ਸੰਭਾਵਨਾ ਹੈ ਜਾਂ ਕੋਈ ਸੰਭਾਵਨਾ ਨਹੀਂ ਹੈ, ਜਿਵੇਂ ਸਬਸਿਡੀ ਨਾਲ ਜੁੜੀ ਹੋਰ ਸਰਕਾਰੀ ਯੋਜਨਾਵਾਂ ਦੇ ਮਾਮਲੇ ਵਿੱਚ ਅਕਸਰ ਹੁੰਦਾ ਹੈ।

ਸਰਕਾਰ ਨੇ ਸਥਾਨਕ ਨਿਰਮਾਣ ਨੂੰ ਮਜ਼ਬੂਤ ਕਰਨ ਦੇ ਲਈ ਗੁਣਵੱਤਾ ਕੰਟ੍ਰੋਲ ਸਹਿਤ ਅਤਿਰਿਕਤ ਉਪਾਵਾਂ ਨੂੰ ਪੀਐੱਲਆਈ ਯੋਜਨਾ ਦੇ ਲਈ ਪੂਰਕ ਬਣਾਇਆ ਹੈ। ਉਦਾਹਰਣ ਦੇ ਲਈ, ਇਸ ਰਣਨੀਤਕ ਦ੍ਰਿਸ਼ਟੀਕੋਣ ਨੇ ਖਿਡੌਣੇ ਖੇਤਰ ਨੂੰ ਅੱਗੇ ਵਧਾਇਆ ਹੈ, ਜਿਸ ਦਾ ਨਿਰਯਾਤ 96 ਮਿਲੀਅਨ ਡਾਲਰ ਤੋਂ ਵਧ ਕੇ 2022-23 ਵਿੱਚ 326 ਮਿਲੀਅਨ ਡਾਲਰ ਹੋ ਗਿਆ ਹੈ। ਇਸੇ ਤਰ੍ਹਾਂ, ਸਥਾਨਕ ਖਰੀਦ ਅਤੇ ਰੱਖਿਆ ਗਲਿਆਰਿਆਂ ਨੂੰ ਖੋਲਣ ਜਿਹੀਆਂ ਨੀਤੀਆਂ ਨਾਲ ਉਤਸ਼ਾਹਿਤ ਰੱਖਿਆ ਖੇਤਰ ਦੇ ਨਿਰਯਾਤ ਵਿੱਚ ਭਾਰੀ ਵਾਧਾ ਦਰਜ ਕੀਤਾ ਗਿਆ ਹੈ। ਰੱਖਿਆ ਨਿਰਯਾਤ 2014-15 ਦੇ 700 ਕਰੋੜ ਰੁਪਏ ਤੋਂ ਵਧ ਕੇ 2022-23 ਵਿੱਚ 16,000 ਕਰੋੜ ਰੁਪਏ ਤੱਕ ਪਹੁੰਚ ਗਿਆ ਹੈ।

ਇਹ ਸਫ਼ਲਤਾਵਾਂ ਇੱਕ ਮਜ਼ਬੂਤ ਅਤੇ ਆਤਮਨਿਰਭਰ ਈਕੋਸਿਸਟਮ ਦੇ ਕ੍ਰਮਿਕ ਵਿਕਾਸ ਦਾ ਸੰਕੇਤ ਦਿੰਦੀਆਂ ਹਨ। ਐਡਵਾਂਸ ਟੈਕਨੋਲੋਜੀਆਂ 'ਤੇ ਪੀਐੱਲਆਈ ਯੋਜਨਾ ਦਾ ਧਿਆਨ, ਮੌਜੂਦਾ ਸ਼੍ਰਮ ਬਲ ਦੇ ਕੌਸ਼ਲ ਨੂੰ ਬਿਹਤਰ ਕਰਨ, ਤਕਨੀਕੀ ਤੌਰ 'ਤੇ ਪੁਰਾਣੀ ਮਸ਼ੀਨਰੀ ਨੂੰ ਬਦਲਣ ਅਤੇ ਨਿਰਮਾਣ ਖੇਤਰ ਨੂੰ ਵਿਸ਼ਵ ਪੱਧਰ 'ਤੇ ਪ੍ਰਤੀਯੋਗੀ ਬਣਾਉਣ ਵਿੱਚ ਸਮਰੱਥ ਬਣਾਵੇਗਾ। ਖਾਸ ਤੌਰ 'ਤੇ ਦੂਰਸੰਚਾਰ ਅਤੇ ਨੈੱਟਵਰਕਿੰਗ ਉਤਪਾਦਾਂ ਦੇ ਖੇਤਰ ਵਿੱਚ, ਵਧੀ ਹੋਈ ਉਤਪਾਦਨ ਮਾਤਰਾ ਵਧਦੀ ਉਪਭੋਗਤਾ ਮੰਗ ਨੂੰ ਪੂਰਾ ਕਰ ਰਹੀ ਹੈ, ਜਿੱਥੇ ਯੋਜਨਾ ਦੇ ਸਮੇਂ 'ਤੇ ਲਾਗੂ ਹੋਣ ਨਾਲ ਪੂਰੇ ਭਾਰਤ ਵਿੱਚ 4ਜੀ ਅਤੇ 5ਜੀ ਉਤਪਾਦਾਂ ਨੂੰ ਤੇਜ਼ੀ ਨਾਲ ਅਪਣਾਉਣ ਦੀ ਸੁਵਿਧਾ ਮਿਲੀ ਹੈ।

ਇਸ ਦੇ ਇਲਾਵਾ, ਈ-ਵਾਹਨ, ਸੋਲਰ ਪੈਨਲਸ ਜਿਹੀਆਂ ਗ੍ਰੀਨ ਟੈਕਨੋਲੋਜੀਆਂ ਵਿੱਚ ਪੀਐੱਲਆਈ ਨੇ, ਫੇਮ ਯੋਜਨਾ ਅਤੇ ਅਖੁੱਟ ਊਰਜਾ ਉਪਯੋਗ ਨੂੰ ਵਧਾਉਣ ਜਿਹੇ ਮੰਗ ਪੱਖ ਦੇ ਉਪਾਵਾਂ ਦੇ ਨਾਲ ਮਿਲ ਕੇ, ਭਾਰਤ ਨੂੰ ਅਖੁੱਟ ਊਰਜਾ 'ਤੇ ਆਪਣੇ ਐੱਨਡੀਸੀ ਲਕਸ਼ਾਂ ਤੋਂ ਵੀ ਪਾਰ ਜਾਣ ਵਿੱਚ ਮਦਦ ਕੀਤੀ ਹੈ। ਪੀਐੱਲਆਈ ਦੇ ਤਹਿਤ ਵਧੀ ਹੋਈ ਵਿਕਰੀ ਦੇ ਲਈ ਬਿਹਤਰ ਲੌਜਿਸਟਿਕਸ ਕਨੈਕਟੀਵਿਟੀ ਦਾ ਜ਼ਰੂਰਤ ਹੋਵੇਗੀ, ਜਿਸ ਦਾ ਸਮਾਧਾਨ ਪੀਐੱਮ ਗਤੀ ਮਾਸਟਰ ਪਲਾਨ ਦਾ ਉਪਯੋਗ ਕਰਕੇ ਸਾਡੇ ਇਨਫ੍ਰਾਸਟ੍ਰਕਚਰ ਵਿੱਚ ਭਾਰੀ ਨਿਵੇਸ਼ ਦੁਆਰਾ ਕੀਤਾ ਗਿਆ ਹੈ। ਇਨਫ੍ਰਾਸਟ੍ਰਕਚਰ ਵਿੱਚ ਭਾਰੀ ਨਿਵੇਸ਼ ਨਾਲ ਪੂਰੇ ਭਾਰਤ ਵਿੱਚ ਨਿਰਮਾਣ ਖੇਤਰਾਂ ਨੂੰ ਮਲਟੀਮਾਡਲ ਕਨੈਕਟੀਵਿਟੀ ਪ੍ਰਦਾਨ ਕਰਨਾ ਸੰਭਵ ਹੋਵੇਗਾ। ਪਲੱਗ-ਐਂਡ-ਪਲੇਅ ਇਨਫ੍ਰਾਸਟ੍ਰਕਚਰ ਦੇ ਨਾਲ ਕਲਸਟਰ ਪਾਰਕ ਵਿਭਿੰਨ ਖੇਤਰਾਂ ਵਿੱਚ ਨਿਰਮਾਣ ਨੂੰ ਵਧੇਰੇ ਸਮਰਥਨ ਪ੍ਰਦਾਨ ਕਰਦੇ ਹਨ।

ਰਾਜਾਂ ਦੇ ਨਾਲ ਨਜ਼ਦੀਕੀ ਸਹਿਯੋਗ ਦੇ ਮਾਧਿਅਮ ਨਾਲ ਪ੍ਰਾਪਤ ਇੱਕ ਸਮਾਵੇਸ਼ੀ ਦ੍ਰਿਸ਼ਟੀਕੋਣ, ਭਾਰਤ ਦੇ ਪੁਲਾੜ ਖੇਤਰਾਂ ਵਿੱਚ ਉਦਯੋਗਾਂ ਅਤੇ ਕਾਰੀਗਰਾਂ ਨੂੰ ਦੇਸ਼ ਦੀ ਵਿਕਾਸ ਗਾਥਾ ਦਾ ਅਭਿੰਨ ਅੰਗ ਬਣਨ ਦੇ ਲਈ ਸਸ਼ਕਤ ਬਣਾ ਰਿਹਾ ਹੈ। ਵੰਨ ਡਿਸਟ੍ਰਿਕਟ-ਵੰਨ ਪ੍ਰੋਡਕਟ ਅਤੇ ਪਰੰਪਰਾਗਤ ਉਦਯੋਗਾਂ ਨੂੰ ਵਧਾਉਣ ਦੇ ਲਈ ਕਲਸਟਰ- ਅਧਾਰਿਤ ਯੋਜਨਾ - ਸਫੂਰਤੀ, ਜਿਹੀਆਂ ਪਹਿਲਾਂ ਭਾਰਤ ਅਤੇ ਉਸ ਦੇ ਉਦਯੋਗਾਂ ਦੇ ਲਈ ਕਥਿਤ ਪ੍ਰਤੀਯੋਗੀ ਨੁਕਸਾਨ ਨੂੰ ਸ਼ੌਰਟ ਟਰਮ ਅਤੇ ਲੌਂਗ ਟਰਮ ਫਾਇਦੇ ਵਿੱਚ ਬਦਲ ਰਹੀਆਂ ਹਨ।

ਮਹਾਮਾਰੀ ਅਤੇ ਪਰਿਣਾਮੀ ਗਲੋਬਲ ਸਮਾਜਿਕ-ਆਰਥਿਕ ਉਥਲ-ਪੁਥਲ ਤੋਂ ਉਤਪੰਨ ਚੁਣੌਤੀਆਂ ਨੇ ਪੀਐੱਲਆਈ ਯੋਜਨਾ ਦੇ ਉਦੇਸ਼ਾਂ ਦੀ ਪੁਸ਼ਟੀ ਕੀਤੀ ਹੈ। ਇਸ ਦਾ ਸਬੰਧ ਈਕੋਸਿਸਟਮ ਇਹ ਸੁਨਿਸ਼ਚਿਤ ਕਰਦਾ ਹੈ ਕਿ ਭਾਰਤ ਗਲੋਬਲ ਵੈਲਿਊ ਚੇਨਸ (ਜੀਵੀਸੀਜ਼), ਜੋ ਸਪਲਾਈ ਚੇਨ ਵਿਵਿਧੀਕਰਣ ਵਿੱਚ ਯੋਗਦਾਨ ਦਿੰਦੀਆਂ ਹਨ ਅਤੇ ਅਸ਼ਾਂਤ ਗਲੋਬਲ ਦ੍ਰਿਸ਼ ਵਿੱਚ ਰਾਸ਼ਟਰੀ ਸੁਰੱਖਿਆ ਨੂੰ ਵਧਾਉਂਦੀਆਂ ਹਨ, ਦੇ ਨਾਲ ਏਕੀਕ੍ਰਿਤ ਹੋਣ ਦੀ ਰਣਨੀਤਕ ਸਥਿਤੀ ਵਿੱਚ ਹੈ। ਇੱਕ ਵਿਕਸਿਤ ਰਾਸ਼ਟਰ ਬਣਨ ਦੀ ਰਾਹ 'ਤੇ ਗਲੋਬਲ ਚੈਂਪੀਅਨ ਦੇ ਰੂਪ ਵਿੱਚ ਉਭਰਣ ਦੇ ਦੇਸ਼ ਦੇ ਦ੍ਰਿਸ਼ਟੀਕੋਣ ਦੇ ਨਾਲ ਜੁੜ ਕੇ, ਭਾਰਤੀ ਨਿਰਮਾਤਾ ਆਪਣੇ ਸੁਵਿਧਾ-ਖੇਤਰ ਨਾਲ ਅੱਗੇ ਵਧਣ ਦੇ ਪ੍ਰਤੀ ਉਤਸ਼ਾਹਿਤ ਹਨ।

ਸਿੱਟੇ ਵਜੋਂ ਇਹ ਕਿਹਾ ਜਾ ਸਕਦਾ ਹੈ ਕਿ ਪੀਐੱਲਆਈ ਯੋਜਨਾ ਭਾਰਤ ਦੇ ਮੈਨੂਫੈਕਚਰਿੰਗ ਲੈਂਡਸਕੇਪ ਨੂੰ ਨਵਾਂ ਆਕਾਰ ਦੇਣ ਵਾਲੀ ਇੱਕ ਮਹੱਤਵਪੂਰਨ ਸ਼ਕਤੀ ਦੇ ਰੂਪ ਵਿੱਚ ਉਭਰੀ ਹੈ। ਇਸ ਦੀਆਂ ਉਪਲਬਧੀਆਂ, ਰਣਨੀਤਕ ਪਹਿਲਾਂ ਦੀ ਪਰਿਵਰਤਨਕਾਰੀ ਸ਼ਕਤੀ ਅਤੇ ਭਾਰਤ ਨੂੰ ਗਲੋਬਲ ਆਰਥਿਕ ਮਹਾਸ਼ਕਤੀ ਦੇ ਰੂਪ ਵਿੱਚ ਸਥਾਪਿਤ ਕਰਨ ਦੀ ਸਮਰੱਥਾ ਨੂੰ ਰੇਖਾਂਕਿਤ ਕਰਦੀਆਂ ਹਨ। ਇਹ ਯੋਜਨਾ ਭਾਰਤ ਨੂੰ ਇਨੋਵੇਸ਼ਨ, ਟਿਕਾਊ ਅਤੇ ਸਮਾਵੇਸ਼ੀ ਵਿਕਾਸ ਦੇ ਭਵਿੱਖ ਦੇ ਵੱਲ ਅੱਗੇ ਵਧਾਉਂਦੀ ਹੈ। ਦੇਸ਼ ਨਿਰਮਾਣ ਉਤਕ੍ਰਿਸ਼ਟਤਾ ਦੇ ਇੱਕ ਨਵੇਂ ਯੁਗ ਦੇ ਮੁਹਾਨੇ 'ਤੇ ਖੜਾ ਹੈ।

# ਪੰਜਾਬ ਸੰਭਾਵੀ ਹਾਦਸਿਆਂ ਵਾਲੇ ਸਾਰੇ 784 ਬਲੈਕ ਸਪਾਟਸ ਦੀ ਸ਼ਨਾਖ਼ਤ ਕਰਨ ਅਤੇ 60 ਫ਼ੀਸਦੀ ਨੂੰ ਦਰੁਸਤ ਕਰਨ ਵਾਲਾ ਦੇਸ਼ ਦਾ ਪਹਿਲਾ ਸੂਬਾ: ਲਾਲਜੀਤ ਸਿੰਘ ਭੁੱਲਰ

- ਟਰਾਂਸਪੋਰਟ ਮੰਤਰੀ ਨੇ ਸੜਕ ਸੁਰੱਖਿਆ ਮਹੀਨੇ ਦੀ ਕੀਤੀ ਸਮਾਪਤੀ
- ਸਰਕਾਰ ਸੜਕ ਹਾਦਸਿਆਂ 'ਚ ਮੌਤ ਦਰ ਘਟਾਉਣ ਲਈ ਲਗਾਤਾਰ ਯਤਨਸ਼ੀਲ
- ਸੜਕੀ ਹਾਦਸਿਆਂ ਵਾਲੇ ਬਲੈਕ ਸਪਾਟਸ ਦੀ ਸ਼ਨਾਖ਼ਤ ਤੇ ਸੁਧਾਰ ਅਤੇ ਇਸ ਦੇ ਪ੍ਰਭਾਵ ਵਿਸ਼ੇ 'ਤੇ ਵਰਕਸ਼ਾਪ ਅਤੇ ਸੜਕ ਸੁਰੱਖਿਆ 'ਤੇ ਲੈਕਚਰ ਕਰਵਾਇਆ

**ਚੰਡੀਗੜ੍ਹ, 17 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਟਰਾਂਸਪੋਰਟ ਮੰਤਰੀ ਸ. ਲਾਲਜੀਤ ਸਿੰਘ ਭੁੱਲਰ ਨੇ ਅੱਜ ਦੱਸਿਆ ਕਿ ਪੰਜਾਬ ਨਵੀਨਤਮ ਇੰਜੀਨੀਅਰਿੰਗ ਤਕਨੀਕਾਂ ਦੀ ਸਹਾਇਤਾ ਨਾਲ ਸੰਭਾਵੀ ਹਾਦਸਿਆਂ ਵਾਲੇ ਸਾਰੇ 784 ਬਲਾਕ ਸਪਾਟਸ ਦੀ ਸ਼ਨਾਖ਼ਤ ਕਰਨ ਅਤੇ ਇਨ੍ਹਾਂ ਵਿੱਚੋਂ 60 ਫ਼ੀਸਦੀ ਨੂੰ ਦਰੁਸਤ ਕਰਨ ਵਾਲਾ ਦੇਸ਼ ਦਾ ਪਹਿਲਾ ਸੂਬਾ ਹੈ।

ਇੱਥੇ ਮਗਸੀਪਾ ਵਿਖੇ 'ਸੜਕ ਸੁਰੱਖਿਆ ਮਹੀਨੇ' ਦੇ ਸਮਾਪਤੀ ਸਮਾਰੋਹ ਦੌਰਾਨ ਪੀ.ਆਰ.ਟੀ.ਸੀ./ਪੀ.ਬੀ. ਰੋਡਵੇਜ਼, ਟਰੱਕਾਂ ਅਤੇ ਸਕੂਲ ਬੱਸਾਂ ਦੇ ਡਰਾਈਵਰਾਂ, ਪ੍ਰਾਈਵੇਟ ਬੱਸ ਅਪਰੇਟਰਾਂ ਅਤੇ ਟੈਕਸੀ ਆਪਰੇਟਰਾਂ ਨੂੰ ਸੰਬੋਧਨ ਕਰਦਿਆਂ ਟਰਾਂਸਪੋਰਟ ਮੰਤਰੀ ਨੇ ਕਿਹਾ ਕਿ ਸੜਕ ਹਾਦਸਿਆਂ ਵਿੱਚ ਮੌਤ ਦਰ ਨੂੰ ਹੋਰ ਘਟਾਉਣ ਲਈ ਐਨ.ਐਚ.ਏ.ਆਈ. ਦੀ ਮਦਦ ਨਾਲ ਹੁਣ ਤੱਕ ਇਨ੍ਹਾਂ ਬਲੈਕ ਸਪਾਟਾਂ ਨੂੰ ਦਰੁਸਤ ਕਰਨ ਲਈ ਲਗਭਗ 700 ਕਰੋੜ ਰੁਪਏ ਖ਼ਰਚ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਸੜਕੀ ਹਾਦਸਿਆਂ ਵਿੱਚ ਅਜਾਈਂ ਜਾਂਦੀਆਂ ਕੀਮਤੀ ਜਾਨਾਂ ਬਚਾਉਣ ਲਈ ਲਗਾਤਾਰ ਕੰਮ ਕਰ ਰਹੀ ਹੈ, ਜਿਸ ਲਈ ਸੜਕ ਸੁਰੱਖਿਆ ਫੋਰਸ ਦੀ ਸਥਾਪਨਾ, ਜੰਕਸ਼ਨਾਂ 'ਤੇ ਸੀ.ਸੀ.ਟੀ.ਵੀ. ਕੈਮਰੇ ਲਗਾਉਣ, ਸਪੀਡੋ ਅਤੇ ਐਲਕੋ-ਮੀਟਰਾਂ ਦੀ ਵਰਤੋਂ ਵਰਗੇ ਵੱਖ-ਵੱਖ ਕਦਮ ਚੁੱਕੇ ਗਏ ਹਨ। ਡਰਾਈਵਰਾਂ ਨੂੰ ਸੇਫਟੀ ਬੈਲਟ ਨਿਯਮਿਤ ਤੌਰ 'ਤੇ ਲਾਉਣ ਦੀ ਅਪੀਲ ਕੈਬਨਿਟ ਮੰਤਰੀ ਨੇ ਕਿਹਾ ਕਿ ਟੈਕਸੀਆਂ ਅਤੇ ਕਾਰਾਂ ਵਿੱਚ ਪਿਛਲੀ ਸੀਟ ਦੀ ਬੈਲਟ ਦੀ ਵਰਤੋਂ ਵੀ ਯਕੀਨੀ ਬਣਾਈ ਜਾਵੇ।

ਸਮਾਗਮ ਨੂੰ ਸੰਬੋਧਨ ਕਰਦਿਆਂ ਡਾਇਰੈਕਟਰ ਜਨਰਲ ਲੀਡ ਏਜੰਸੀ ਸ੍ਰੀ ਆਰ. ਵੈਂਕਟ ਰਤਨਮ ਨੇ ਦੱਸਿਆ ਕਿ ਸੜਕ ਸੁਰੱਖਿਆ ਮਹੀਨੇ ਦੌਰਾਨ ਸੂਬੇ ਭਰ ਵਿੱਚ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਗਈਆਂ, ਜਿਨ੍ਹਾਂ ਵਿੱਚ ਸਾਈਕਲ/ਦੋ-ਪਹੀਆ ਵਾਹਨ ਰੈਲੀਆਂ, ਟਰਾਂਸਪੋਰਟ ਵਾਹਨਾਂ 'ਤੇ ਰੀਟਰੋ-ਰਿਫਲੈਕਟਿਵ ਟੇਪ ਲਗਾਉਣਾ, ਡਰਾਈਵਰਾਂ ਨਾਲ ਨੁੱਕੜ ਟਾਕ, ਸੀਟ ਬੈਲਟ ਤੇ ਹੈਲਮੇਟ ਅਤੇ ਲਾਲ ਬੱਤੀ ਦੀ ਉਲੰਘਣਾ ਬਾਰੇ ਜਾਗਰੂਕਤਾ ਮੁਹਿੰਮਾਂ, ਤੇਜ਼ ਰਫਤਾਰ ਅਤੇ ਸ਼ਰਾਬ ਪੀ ਕੇ ਡਰਾਈਵਿੰਗ ਵਿਰੁੱਧ ਵਿਸ਼ੇਸ਼ ਮੁਹਿੰਮਾਂ, ਸੜਕ ਕਿਨਾਰੇ ਉੱਗੀ ਬਨਸਪਤੀ ਦੀ ਸਫ਼ਾਈ, ਰੋਡ ਸਾਈਨਜ਼ ਲਗਾਉਣਾ, ਡਰਾਈਵਰਾਂ ਲਈ ਮੈਡੀਕਲ/ਅੱਖਾਂ ਦਾ ਚੈਕਅੱਪ ਕੈਂਪ ਅਤੇ ਸੰਭਾਵੀ ਹਾਦਸੇ ਵਾਲੀਆਂ ਥਾਵਾਂ ਦੀ ਸ਼ਨਾਖ਼ਤ ਕਰਨਾ ਸ਼ਾਮਲ ਸੀ। ਇਸ ਤੋਂ ਇਲਾਵਾ ਸਕੂਲ ਸਿੱਖਿਆ, ਉਚੇਰੀ ਸਿੱਖਿਆ ਅਤੇ ਤਕਨੀਕੀ ਸਿੱਖਿਆ ਵਿਭਾਗਾਂ ਦੇ ਸਹਿਯੋਗ ਨਾਲ ਸਮਾਜ ਸੇਵੀ ਸੰਗਠਨਾਂ ਅਤੇ ਸੜਕ ਸੁਰੱਖਿਆ ਮਾਹਿਰਾਂ ਦੇ ਸਹਿਯੋਗ ਨਾਲ ਸੜਕ ਸੁਰੱਖਿਆ ਬਾਰੇ ਭਾਸ਼ਣ, ਵਾਕਥੌਨ, ਪੋਸਟਰ ਮੇਕਿੰਗ ਤੇ ਕੁਇਜ਼ ਮੁਕਾਬਲੇ, ਪ੍ਰਦਰਸ਼ਨੀਆਂ ਤੇ ਭਾਸ਼ਣ ਮੁਕਾਬਲੇ ਕਰਵਾਏ ਗਏ।

ਇਸ ਮੌਕੇ ਐਕਸੀਡੈਂਟ ਬਲੈਕ ਸਪਾਟਸ ਦੀ ਸ਼ਨਾਖ਼ਤ ਤੇ ਸੁਧਾਰ ਅਤੇ ਇਸ ਦੇ ਪ੍ਰਭਾਵ ਵਿਸ਼ੇ 'ਤੇ ਵਰਕਸ਼ਾਪ ਕਰਵਾਈ ਗਈ, ਜਿਸ ਵਿੱਚ ਸੜਕੀ ਮਾਮਲਿਆਂ ਨਾਲ ਸਬੰਧਤ ਵਿਭਾਗ ਜਿਵੇਂ ਐਨ.ਐਚ.ਏ.ਆਈ., ਪੀ.ਡਬਲਿਊ.ਡੀ. (ਬੀ ਐਂਡ ਆਰ), ਸਥਾਨਕ ਸਰਕਾਰਾਂ, ਪੰਜਾਬ ਮੰਡੀ ਬੋਰਡ ਵੱਲੋਂ ਇਸ ਮਹੀਨੇ ਦੌਰਾਨ ਕੀਤੀਆਂ ਪਹਿਲਕਦਮੀਆਂ ਦੀ ਰਿਪੋਰਟ ਪੇਸ਼ ਕੀਤੀ ਗਈ। ਇਸ ਮੌਕੇ ਏ.ਡੀ.ਜੀ.ਪੀ.( ਟ੍ਰੈਫਿਕ) ਸ੍ਰੀ ਏ.ਐਸ. ਰਾਏ, ਟਰੈਫਿਕ ਸਲਾਹਕਾਰ ਪੰਜਾਬ ਸ੍ਰੀ ਨਵਦੀਪ ਅਸੀਜਾ ਨੇ ਵੀ ਸਮਾਗਮ ਨੂੰ ਸੰਬੋਧਨ ਕੀਤਾ। ਸਮਾਗਮ ਦੌਰਾਨ ਡਰਾਈਵਰਾਂ ਨੂੰ ਵਾਹਨਾਂ ਵਿੱਚ ਰੱਖਣ ਲਈ ਲਗਭਗ 400 ਫਸਟ-ਏਡ ਕਿੱਟਾਂ ਵੰਡੀਆਂ ਗਈਆਂ। ਇਹ ਕਿੱਟਾਂ ਐਮ.ਡੀ. ਮਿਲਕਫੈੱਡ ਸ੍ਰੀ ਕਮਲ ਗਰਗ, ਆਈ.ਏ.ਐਸ. ਵੱਲੋਂ ਸਪਾਂਸਰ ਕੀਤੀਆਂ ਗਈਆਂ।

# ਭਾਜਪਾ ਆਗੂ ਸੰਜੇ ਟੰਡਨ ਨੇ 'ਪਿੰਡ ਚਲੋ ਮੁਹਿੰਮ' ਤਹਿਤ ਲੋਕਾਂ ਨੂੰ ਭਾਜਪਾ ਸਰਕਾਰ ਦੀਆਂ 10 ਸਾਲਾਂ ਦੀਆਂ ਪ੍ਰਾਪਤੀਆਂ ਬਾਰੇ ਦਿੱਤੀ ਜਾਣਕਾਰੀ

**ਚੰਡੀਗੜ੍ਹ, 17 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਚੰਡੀਗੜ੍ਹ ਪ੍ਰਦੇਸ਼ ਭਾਜਪਾ ਦੇ ਸਾਬਕਾ ਪ੍ਰਧਾਨ ਅਤੇ ਹਿਮਾਚਲ ਪ੍ਰਦੇਸ਼ ਭਾਜਪਾ ਦੇ ਸਹਿ-ਇੰਚਾਰਜ ਸੰਜੇ ਟੰਡਨ ਅੱਜ ਪਿੰਡ ਹੱਲੋਮਾਜਰਾ ਦੇ ਬੂਥ ਨੰਬਰ 506-509 'ਤੇ ਪਾਰਟੀ ਵੱਲੋਂ 'ਪਿੰਡ ਚੱਲੋ ਅਭਿਆਨ' ਤਹਿਤ ਕਰਵਾਏ ਗਏ ਪ੍ਰੋਗਰਾਮ 'ਚ ਕਾਫੀ ਉਤਸ਼ਾਹਿਤ ਨਜ਼ਰ ਆਏ।

ਇੱਥੇ ਉਨ੍ਹਾਂ ਨਾਲ ਬੂਥ ਪ੍ਰਧਾਨ ਅਭੈ ਝਾਅ, ਮੰਡਲ ਪ੍ਰਧਾਨ ਵਿਨੋਦ ਰਾਣਾ ਅਤੇ ਚੰਡੀਗੜ੍ਹ ਪ੍ਰਦੇਸ਼ ਪ੍ਰਧਾਨ ਜਤਿੰਦਰ ਪਾਲ ਮਲਹੋਤਰਾ ਮੌਜੂਦ ਸਨ। ਸੰਜੇ ਟੰਡਨ ਨੇ ਭਾਜਪਾ ਕੌਂਸਲਰਾਂ, ਮੰਡਲ ਪ੍ਰਧਾਨ, ਜਨਰਲ ਮੰਤਰੀਆਂ ਅਤੇ ਹੋਰਨਾਂ ਨੂੰ ਪਿੰਡ-ਪਿੰਡ ਜਾ ਕੇ 'ਪਿੰਡ ਚਲੋ ਅਭਿਆਨ' ਤਹਿਤ ਭਾਜਪਾ ਸਰਕਾਰ ਦੇ ਪਿਛਲੇ ਦਸ ਸਾਲਾਂ ਦੇ ਕੰਮਾਂ/ਪ੍ਰਾਪਤੀਆਂ ਬਾਰੇ ਦੱਸਣ ਲਈ ਕਿਹਾ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੁਰਾਣੀਆਂ ਸਰਕਾਰਾਂ ਦੇ ਰਿਵਾਜ਼ ਬਦਲ ਦਿੱਤੇ ਹਨ। ਕਿਉਂਕਿ ਕਾਂਗਰਸ ਦੀ ਸਰਕਾਰ ਵੇਲੇ ਜਦੋਂ ਵਿਦੇਸ਼ੀ ਭਾਰਤ ਆਏ ਤਾਂ ਉਨ੍ਹਾਂ ਨੂੰ ਤਾਜ ਮਹਿਲ ਸਮੇਤ ਅੰਗਰੇਜ਼ਾਂ ਅਤੇ ਮੁਗਲਾਂ ਦੀਆਂ ਬਣਵਾਈਆਂ ਇਮਾਰਤਾਂ ਦਿਖਾਈਆਂ ਗਈਆਂ। ਪਰ ਬੀਜੇਪੀ ਸਰਕਾਰ ਦੇ ਅਧੀਨ, ਦੁਨੀਆ ਨੇ ਅਯੁੱਧਿਆ ਸ਼੍ਰੀ ਰਾਮ ਮੰਦਰ ਅਤੇ ਸ਼੍ਰੀਮਦ ਭਾਗਵਤ ਗੀਤਾ ਤੋਂ ਭਾਰਤ ਨੂੰ ਪਛਾਣਨਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਭਾਰਤ ਨੂੰ ਮਹਾਤਮਾ ਬੁੱਧ ਵੱਲੋਂ ਦਿੱਤੀ ਸੇਧ ਹੈ, ਸਾਹਿਬਜ਼ਾਦਿਆਂ ਦੀ ਕੁਰਬਾਨੀ ਨਾਲ ਦੇਸ਼ ਦਾ ਮਾਣ/ਇਤਿਹਾਸ ਬਚਿਆ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਨੇ ਕਦੇ ਵੀ ਇਨ੍ਹਾਂ ਪਛਾਣਾਂ ਨੂੰ ਦੁਨੀਆਂ ਸਾਹਮਣੇ ਪੇਸ਼ ਨਹੀਂ ਕੀਤਾ।

ਭਾਜਪਾ ਆਗੂ ਸੰਜੇ ਟੰਡਨ ਨੇ ਕਿਹਾ ਕਿ ਕਾਂਗਰਸ ਸਰਕਾਰ ਵਿੱਚ ਨਿੱਤ ਨਵੇਂ ਘੁਟਾਲੇ ਸਾਹਮਣੇ ਆਉਂਦੇ ਰਹਿੰਦੇ ਹਨ। ਪਰ ਭਾਜਪਾ ਦੀ ਸਰਕਾਰ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪ੍ਰਕਿਰਿਆਵਾਂ ਦਾ ਡਿਜੀਟਲੀਕਰਨ ਕਰਕੇ ਪਾਰਦਰਸ਼ਤਾ ਦੀ ਮਿਸਾਲ ਕਾਇਮ ਕੀਤੀ। ਉਨ੍ਹਾਂ ਯੋਗਤਾ ਦੇ ਆਧਾਰ 'ਤੇ ਨੌਕਰੀਆਂ ਦੇਣ ਨੂੰ ਯਕੀਨੀ ਬਣਾਇਆ। ਇਹੀ ਕਾਰਨ ਹੈ ਕਿ ਜਦੋਂ ਇਕ ਮਾਲੀ ਦੀ ਧੀ ਨੇ ਘਰ ਜਾ ਕੇ ਆਪਣੇ ਪਿਤਾ ਨੂੰ ਈਟੀਓ ਬਣਨ ਦੀ ਖੁਸ਼ਖਬਰੀ ਸੁਣਾਈ ਤਾਂ ਪਰਿਵਾਰ ਵਾਲਿਆਂ ਨੂੰ ਯਕੀਨ ਨਹੀਂ ਹੋਇਆ। ਫਿਰ ਪਿਤਾ ਨੇ ਆਬਕਾਰੀ ਵਿਭਾਗ ਦੇ ਬਾਹਰ ਚੁਣੇ ਗਏ ਉਮੀਦਵਾਰਾਂ ਦੀ ਸੂਚੀ ਵਿੱਚ ਧੀ ਦਾ ਨਾਮ ਪੜ੍ਹ ਕੇ ਕਿਹਾ ਕਿ ਉਸ ਨੇ ਕਿਸੇ ਨੂੰ ਕੋਈ ਪੈਸਾ ਨਹੀਂ ਦਿੱਤਾ, ਫਿਰ ਇਹ ਸਭ ਕਿਵੇਂ ਹੋਇਆ? ਸੰਜੇ ਟੰਡਨ ਨੇ ਦੱਸਿਆ ਕਿ ਹੁਣ ਬੇਟੀ ਨੂੰ ਡੇਢ ਲੱਖ ਰੁਪਏ ਪ੍ਰਤੀ ਮਹੀਨਾ ਤਨਖਾਹ ਮਿਲ ਗਈ ਹੈ। ਇਹ ਉਹ ਬਦਲਾਅ ਹੈ ਜੋ ਭਾਜਪਾ ਸਰਕਾਰ ਵਿੱਚ ਆਇਆ ਹੈ। ਹੁਣ ਮਿਸ ਕਾਲ 'ਤੇ ਗੈਸ ਸਿਲੰਡਰ ਘਰ ਪਹੁੰਚ ਜਾਂਦਾ ਹੈ। ਪਰ ਕਾਂਗਰਸ ਸਰਕਾਰ ਵਿੱਚ ਸਿਲੰਡਰ ਲਈ ਗੱਡੀਆਂ ਪਿੱਛੇ ਭੱਜਣਾ ਪੈਂਦਾ ਸੀ। ਹੁਣ ਹਰ ਪਿੰਡ ਅਤੇ ਹਰ ਘਰ ਵਿੱਚ ਪਖਾਨੇ ਬਣ ਚੁੱਕੇ ਹਨ। ਭਾਜਪਾ ਸਰਕਾਰ 'ਚ 10 ਕਰੋੜ ਟਾਇਲਟ ਬਣਾਏ ਗਏ ਹਨ।

ਸੰਜੇ ਟੰਡਨ ਨੇ ਕਿਹਾ ਕਿ ਪ੍ਰਧਾਨ ਮੰਤਰੀ ਜਾਂ ਭਾਜਪਾ ਵੰਸ਼ਵਾਦ ਦੀ ਨੀਤੀ 'ਤੇ ਨਹੀਂ ਚੱਲਦੀ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੇ ਭਾਰਤੀ ਫੌਜ ਨੂੰ ਮੂੰਹ ਤੋੜਵਾਂ ਜਵਾਬ ਦੇਣ ਦੀ ਖੁੱਲ੍ਹ ਦਿੱਤੀ ਹੈ। ਨਤੀਜੇ ਵਜੋਂ ਹੁਣ ਪਾਕਿਸਤਾਨ ਹੱਥ ਜੋੜ ਕੇ ਗੱਲ ਕਰਦਾ ਹੈ ਅਤੇ ਸ੍ਰੀਲੰਕਾ, ਨੇਪਾਲ, ਭੂਟਾਨ ਅਤੇ ਹੋਰ ਦੇਸ਼ ਮਦਦ ਲਈ ਭਾਰਤ ਵੱਲ ਦੇਖਦੇ ਹਨ। ਚੀਨ ਵੀ ਭਾਰਤ ਤੋਂ ਡਰਨ ਲੱਗਾ ਹੈ।

ਸੰਜੇ ਟੰਡਨ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਮੁੜ ਤੋਂ ਭਾਜਪਾ ਦੀ ਸਰਕਾਰ ਚੁਣ ਕੇ ਪਾਰਟੀ ਦੇ ਹੱਥ ਮਜ਼ਬੂਤ ਕਰਨ। ਉਨ੍ਹਾਂ ਵਰਕਰਾਂ, ਅਧਿਕਾਰੀਆਂ ਅਤੇ ਆਗੂਆਂ ਨੂੰ ਕੇਂਦਰ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਦੀ ਜਾਣਕਾਰੀ ਹਰ ਘਰ ਤੱਕ ਪਹੁੰਚਾਉਣ ਅਤੇ ਪੈਂਫਲਿਟ ਦੇਣ ਲਈ ਵੀ ਕਿਹਾ। ਉਨ੍ਹਾਂ ਕਿਹਾ ਕਿ ਇਸ ਲਈ ਬੂਥ ਕਮੇਟੀਆਂ ਦੀ ਅਹਿਮ ਭੂਮਿਕਾ ਹੈ।

ਇਸ ਮੌਕੇ ਪਿੰਡ ਹੱਲੋਮਾਜਰਾ ਤੋਂ ਸਥਾਨਕ ਕੌਂਸਲਰ ਗੁਰਚਰਨ ਸਿੰਘ ਕਾਲਾ, ਪਿੰਡ ਮੌਲੀ ਦੇ ਕੌਂਸਲਰ ਜਨਰਲ ਸਕੱਤਰ ਹੁਕਮ ਚੰਦ, ਚੰਡੀਗੜ੍ਹ ਭਾਜਪਾ ਸੂਬਾ ਕਿਸਾਨ ਮੋਰਚਾ ਦੇ ਪ੍ਰਧਾਨ ਦੀਦਾਰ ਸਿੰਘ, ਬਲਵਿੰਦਰ ਸ਼ਰਮਾ, ਕੌਂਸਲਰ ਹਰਜੀਤ ਸਿੰਘ, ਬੁਲਾਰੇ ਵਿਜੇ ਰਾਣਾ, ਗਣੇਸ਼ ਝਾਅ, ਸਵਰਾਜ ਉਪਾਧਿਆਏ ਅਤੇ ਸ. ਹੋਰ ਦਿਹਾਤੀ ਆਗੂ ਹਾਜ਼ਰ ਸਨ।

# ਮੋਦੀ ਸਰਕਾਰ ਨੇ ਪ੍ਰਦਰਸ਼ਨਕਾਰੀਆਂ ਨਾਲ ਹਰ ਪੱਧਰ 'ਤੇ ਕੀਤੀ ਚਰਚਾ, ਗੱਲਬਾਤ ਦੇ ਦਰਵਾਜ਼ੇ ਹਮੇਸ਼ਾ ਖੁੱਲ੍ਹੇ: ਅਨੁਰਾਗ ਠਾਕੁਰ

**ਨਵੀਂ ਦਿੱਲੀ, 17 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਸੂਚਨਾ ਤੇ ਪ੍ਰਸਾਰਣ ਅਤੇ ਯੁਵਾ ਤੇ ਖੇਡ ਮਾਮਲਿਆਂ ਬਾਰੇ ਮੰਤਰੀ, ਸ਼੍ਰੀ ਅਨੁਰਾਗ ਸਿੰਘ ਠਾਕੁਰ ਨੇ ਅੱਜ ਨਵੀਂ ਦਿੱਲੀ ਵਿੱਚ ਕਿਸਾਨ ਅੰਦੋਲਨ ਦੇ ਸਬੰਧ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕੀਤੀ।

ਸ਼੍ਰੀ ਅਨੁਰਾਗ ਠਾਕੁਰ ਨੇ ਕਿਹਾ ਕਿ ਮੋਦੀ ਸਰਕਾਰ ਪਹਿਲੇ ਦਿਨ ਤੋਂ ਹੀ ਕਿਸਾਨਾਂ ਦੀ ਭਲਾਈ ਲਈ ਪ੍ਰਤੀਬੱਧ ਹੋ ਕੇ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ÷ਪਿਛਲੇ 10 ਸਾਲਾਂ ਵਿੱਚ, ਕਿਸਾਨ ਭਲਾਈ ਲਈ ਬਹੁਤ ਸਾਰੀਆਂ ਯੋਜਨਾਵਾਂ ਲਿਆਂਦੀਆਂ ਗਈਆਂ ਜਿਨ੍ਹਾਂ ਨੇ ਜ਼ਮੀਨੀ ਪੱਧਰ 'ਤੇ ਦੇਸ਼ ਦੇ ਕਰੋੜਾਂ ਕਿਸਾਨਾਂ ਨੂੰ ਲਾਭ ਪਹੁੰਚਿਆ।

ਕਿਸਾਨਾਂ ਨਾਲ ਗੱਲਬਾਤ ਦੇ ਮੁੱਦੇ 'ਤੇ ਸ਼੍ਰੀ ਅਨੁਰਾਗ ਠਾਕੁਰ ਨੇ ਕਿਹਾ, ÷ਸਰਕਾਰ ਹਮੇਸ਼ਾ ਚਰਚਾ ਲਈ ਤਿਆਰ ਰਹਿੰਦੀ ਹੈ, ਜਦੋਂ ਵੀ ਮੰਗ ਉੱਠਦੀ ਹੈ ਤਾਂ ਸਰਕਾਰ ਖੁਦ ਅੱਗੇ ਆਉਂਦੀ ਹੈ। ਇਸ ਵਾਰ ਵੀ ਸਾਡੇ ਮੰਤਰੀ ਚੰਡੀਗੜ੍ਹ ਗਏ ਅਤੇ ਰਾਤ ਨੂੰ ਕਈ ਘੰਟੇ ਲਗਾਤਾਰ ਚਰਚਾ ਲਈ ਬੈਠੇ ਰਹੇ। ਅਸੀਂ ਪ੍ਰਦਰਸ਼ਨਕਾਰੀਆਂ ਨਾਲ ਦੋ ਗੇੜ ਦੀ ਗੱਲਬਾਤ ਕੀਤੀ। ਸਰਕਾਰ ਸਪੱਸ਼ਟ ਤੌਰ 'ਤੇ ਗੱਲਬਾਤ ਦੇ ਹੱਕ ਵਿੱਚ ਹੈ, ਇਸੇ ਕਰਕੇ ਗੱਲਬਾਤ ਤੋਂ ਉੱਠ ਕੇ ਅਸੀਂ ਨਹੀਂ ਗਏ, ਪਰ ਪ੍ਰਦਰਸ਼ਨਕਾਰੀ ਪਹਿਲਾਂ ਚਲੇ ਗਏ। ਪਰ ਸਰਕਾਰ ਅੱਗੇ ਵੀ ਗੱਲਬਾਤ ਲਈ ਤਿਆਰ ਹੈ।

ਸ਼੍ਰੀ ਅਨੁਰਾਗ ਠਾਕੁਰ ਨੇ ਅੱਗੇ ਕਿਹਾ, ÷ਪ੍ਰਦਰਸ਼ਨਕਾਰੀਆਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਚਰਚਾ ਵਿੱਚ ਲਗਾਤਾਰ ਨਵੇਂ ਮੁੱਦੇ ਜੋੜਨ ਨਾਲ, ਉਨ੍ਹਾਂ ਨੂੰ ਤੁਰੰਤ ਹੱਲ ਨਹੀਂ ਕੀਤਾ ਜਾ ਸਕਦਾ। ਜੇਕਰ ਤੁਸੀਂ ਵਿਸ਼ਵ ਵਪਾਰ ਸੰਗਠਨ ਤੋਂ ਭਾਰਤ ਦੇ ਵੱਖ ਹੋਣ ਦੀ ਗੱਲ ਕਰੋਗੇ, ਮੁਕਤ ਵਪਾਰ ਸਮਝੌਤੇ ਨੂੰ ਖ਼ਤਮ ਕਰਨ ਦੀ ਗੱਲ ਕਰੋਗੇ, ਸਮਾਰਟ ਮੀਟਰ ਲਗਾਉਣੇ ਬੰਦ ਕਰ ਦੇਵੋਗੇ, ਪਰਾਲੀ ਦੇ ਮੁੱਦੇ 'ਤੇ ਸਾਨੂੰ



ਬਾਹਰ ਕਰ ਦੇਵੋਗੇ ਜਾਂ ਜਲਵਾਯੂ ਦੇ ਮੁੱਦੇ ਤੋਂ ਖੇਤੀਬਾੜੀ ਨੂੰ ਬਾਹਰ ਰੱਖਣ ਦੀ ਗੱਲ ਕਰੋਗੇ, ਤਾਂ ਇਹ ਇੱਕ ਦਿਨ ਦੇ ਫੈਸਲੇ ਨਹੀਂ ਹਨ। ਇਸ ਦੇ ਲਈ ਸਾਨੂੰ ਹੋਰ ਹਿੱਤਧਾਰਕਾਂ ਅਤੇ ਰਾਜਾਂ ਨਾਲ ਵੀ ਗੱਲ ਕਰਨੀ ਪਵੇਗੀ। ਅਤੇ ਇਸ ਦੇ ਲਈ ਸਰਕਾਰ ਨੇ ਇਸ ਬਾਰੇ ਵਿਸਤਾਰ ਵਿੱਚ ਵਿਚਾਰ ਕਰਨ ਲਈ ਇੱਕ ਕਮੇਟੀ ਬਣਾਉਣ ਦਾ ਪ੍ਰਸਤਾਵ ਵੀ ਰੱਖਿਆ ਹੈ। ਸਰਕਾਰ ਵੱਲੋਂ ਪਹਿਲਾਂ ਵੀ ਕੋਈ ਕਮੀ ਨਹੀਂ ਸੀ ਅਤੇ ਹੁਣ ਵੀ ਕੋਈ ਕਮੀ ਨਹੀਂ ਹੈ।

ਸ਼੍ਰੀ ਅਨੁਰਾਗ ਠਾਕੁਰ ਨੇ ਅੱਗੇ ਕਿਹਾ, ÷ਕੁਝ ਲੋਕ ਇਸ ਮੁੱਦੇ 'ਤੇ ਸਿਆਸੀ ਲਾਹਾ ਲੈਣਾ ਚਾਹੁੰਦੇ ਹਨ। ਕਾਂਗਰਸ ਦੇ ਬਿਆਨ 'ਤੇ ਮੈਨੂੰ ਹਾਸਾ ਆਉਂਦਾ ਹਾਂ। 2013-14 ਵਿੱਚ, ਜਦੋਂ ਉਨ੍ਹਾਂ ਦੀ ਸਰਕਾਰ ਸੀ, ਯੂਪੀਏ ਦੇ ਕਾਰਜਕਾਲ ਦੌਰਾਨ ਸਭ ਤੋਂ ਵੱਧ ਖੇਤੀ ਬਜਟ 27 ਹਜ਼ਾਰ 662 ਕਰੋੜ ਰੁਪਏ ਸੀ। ਇਸ ਵੇਲੇ ਮੋਦੀ ਸਰਕਾਰ ਦਾ ਖੇਤੀ ਬਜਟ 1 ਲੱਖ 25 ਹਜ਼ਾਰ ਕਰੋੜ ਰੁਪਏ ਤੋਂ ਵੱਧ ਹੈ। ਯਾਨੀ ਯੂਪੀਏ ਦੇ ਕਾਰਜਕਾਲ ਨਾਲੋਂ 5 ਗੁਣਾ ਜ਼ਿਆਦਾ ਖੇਤੀ ਬਜਟ। ਉਨ੍ਹਾਂ ਦੇ ਸਮੇਂ 'ਚ ਕੋਈ ਕਿਸਾਨ ਸਨਮਾਨ ਨਿਧੀ ਨਹੀਂ ਸੀ, ਅਸੀਂ ਕਿਸਾਨ ਸਨਮਾਨ ਨਿਧੀ ਰਾਹੀਂ 11 ਕਰੋੜ ਤੋਂ ਵੱਧ ਕਿਸਾਨਾਂ ਦੇ ਬੈਂਕ ਖਾਤਿਆਂ 'ਚ 2 ਲੱਖ 81 ਹਜ਼ਾਰ ਕਰੋੜ ਰੁਪਏ ਸਿੱਧੇ ਟਰਾਂਸਫਰ ਕੀਤੇ ਹਨ। ਉਨ੍ਹਾਂ ਦੇ ਸਮੇਂ ਦੀ ਫ਼ਸਲ ਬੀਮਾ ਯੋਜਨਾ ਤਹਿਤ ਕਿਸਾਨਾਂ ਨੂੰ ਕੁਝ ਨਹੀਂ ਮਿਲਦਾ ਸੀ। ਮੋਦੀ ਸਰਕਾਰ ਵਿੱਚ 1.5 ਲੱਖ ਕਰੋੜ ਤੋਂ ਵੱਧ ਦਾ ਮੁਆਵਜ਼ਾ ਕਿਸਾਨਾਂ ਨੂੰ ਮਿਲਿਆ ਹੈ। 10 ਹਜ਼ਾਰ ਐੱਫਪੀਓਜ਼ 'ਚੋਂ 8 ਹਜ਼ਾਰ ਬਣ ਚੁੱਕੇ ਹਨ ਅਤੇ ਲੱਖਾਂ ਕਿਸਾਨ ਵੀ ਇਨ੍ਹਾਂ ਨਾਲ ਜੁੜ ਚੁੱਕੇ ਹਨ।

ਸ਼੍ਰੀ ਅਨੁਰਾਗ ਠਾਕੁਰ ਨੇ ਐੱਮਐੱਸਪੀ 'ਤੇ ਗੱਲ ਕਰਦੇ ਹੋਏ ਅੱਗੇ ਕਿਹਾ, ÷ਕਾਂਗਰਸ ਦੇ ਸਮੇਂ 'ਚ ਦਾਲਾਂ, ਕਣਕ, ਦਲਹਨ ਅਤੇ ਤੇਲ ਬੀਜਾਂ ਦੀ ਕੁੱਲ ਖਰੀਦ 5 ਲੱਖ 50 ਹਜ਼ਾਰ ਕਰੋੜ ਰੁਪਏ ਸੀ। ਮੋਦੀ ਸਰਕਾਰ ਨੇ 18 ਲੱਖ 39 ਹਜ਼ਾਰ ਕਰੋੜ ਰੁਪਏ ਦੀ ਖਰੀਦ ਕੀਤੀ। ਯਾਨੀ ਤਕਰੀਬਨ ਸਾਢੇ ਤਿੰਨ ਗੁਣਾ ਵੱਧ। ਅਸੀਂ ਕੀਮਤਾਂ ਵੀ ਵਧਾਈਆਂ ਅਤੇ ਖਰੀਦਦਾਰੀ ਵੀ ਦੁੱਗਣੀ ਤੋਂ ਵੱਧ ਕੀਤੀ।

ਸ਼੍ਰੀ ਅਨੁਰਾਗ ਸਿੰਘ ਠਾਕੁਰ ਨੇ ਮੋਦੀ ਸਰਕਾਰ ਦੁਆਰਾ ਕਿਸਾਨਾਂ ਦੇ ਹਿੱਤ ਵਿੱਚ ਕੀਤੇ ਕੰਮਾਂ ਬਾਰੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ, ਮੋਦੀ ਸਰਕਾਰ ਨੇ ਸਿੰਚਾਈ ਸਕੀਮਾਂ ਲਈ ਡੇਢ ਗੁਣਾ ਵੱਧ ਯਾਨੀ ਲਗਭਗ 15 ਹਜ਼ਾਰ 500 ਕਰੋੜ ਰੁਪਏ ਖਰਚ ਕੀਤੇ ਹਨ। ਉਨ੍ਹਾਂ ਦੇ ਸਮੇਂ 'ਚ ਖੇਤੀ ਕਰਜ਼ਾ ਸਿਰਫ 7 ਲੱਖ ਕਰੋੜ ਰੁਪਏ ਸੀ, ਜਿਸ ਨੂੰ ਅਸੀਂ ਵਧਾ ਕੇ 20 ਲੱਖ ਕਰੋੜ ਰੁਪਏ ਕਰ ਦਿੱਤਾ ਹੈ। ਅਤੇ ਇਹ ਸਿਰਫ ਪਿਛਲੇ ਸਾਲ ਦਾ ਅੰਕੜਾ ਹੈ। ਇਨ੍ਹਾਂ ਦੇ ਸਮੇਂ 2 ਲੱਖ 62 ਹਜ਼ਾਰ ਕਰੋੜ ਰੁਪਏ ਦਾ ਨਿਰਯਾਤ ਸੀ, ਅਸੀਂ 4 ਲੱਖ 27 ਹਜ਼ਾਰ ਕਰੋੜ ਰੁਪਏ ਦਾ ਨਿਰਯਾਤ ਕੀਤਾ। ਇਸੇ ਤਰ੍ਹਾਂ ਜੇਕਰ ਕੋਈ ਹੋਰ ਖੇਤਰ ਵੀ ਲਿਆ ਜਾਵੇ ਤਾਂ ਉਸ ਵਿੱਚ ਵੀ ਕਾਂਗਰਸ ਬਿਲਕੁਲ ਫਿੱਕੀ ਨਜ਼ਰ ਆਵੇਗੀ। ਉਨ੍ਹਾਂ ਨੇ ਕਿਸਾਨਾਂ ਦੀ ਭਲਾਈ ਲਈ ਇੱਕ ਵੀ ਕੰਮ ਨਹੀਂ ਕੀਤਾ। ਸੱਠ ਸਾਲ ਕਾਂਗਰਸ ਦੀ ਕੇਂਦਰ ਵਿੱਚ ਸਰਕਾਰ ਰਹੀ ਪਰ ਕਿਸਾਨਾਂ ਦੀ ਭਲਾਈ ਲਈ ਉਨ੍ਹਾਂ ਨੇ ਕੁਝ ਨਹੀਂ ਕੀਤਾ। ਕਿਸਾਨਾਂ ਦੇ ਮਸੀਹਾ ਚੌਧਰੀ ਚਰਨ ਸਿੰਘ ਅਤੇ ਸਵਾਮੀਨਾਥਨ ਜੀ ਨੂੰ ਮੋਦੀ ਸਰਕਾਰ ਨੇ ਭਾਰਤ ਰਤਨ ਦਿੱਤਾ। ਅੱਜ ਤੱਕ ਕਾਂਗਰਸ ਦੀਆਂ ਗਾਰੰਟੀਆਂ ਫੇਲ੍ਹ ਹੀ ਹੋਈਆਂ ਹਨ, ਦੇਸ਼ ਨੂੰ ਭਰੋਸਾ ਸਿਰਫ਼ ਮੋਦੀ ਦੀ ਗਾਰੰਟੀ 'ਤੇ ਹੈ।



# ਰੈਸਟਲੈੱਸ ਸਿੰਡਰੋਮ
## ਲੱਛਣ ਤੇ ਇਲਾਜ

ਜੇ ਕਰ ਤੁਹਾਨੂੰ ਬੈਠੇ ਜਾਂ ਲੇਟੇ ਹੋਏ ਪੈਰ ਹਿਲਾਉਣ ਦੀ ਆਦਤ ਹੈ ਤਾਂ ਸੁਚੇਤ ਹੋ ਜਾਓ। ਇਹ ਰੈਸਟਲੈੱਸ ਸਿੰਡਰੋਮ ਦੇ ਲੱਛਣ ਹੋ ਸਕਦੇ ਹਨ। ਇਸ ਦਾ ਕਾਰਨ ਆਇਰਨ ਦੀ ਕਮੀ ਹੋਣਾ ਹੈ। ਇਹ ਸਮੱਸਿਆ 10 ਫ਼ੀਸਦੀ ਲੋਕਾਂ ਨੂੰ ਹੁੰਦੀ ਹੈ। ਜ਼ਿਆਦਾਤਰ 35 ਸਾਲ ਤੋਂ ਵੱਧ ਦੀ ਉਮਰ ਦੇ ਮਨੁੱਖਾਂ ਨੂੰ ਇਹ ਸਮੱਸਿਆ ਹੁੰਦੀ ਹੈ। ਹਾਰਵਰਡ ਮੈਡੀਕਲ ਸਕੂਲ ਬੋਸਟਨ ਦੇ ਪ੍ਰੋਫੈਸਰ ਅਤੇ ਇਸ ਜਾਂਚ ਦੇ ਪ੍ਰਮੁੱਖ ਡਾ. ਡਬਲਿਊ ਵਿੰਕਮੈਨ ਦਾ ਕਹਿਣਾ ਹੈ ਕਿ ਇਸ ਰੋਗ ਨਾਲ ਪੀੜਿਤ ਵਿਅਕਤੀ ਔਸਤਨ ਨੀਂਦ ਨਾ ਆਉਣ ਤੋਂ ਪਹਿਲਾਂ 200-300 ਵਾਰ ਆਪਣੇ ਪੈਰ ਹਿਲਾਉਂਦਾ ਹੈ। ਖੋਜਕਾਰਾਂ ਦਾ ਇਹ ਸਪਸ਼ਟ ਕਹਿਣਾ ਹੈ ਕਿ ਲਗਾਤਾਰ ਪੈਰ ਹਿਲਾਉਣ ਵਰਗੇ ਰੋਗ ਤੋਂ ਦਿਲ ਦਾ ਦੌਰਾ ਪੈਣ ਦੀ ਸੰਭਾਵਨਾ ਵੱਧ ਜਾਂਦੀ ਹੈ।

### ਕੀ ਹੈ ਰੈਸਟਲੈੱਸ ਸਿੰਡਰੋਮ

ਇਹ ਨਰਵਸ ਸਿਸਟਮ ਨਾਲ ਜੁੜਿਆ ਰੋਗ ਹੈ। ਪੈਰ ਹਿਲਾਉਣ ਉੱਤੇ ਵਿਅਕਤੀ ਵਿਚ ਡੋਪਾਮਾਇਨ ਹਾਰਮੋਨ ਕਾਰਨ ਉਸ ਨੂੰ ਅਜਿਹਾ ਵਾਰ-ਵਾਰ ਕਰਨ ਦਾ ਦਿਲ ਕਰਦਾ ਹੈ। ਇਸ ਨੂੰ ਸਲੀਪ ਡਿਸ-ਆਰਡਰ ਵੀ ਕਹਿੰਦੇ ਹਨ। ਨੀਂਦ ਪੂਰੀ ਨਾ ਹੋਣ ਉੱਤੇ ਉਹ ਥੱਕਿਆ ਹੋਇਆ ਮਹਿਸੂਸ ਕਰਦਾ ਹੈ। ਜਾਂਚ ਲੱਛਣਾਂ ਦੇ ਆਧਾਰ ਉੱਤੇ ਬਲੱਡ ਟੈਸਟ ਕੀਤਾ ਜਾਂਦਾ ਹੈ। ਨੀਂਦ ਨਾ ਆਉਣ ਦੀ ਮੁਸ਼ਕਿਲ ਵਧਣ ਉੱਤੇ ਪਾਲੀਸੋਮਨੋਗਰਾਫੀ (ਪੀਐਸਜੀ) ਵੀ ਕਰਵਾ ਕੇ ਇਸ ਦੀ ਪੁਸ਼ਟੀ ਕੀਤੀ ਜਾਂਦੀ ਹੈ। ਇਸ ਜਾਂਚ ਤੋਂ ਨੀਂਦ ਨਾ ਆਉਣ ਦੇ ਕਾਰਣਾਂ ਬਾਰੇ ਪਤਾ ਲਗਾਇਆ ਜਾਂਦਾ ਹੈ।

### ਲੱਛਣ

ਪੈਰਾਂ ਵਿਚ ਝੁੰਜਲਾਹਟ ਅਤੇ ਕੀੜੀਆਂ ਚੱਲਣ ਵਰਗਾ ਮਹਿਸੂਸ ਹੋਣਾ। ਦਿਨ ਵਿਚ ਬੈਠਣ ਅਤੇ ਕੁਝ ਲੋਕਾਂ ਵਿਚ ਰਾਤ ਨੂੰ ਸੌਂਦੇ ਸਮੇਂ ਵੀ ਪੈਰ ਹਿਲਾਉਣਾ, ਪੈਰ ਘੁਟਾਉਣ ਦੀ ਇੱਛਾ ਕਰਨਾ ਅਤੇ ਥਕਾਵਟ ਆਦਿ ਕੁਝ ਮੁੱਖ ਲੱਛਣ ਹਨ।

> ਇਹ ਨਰਵਸ ਸਿਸਟਮ ਨਾਲ ਜੁੜਿਆ ਰੋਗ ਹੈ ਜੋ ਕਿ ਆਇਰਨ ਦੀ ਕਮੀ ਕਾਰਨ ਹੁੰਦਾ ਹੈ।ਸ਼ੂਗਰ ਤੇ ਬੀਪੀ ਰੋਗੀਆਂ 'ਚ ਇਸ ਦਾ ਖ਼ਤਰਾ ਵੱਧਦਾ ਹੈ।

### ਕਾਰਨ

ਇਹ ਰੋਗ ਆਇਰਨ ਦੀ ਕਮੀ ਕਾਰਨ ਹੁੰਦਾ ਹੈ। ਇਸ ਤੋਂ ਇਲਾਵਾ ਕਿਡਨੀ, ਪਾਰਕਿੰਸੰਸ ਪੀੜਿਤ ਮਰੀਜ਼ਾਂ ਅਤੇ ਗਰਭਵਤੀਆਂ ਵਿਚ ਡਲਿਵਰੀ ਦੇ ਅੰਤਿਮ ਦਿਨਾਂ ਵਿਚ ਹਾਰਮੋਨਲ ਬਦਲਾਅ ਵੀ ਕਾਰਨ ਹੋ ਸਕਦੇ ਹਨ। ਜ਼ਿਆਦਾ ਸ਼ਰਾਬ ਪੀਣ ਅਤੇ ਕੁਝ ਖ਼ਾਸ ਦਵਾਈਆਂ (ਜ਼ੁਕਾਮ ਅਤੇ ਐਲਰਜੀ) ਤੋਂ ਵੀ ਹੋਣ ਦਾ ਖ਼ਤਰਾ ਰਹਿੰਦਾ ਹੈ। ਸ਼ੂਗਰ, ਬੀਪੀ ਅਤੇ ਹਿਰਦਾ ਰੋਗੀਆਂ ਵਿਚ ਇਸ ਦਾ ਖ਼ਤਰਾ ਵਧਦਾ ਹੈ।

### ਇਲਾਜ


ਇਲਾਜ ਦੇ ਤੌਰ 'ਤੇ ਆਇਰਨ ਦੀਆਂ ਦਵਾਈਆਂ ਦਿੱਤੀਆਂ ਜਾਂਦੀਆਂ ਹਨ। ਬੀਮਾਰੀ ਗੰਭੀਰ ਹੋਣ ਉੱਤੇ ਹੋਰ ਦਵਾਈਆਂ ਵੀ ਦਿੱਤੀਆਂ ਜਾਂਦੀਆਂ ਹਨ ਜੋ ਸੌਣ ਤੋਂ ਦੋ ਘੰਟੇ ਪਹਿਲਾਂ ਖਾਣੀਆਂ ਹੁੰਦੀਆਂ ਹਨ। ਇਹ ਉਨੀਂਦਰਾ ਦੂਰ ਕਰ ਹਾਲਤ ਸਥਿਰ ਕਰਦੀਆਂ ਹਨ। ਕੁਝ ਖ਼ਾਸ ਕਸਰਤ ਜਿਵੇਂ ਹੌਟ ਐਂਡ ਕੋਲਡ ਬਾਥ, ਵਾਇਬਰੇਟਿੰਗ ਪੈਡ ਉੱਤੇ ਪੈਰ ਰੱਖਣ ਨਾਲ ਵੀ ਰਾਹਤ ਮਿਲਦੀ ਹੈ। ਜੇਕਰ ਤੁਹਾਨੂੰ ਅਜਿਹੇ ਲੱਛਣ ਦਿਖਾਈ ਦਿੰਦੇ ਹਨ ਤਾਂ ਤੁਰੰਤ ਡਾਕਟਰੀ ਸਲਾਹ ਲਵੋ। ਘਰ ਬੈਠੇ ਰਹਿਣ ਨਾਲ ਰੋਗ ਵਧੇਗਾ। ਇਸ ਲਈ ਬਿਹਤਰ ਇਹੀ ਹੈ ਕਿ ਸਮੇਂ ਸਿਰ ਡਾਕਟਰ ਦੀ ਸਲਾਹ ਲਓ ਤੇ ਇਲਾਜ ਸ਼ੁਰੂ ਕਰੋ।

### ਛੱਡੋ ਇਹ ਆਦਤਾਂ

ਰਾਤ ਨੂੰ ਸੌਣ ਤੋਂ ਪਹਿਲਾਂ ਜਾਂ ਬਿਸਤਰੇ 'ਤੇ ਲੇਟੇ ਹੋਇਆਂ ਪੈਰ ਹਿਲਾਉਣ ਦੀ ਆਦਤ ਠੀਕ ਨਹੀਂ ਹੈ। ਪੈਰ ਹਿਲਾਉਣ ਵਾਲੇ ਵਿਅਕਤੀ ਬਾਰੇ ਵਿਚ ਕਿਹਾ ਜਾਂਦਾ ਹੈ ਕਿ ਉਹ ਆਪਣੇ ਪਰਿਵਾਰ ਬਾਰੇ ਜ਼ਿਆਦਾ ਸੋਚਦੇ ਹਨ। ਅਜਿਹਾ ਕਰਨ ਨਾਲ ਵਿਅਕਤੀ ਦੇ ਨਕਾਰਾਤਮਕ ਵਿਚਾਰਾਂ ਨੂੰ ਊਰਜਾ ਮਿਲਦੀ ਹੈ ਜੋ ਸਕਾਰਾਤਮਕ ਸੋਚ 'ਤੇ ਹਾਵੀ ਹੋ ਜਾਂਦੀ ਹੈ। ਅਜਿਹੇ ਵਿਅਕਤੀ ਆਪਣੇ ਕੰਮ ਵਿਚ ਨਿਰਾਸ਼ ਰਹਿੰਦੇ ਹਨ। ਜੋ ਵਿਅਕਤੀ ਜ਼ਿਆਦਾ ਚਿੰਤਾ ਵਿਚ ਰਹਿੰਦਾ ਹੈ, ਉਸ ਨੂੰ ਪੈਰ ਹਿਲਾਉਣ ਦੀ ਆਦਤ ਹੋ ਜਾਂਦੀ ਹੈ। ਜ਼ਿਆਦਾਤਰ ਲੋਕ ਜਿਨ੍ਹਾਂ ਨੂੰ ਘਰ-ਪਰਿਵਾਰ ਦੀ ਜ਼ਿਆਦਾ ਚਿੰਤਾ ਸਤਾਉਂਦੀ ਹੈ, ਉਹ ਸੌਂਦੇ ਸਮੇਂ ਪੈਰ ਹਿਲਾਉਂਦੇ ਵੇਖੇ ਜਾ ਸਕਦੇ ਹਨ।

ਸੋ, ਮਾਮੂਲੀ ਜਿਹਾ ਦਿਖਾਈ ਦੇਣ ਵਾਲੀ ਇਹ ਆਦਤ ਗੰਭੀਰ ਰੋਗ ਦਾ ਇਸ਼ਾਰਾ ਹੋ ਸਕਦਾ ਹੈ। ਪਰ ਸਹੀ ਜਾਣਕਾਰੀ ਰੱਖੋ ਅਤੇ ਸਮੇਂ ਸਿਰ ਡਾਕਟਰੀ ਇਲਾਜ ਜ਼ਰੂਰ ਕਰਵਾਓ। ਆਪਣੇ ਘਰੇਲੂ ਡਾਕਟਰ ਖ਼ੁਦ ਕਦੇ ਨਾ ਬਣੋ।

• ਡਾ: ਰਿਪੁਦਮਨ ਸਿੰਘ
98152001343



# ਰੋਗਾਂ ਦੇ ਜਾਲ਼ 'ਚ ਫਸਾ ਰਿਹਾ ਕੰਮ ਦਾ ਬੋਝ

ਭਾਰਤ ਵਿਚ ਦਿਲ ਦੀਆਂ ਬੀਮਾਰੀਆਂ ਅਤੇ ਡਾਇਬਟੀਜ਼ ਨਾਲ ਜੁੜੇ ਚਿੰਤਾਜਨਕ ਅੰਕੜੇ ਅਕਸਰ ਚਰਚਾ ਦਾ ਵਿਸ਼ਾ ਬਣਦੇ ਹਨ। ਲੱਖਾਂ ਲੋਕਾਂ ਦੀ ਜ਼ਿੰਦਗੀ ਖ਼ਤਰੇ ਵਿਚ ਪਾ ਰਹੇ ਜਾਨਲੇਵਾ ਪ੍ਰਦੂਸ਼ਣ 'ਤੇ ਵੀ ਬਹੁਤ ਚਰਚਾ ਹੋ ਰਹੀ ਹੈ ਪਰ ਸਿਹਤ ਨਾਲ ਜੁੜੀ ਇਕ ਹੋਰ ਚੁਣੌਤੀ ਵੀ ਹੈ ਜਿਸ ਦਾ ਜ਼ਿਕਰ ਓਨਾ ਨਹੀਂ ਹੋ ਰਿਹਾ, ਇਹ ਚੁਣੌਤੀ ਹੈ ਥਕਾਨ। ਹਾਲੀਆ ਜਾਰੀ ਇਕ ਰਿਪੋਰਟ ਵਿਚ ਦੱਸਿਆ ਗਿਆ ਹੈ ਕਿ 18 ਤੋਂ 64 ਸਾਲ ਦੇ ਲੋਕਾਂ ਦੀ ਆਬਾਦੀ ਵਿਚ 22 ਫ਼ੀਸਦੀ ਲੋਕ ਅਜਿਹੇ ਹਨ ਜਿਨ੍ਹਾਂ ਨੂੰ ਸਭ ਤੋਂ ਵੱਧ ਪਰੇਸ਼ਾਨੀ ਥਕਾਵਟ ਤੋਂ ਹੈ। ਮਿਟੇਲ ਨਾਂ ਦੀ ਸੰਸਥਾ ਵੱਲੋਂ ਜਾਰੀ ਇਸ ਰਿਪੋਰਟ ਮੁਤਾਬਕ ਲੋਕਾਂ ਲਈ ਇਹ ਹਾਈ ਬਲੱਡ ਪ੍ਰੈਸ਼ਰ ਅਤੇ ਡਾਇਬਟੀਜ਼ ਤੋਂ ਵੀ ਵੱਡੀ ਚਿੰਤਾ ਹੈ। ਔਰਤਾਂ ਇਸ ਤੋਂ ਜ਼ਿਆਦਾ ਪਰੇਸ਼ਾਨ ਹਨ। 25 ਫ਼ੀਸਦੀ ਔਰਤਾਂ ਦਾ ਕਹਿਣਾ ਹੈ ਕਿ ਉਹ ਸਭ ਤੋਂ ਜ਼ਿਆਦਾ ਪਰੇਸ਼ਾਨ ਥਕਾਵਟ ਦੀ ਸਮੱਸਿਆ ਤੋਂ ਹਨ। ਮਿਟੇਲ ਦੀ ਇਹ ਰਿਪੋਰਟ ਇਕ ਸਰਵੇਖਣ 'ਤੇ ਆਧਾਰਿਤ ਹੈ। ਬੀਤੇ ਸਾਲ ਜੂਨ ਵਿਚ 3, 029 ਲੋਕ ਇਸ ਸਰਵੇਖਣ ਦਾ ਹਿੱਸਾ ਬਣੇ ਸਨ।

ਦੁਨੀਆ ਦੇ ਮਸ਼ਹੂਰ ਅਰਥ ਸ਼ਾਸਤਰੀ ਜਾਨ ਕੀਨਸ ਨੇ ਇਕ ਵਾਰ ਕਿਹਾ ਸੀ ਕਿ ਭਵਿੱਖ ਵਿਚ ਲੋਕਾਂ ਕੋਲ ਫੁਰਸਤ ਦੇ ਕਾਫੀ ਪਲ ਹੋਣਗੇ ਪਰ ਲੱਗਦਾ ਹੈ ਕਿ ਭਾਰਤ ਨੂੰ ਇਸ ਭਵਿੱਖਬਾਣੀ ਨੂੰ ਗ਼ਲਤ ਸਾਬਤ ਕਰਨ ਵਾਲੇ ਦੇਸ਼ ਦੇ ਰੂਪ ਵਿਚ ਚੁਣਿਆ ਜਾ ਸਕਦਾ ਹੈ। ਹਾਲਾਂਕਿ ਭਾਰਤ ਵਿਚ ਨਿੱਜੀ ਖੇਤਰ ਦੀ ਮਸਰੂਫ਼ੀਅਤ ਦੇਖੀਏ ਤਾਂ ਇਹ ਅੰਕੜੇ ਹੈਰਾਨੀ ਪੈਦਾ ਨਹੀਂ ਕਰਦੇ। ਕੰਮ ਅਤੇ ਜ਼ਿੰਦਗੀ ਵਿਚ ਸੰਤੁਲਨ ਸਾਡੇ ਦੇਸ਼ ਵਿਚ ਚੁਟਕਲਿਆਂ ਦਾ ਵਿਸ਼ਾ ਬਣ ਚੁੱਕਾ ਹੈ। ਇਥੇ ਇਕ ਕਰਮਚਾਰੀ ਸਾਲ ਭਰ ਵਿਚ ਔਸਤਨ 2200 ਘੰਟੇ ਕੰਮ ਕਰਦਾ ਹੈ। ਇਹ ਅੰਕੜਾ ਬਾਕੀ ਦੇਸ਼ਾਂ ਦੀ ਤੁਲਨਾ ਵਿਚ ਕਿਤੇ ਜ਼ਿਆਦਾ ਹੈ। ਭਾਰਤ ਦੇ ਲੋਕ ਪ੍ਰਤੀ ਹਫ਼ਤਾ ਔਸਤਨ 52 ਘੰਟੇ ਕੰਮ ਕਰਦੇ ਹਨ ਅਤੇ ਇਹ ਅੰਕੜਾ ਅਮਰੀਕਾ, ਬ੍ਰਿਟੇਨ ਅਤੇ ਚੀਨ ਤੋਂ ਕਾਫ਼ੀ ਵੱਧ ਹੈ। ਪਿਛਲੇ ਸਾਲ ਉਨ੍ਹਾਂ ਦੇਸ਼ਾਂ ਦੀ ਸੂਚੀ ਵਿਚ ਭਾਰਤ ਚੌਥੇ ਸਥਾਨ 'ਤੇ ਸੀ ਜਿਥੇ ਲੋਕਾਂ ਨੂੰ ਸਭ ਤੋਂ ਘੱਟ ਛੁੱਟੀਆਂ ਮਿਲ ਰਹੀਆਂ ਹਨ। ਕੰਮਕਾਜੀ ਆਬਾਦੀ ਦੀ ਥਕਾਵਟ ਆਉਣ ਵਾਲੇ ਸਮੇਂ ਵਿਚ ਇਕ ਵੱਡੀ ਸਮੱਸਿਆ ਸਾਬਿਤ ਹੋਣ ਵਾਲੀ ਹੈ। ਥਕਾਵਟ ਦਾ ਮਤਲਬ ਸਿਰਫ਼ ਥਕਾਨ ਨਹੀਂ ਸਗੋਂ ਅਨੀਮੀਆ, ਡਿਪ੍ਰੈਸ਼ਨ ਅਤੇ ਡਾਇਬਟੀਜ਼ ਵਰਗੀਆਂ ਹੋਰ ਬਿਮਾਰੀਆਂ ਦੀ ਵੀ ਕਨਸੋਅ ਹੈ। ਮਾਹਿਰਾਂ ਮੁਤਾਬਕ ਭਾਰਤ ਨੂੰ ਇਸ ਸਮੱਸਿਆ 'ਤੇ ਗੰਭੀਰਤਾ ਨਾਲ ਸੋਚਣ ਅਤੇ ਕਾਰਜ ਪ੍ਰਣਾਲੀ ਦੀ ਨਵੇਂ ਸਿਰੇ ਤੋਂ ਸਮੀਖਿਆ ਕਰਨ ਦੀ ਲੋੜ ਹੈ। •

> ਮੁੱਢਲੀ ਸੁਰੱਖਿਆ ਹਫ਼ਤੇ ਦਾ ਮਕਸਦ ਲੋਕਾਂ ਨੂੰ ਸੁਰੱਖਿਆ ਕਦਮਾਂ ਬਾਰੇ ਜਾਗਰੂਕ ਕਰਕੇ ਹਾਦਸਿਆਂ ਤੋਂ ਬਚਾਅ ਲਈ ਪ੍ਰੇਰਿਤ ਕਰਨਾ ਹੈ। ਸਮੇਂ ਸਿਰ ਦਿੱਤੀ ਫਰਸਟ ਏਡ ਨਾਲ ਕੀਮਤੀ ਜਾਨ ਬਚਾ ਸਕਦੀ ਹੈ...

**ਕੌਮੀ ਸੁਰੱਖਿਆ ਸਪਤਾਹ**



# ਜੀਵਨ ਸੁਰੱਖਿਆ ਲਈ ਅਪਣਾਓ ਫਰਸਟ ਏਡ

> ਜ਼ਖ਼ਮੀ ਵਿਅਕਤੀ ਨੂੰ ਦੇਖਦਿਆਂ ਸਾਰ ਹੀ ਸੰਭਾਵੀ ਖ਼ਤਰੇ ਨੂੰ ਭਾਂਪੋ। ਜ਼ਖ਼ਮੀ ਦੀ ਸਰੀਰਕ ਹਿੱਲਜੁਲ ਅਤੇ ਸਾਹ-ਪ੍ਰਣਾਲੀ ਦੀ ਜਾਂਚ ਕਰੋ ਅਤੇ ਇਹ ਵੀ ਯਕੀਨੀ ਬਣਾਓ ਕਿ ਉਸ ਦੇ ਸਾਹ ਲੈਣ 'ਚ ਕੋਈ ਰੁਕਾਵਟ ਤਾਂ ਪੈਦਾ ਨਹੀਂ ਹੋ ਰਹੀ ?

ਕੌਮੀ ਪੱਧਰ 'ਤੇ 4 ਤੋਂ 10 ਮਾਰਚ ਤਕ ਦਾ ਸਮਾਂ ਨੈਸ਼ਨਲ ਸੇਫਟੀ ਵੀਕ ਦੇ ਤੌਰ 'ਤੇ ਮਨਾਇਆ ਜਾ ਰਿਹਾ ਹੈ ਤਾਂ ਜੋ ਲੋਕਾਂ ਨੂੰ ਸੁਰੱਖਿਆ ਲਈ ਚੁੱਕੇ ਜਾਣ ਵਾਲੇ ਕਦਮਾਂ ਬਾਰੇ ਜਾਗਰੂਕ ਕਰਕੇ ਹਾਦਸਿਆਂ ਤੋਂ ਬਚਾਅ ਕਰਨ ਲਈ ਪ੍ਰੇਰਿਤ ਕੀਤਾ ਜਾ ਸਕੇ। ਘਰਾਂ, ਦਫ਼ਤਰਾਂ, ਫੈਕਟਰੀਆਂ, ਬਹੁ-ਮੰਜ਼ਲੀ ਇਮਾਰਤਾਂ, ਗੋਦਾਮਾਂ, ਖੇਤਾਂ, ਜੰਗਲਾਂ, ਮੈਰਿਜ ਪੈਲੇਸਾਂ, ਸਿਨੇਮਾ ਹਾਲਜ਼ ਆਦਿ ਵਿੱਚ ਅਕਸਰ ਹੀ ਦੁਰਘਟਨਾਵਾਂ ਵਾਪਰ ਜਾਂਦੀਆਂ ਹਨ। ਇਹਨਾਂ ਦੁਰਘਟਨਾਵਾਂ ਵਿਚ ਜਿੱਥੇ ਭਾਰੀ ਮਾਲੀ ਨੁਕਸਾਨ ਹੁੰਦਾ ਹੈ, ਉੱਥੇ ਜਾਨੀ ਨੁਕਸਾਨ ਹੋ ਜਾਣ ਨਾਲ ਵੀ ਕਈ ਘਰਾਂ ਦੇ ਚਿਰਾਗ਼ ਬੁਝ ਜਾਂਦੇ ਹਨ। ਸੜਕਾਂ 'ਤੇ ਵਾਹਨਾਂ ਦੀ ਦਿਨੋਂ-ਦਿਨ ਵੱਧ ਰਹੀ ਆਵਾਜਾਈ ਅਤੇ ਸਾਡੀ ਤੇਜ਼ ਹੁੰਦੀ ਜਾ ਰਹੀ ਰਫ਼ਤਾਰ ਨੇ ਵੀ ਸਾਡੇ ਜੀਵਨ ਦੀ ਰਫ਼ਤਾਰ ਨੂੰ ਬਹੁਤ ਛੋਟਾ ਕਰ ਦਿੱਤਾ ਹੈ। ਸੜਕੀ ਹਾਦਸੇ ਪਲਾਂ ਵਿਚ ਹੀ ਕਿਸੇ ਹੱਸਦੀ-ਖੇਡਦੀ ਜ਼ਿੰਦਗੀ ਨੂੰ ਖ਼ਤਮ ਕਰ ਜਾਂਦੇ ਹਨ ਅਤੇ ਇਹਨਾਂ ਹਾਦਸਿਆਂ 'ਚੋਂ ਜ਼ਿੰਦਾ ਬਚੇ ਫੱਟੜ ਵਿਅਕਤੀ ਅਪਾਹਜਤਾ ਭਰੀ ਜ਼ਿੰਦਗੀ ਜਿਊਣ ਲਈ ਮਜਬੂਰ ਹੋ ਜਾਂਦੇ ਹਨ। ਇਹਨਾਂ ਦੁਰਘਟਨਾਵਾਂ ਦਾ ਇੱਕ ਦੁਖਦਾਈ ਪਹਿਲੂ ਇਹ ਵੀ ਹੈ ਕਿ ਇਹਨਾਂ ਹਾਦਸਿਆਂ ਦੇ ਸ਼ਿਕਾਰ ਵਿਅਕਤੀਆਂ 'ਚੋਂ ਬਹੁਤੀਆਂ ਮੌਤਾਂ ਸਮੇਂ ਸਿਰ ਫਰਸਟ ਏਡ ਜਾਂ ਡਾਕਟਰੀ ਸਹਾਇਤਾ ਨਾ ਮਿਲਣ ਕਰ ਕੇ ਹੋ ਜਾਂਦੀਆਂ ਹਨ।

ਹਾਦਸਿਆਂ ਦੇ ਕਾਰਨ ਭਾਵੇਂ ਕੁਝ ਵੀ ਰਹੇ ਹੋਣ ਪਰੰਤੂ ਹਾਦਸਿਆਂ ਦੌਰਾਨ ਜੀਵਨ ਸੁਰੱਖਿਆ ਬੜੀ ਅਹਿਮ ਹੁੰਦੀ ਹੈ। ਫੱਟੜਾਂ/ਸੱਟੜਾਂ ਨੂੰ ਜੇਕਰ ਸਮੇਂ ਸਿਰ ਫਰਸਟ ਏਡ ਮਿਲ ਸਕੇ ਤਾਂ ਜਿੱਥੇ ਉਹਨਾਂ ਦੇ ਦੁੱਖ-ਦਰਦ ਨੂੰ ਘੱਟ ਕੀਤਾ ਜਾ ਸਕਦਾ ਹੈ, ਉੱਥੇ ਕਿਸੇ ਕੀਮਤੀ ਜਾਨ ਨੂੰ ਵੀ ਬਚਾਇਆ ਜਾ ਸਕਦਾ ਹੈ। ਹਾਦਸਿਆਂ ਦੌਰਾਨ ਜੋ ਵੀ ਨੇੜੇ ਦੇ ਲੋਕ ਹਨ ਜਾਂ ਐਕਸੀਡੈਂਟ ਤੋਂ ਬਚੇ ਹਨ, ਫੱਟੜਾਂ ਦੀ ਜਾਨ ਬਚਾਉਣਾ ਬਹੁਤਾ ਇਹਨਾਂ 'ਤੇ ਨਿਰਭਰ ਕਰਦਾ ਹੈ। ਸਾਡੀ ਥੋੜ੍ਹੀ ਜਿਹੀ ਹੁਸ਼ਿਆਰੀ ਅਤੇ ਸਿਆਣਪ ਹਾਦਸਾਗ੍ਰਸਤ ਵਿਅਕਤੀ ਨੂੰ ਇਕ ਨਵੀਂ ਜ਼ਿੰਦਗੀ ਬਖਸ਼ ਸਕਦੀ ਹੈ। ਦੁਰਘਟਨਾਵਾਂ ਦੌਰਾਨ ਹਮੇਸ਼ਾ ਡੀਆਰਏਬੀਸੀ ਯਾਦ ਰੱਖੋ। ਡੀ ਫਾਰ ਡੇਂਜਰ ਭਾਵ ਆਪਣੇ ਅਤੇ ਪੀੜਤ ਲਈ ਕਿਸੇ ਕਿਸਮ ਦੇ ਸੰਭਾਵਿਤ ਖ਼ਤਰੇ ਨੂੰ ਭਾਂਪੋ ਤਾਂ ਜੋ ਤੁਹਾਡਾ ਅਤੇ ਪੀੜਤ ਦਾ ਜੀਵਨ ਸੁਰੱਖਿਅਤ ਰਹੇ। ਆਰ ਫਾਰ ਰਿਸਪਾਂਸ ਭਾਵ ਪੀੜਤ ਵਿਅਕਤੀ ਦੀ ਪ੍ਰਤਿਕਿਰਿਆ ਚੈੱਕ ਕਰੋ ਕਿ ਪੀੜਤ ਹੋਸ਼ ਵਿੱਚ ਹੈ ਜਾਂ ਬੇਹੋਸ਼, ਉਹ ਜੀਉਂਦਾ ਹੈ ਜਾਂ ਮੋਇਆ। ਏ ਫਾਰ ਏਅਰਵੇਜ਼ ਭਾਵ ਪੀੜਤ ਵਿਅਕਤੀ ਦੇ ਸਾਹ ਲੈਣ ਵਾਲੇ ਰਸਤੇ ਨੱਕ ਤੇ ਮੂੰਹ ਨੂੰ ਚੈੱਕ ਕਰੋ। ਸਾਹ ਵਾਲੇ ਰਸਤੇ 'ਚ ਕੋਈ ਖ਼ੂਨ, ਉਲਟੀ, ਝੱਗ, ਟੁੱਟੇ ਦੰਦ, ਜੀਭ, ਤੰਗ ਕੱਪੜੇ ਵਗੈਰਾ ਚੈੱਕ ਕਰੋ, ਰੁਕਾਵਟ ਨਾਲ ਸਾਹ ਬੰਦ ਹੋ ਸਕਦਾ ਹੈ, ਰੁਕਾਵਟ ਨੂੰ ਦੂਰ ਕਰੋ। ਬੀ ਫਾਰ ਬ੍ਰੀਦਿੰਗ ਭਾਵ ਪੀੜਤ ਦੀ ਸਾਹ ਕਿਰਿਆ ਚੈੱਕ ਕਰੋ। ਸਾਹ ਚੈੱਕ ਕਰਨ ਲਈ ਲੁੱਕ, ਲਿਸਨ ਐਂਡ ਫੀਲ ਦਾ ਫਾਰਮੂਲਾ ਯਾਦ ਰੱਖੋ। ਛਾਤੀ ਜਾਂ ਪੇਟ ਵਾਲੇ ਹਿੱਸੇ ਦੀ ਹਿੱਲਜੁਲ ਵੇਖ ਕੇ ਸਾਹ ਦਾ ਪਤਾ ਕਰੋ। ਨੱਕ ਨੇੜੇ ਕੰਨ ਕਰਕੇ ਸਾਹ ਦੀ ਆਵਾਜ਼ ਨੂੰ ਸੁਣੋ ਜਾਂ ਫੇਰ ਹੱਥ ਦਾ ਪਿਛਲਾ ਪਾਸਾ ਪੀੜਤ ਵਿਅਕਤੀ ਦੇ ਨੱਕ ਕੋਲ ਕਰੋ ਅਤੇ ਅੰਦਰੋਂ ਬਾਹਰ ਆ ਰਹੀ ਗਰਮ ਹਵਾ ਨੂੰ ਫੀਲ ਭਾਵ ਮਹਿਸੂਸ ਕਰ ਕੇ ਸਾਹ ਦੇ ਚੱਲਣ ਜਾਂ ਰੁਕਣ ਦਾ ਪਤਾ ਲਗਾਓ। ਸੀ ਫਾਰ ਸਰਕੂਲੇਸ਼ਨ ਭਾਵ ਲਹੂ ਗੇੜ ਪ੍ਰਣਾਲੀ ਦੇ ਚੱਲਣ ਦਾ ਪਤਾ ਲਗਾਉਣ ਲਈ ਦਿਲ ਦੀ ਧੜਕਣ ਚੈੱਕ ਕਰੋ। ਧੜਕਣ ਪਤਾ ਲਗਾਉਣ ਲਈ ਗੁੱਟ ਜਾਂ ਗਲ 'ਤੇ ਨਬਜ਼ ਚੈੱਕ ਕਰੋ। ਦਿਲ ਦੀ ਧੜਕਣ ਅਤੇ ਸਾਹ ਬੰਦ ਹੋਵੇ ਤਾਂ ਬਨਾਉਟੀ ਸਾਹ ਦੇਣ ਦੇ ਢੰਗ ਤਰੀਕੇ ਅਤੇ ਸੀ.ਪੀ.ਆਰ. ਮੈਥਡ ਜ਼ਿਲ੍ਹਿਆਂ ਵਿੱਚ ਕੰਮ ਕਰਦੀਆਂ ਰੈੱਡ ਕਰਾਸ ਸੰਸਥਾਵਾਂ ਦੇ ਮਾਹਿਰਾਂ ਵੱਲੋਂ ਫਰਸਟ ਏਡ ਟ੍ਰੇਨਿੰਗ ਦੌਰਾਨ ਸਿਖਾਏ ਜਾਂਦੇ ਹਨ। ਜੀਵਨ ਸੁਰੱਖਿਆ ਲਈ ਇਹਨਾਂ ਸੰਸਥਾਵਾਂ ਪਾਸੋਂ ਇਹ ਜੀਵਨ ਬਚਾਊ ਟ੍ਰੇਨਿੰਗ ਹਰੇਕ ਨਾਗਰਿਕ ਨੂੰ ਲੈ ਲੈਣੀ ਚਾਹੀਦੀ ਹੈ।

ਜਾਨ ਨੂੰ ਖ਼ਤਰੇ ਵਿੱਚ ਪਾਉਣ ਵਾਲੀਆਂ ਇਹਨਾਂ ਹਾਲਤਾਂ ਤੋਂ ਬਾਅਦ ਵੇਖੋ ਕਿ ਪੀੜਤ ਦੇ ਕਿਤੋਂ ਬਾਹਰੀ ਖ਼ੂਨ ਤਾਂ ਨਹੀਂ ਵਗ ਰਿਹਾ। ਫੱਟਾਂ 'ਚੋਂ ਖ਼ੂਨ ਵਗ ਰਿਹਾ ਹੋਵੇ ਤਾਂ ਅੰਗ ਨੂੰ ਥੋੜ੍ਹਾ ਉੱਚਾ ਕਰ ਕੇ ਰੱਖੋ ਅਤੇ ਖ਼ੂਨ ਨੂੰ ਰੋਕਣ ਦੇ ਉਪਰਾਲੇ ਕਰੋ। ਖ਼ੂਨ ਵਗਣ ਵਾਲੀ ਜਗ੍ਹਾ 'ਤੇ ਸਾਫ਼ ਰੁਮਾਲ/ਕੱਪੜੇ ਜਾਂ ਪੱਟੀਆਂ ਆਦਿ ਨਾਲ ਦਬਾਅ ਬਣਾ ਕੇ ਰੱਖੋ। ਕਈ ਵਾਰ ਅੰਦਰੂਨੀ ਸੱਟਾਂ ਕਾਰਣ ਖ਼ੂਨ ਦਾ ਵਗਣਾ ਵੀ ਹੋ ਸਕਦਾ ਹੈ ਅਤੇ ਕੁਝ ਸਮੇਂ ਬਾਅਦ ਵਿਅਕਤੀ ਦੀ ਜਾਨ ਜਾ ਸਕਦੀ ਹੈ। ਫੱਟੜ ਦੇ ਆਲ਼ੇ-ਦੁਆਲ਼ੇ ਬਹੁਤੀ ਭੀੜ ਇਕੱਠੀ ਨਾ ਹੋਣ ਦਿਓ ਕਿਉਂਕਿ ਮਰੀਜ਼ ਨੂੰ ਤਾਜ਼ੀ ਹਵਾ ਦੀ ਲੋੜ ਹੁੰਦੀ ਹੈ। ਭੀੜ ਤੋਂ ਕਿਸੇ ਵੀ ਕਿਸਮ ਦੀ ਮਦਦ ਲਈ ਜਾ ਸਕਦੀ ਹੈ। ਫੱਟੜਾਂ ਨੂੰ ਇੱਕਦਮ ਚੁੱਕਣ ਦੀ ਕਾਹਲ ਨਾ ਕਰੋ। ਕਈ ਵਾਰ ਲੋਕਾਂ ਦੀ ਭਾਵਨਾ ਹੁੰਦੀ ਹੈ ਕਿ ਪੀੜਤ ਵਿਅਕਤੀ ਨੂੰ ਛੇਤੀ ਹੀ ਖੜ੍ਹਾ ਕੀਤਾ ਜਾਵੇ ਜਾਂ ਬਿਠਾ ਕੇ ਕਿਸੇ ਵਹੀਕਲ ਵਿਚ ਪਾਇਆ ਜਾਵੇ। ਜਲਦਬਾਜ਼ੀ ਵਿਚ ਉਸ ਦੀ ਖਿੱਚ-ਧੂਹ ਕੀਤੀ ਜਾਂਦੀ ਹੈ ਜਾਂ ਫਿਰ ਚੁੱਕਣ ਆਦਿ ਵੇਲੇ ਸਹੀ ਢੰਗਾਂ ਦਾ ਪਤਾ ਨਹੀਂ ਹੁੰਦਾ। ਹਾਦਸੇ ਵੇਲੇ ਪੀੜਤ ਵਿਅਕਤੀ ਦੀ ਰੀੜ੍ਹ ਦੀ ਹੱਡੀ, ਖ਼ਾਸ ਕਰ ਕੇ ਧੌਣ ਵਿੱਚ ਸੱਟ ਲੱਗੀ ਹੋਵੇ ਤਾਂ ਫੱਟੜ ਨੂੰ ਬਹੁਤ ਹੀ ਤਰੀਕੇ ਨਾਲ ਸੰਭਾਲ ਕੇ ਚੁੱਕਣਾ ਚਾਹੀਦਾ ਹੈ ਕਿਉਂਕਿ ਰੀੜ੍ਹ ਦੀ ਹੱਡੀ ਵਿਚਕਾਰ ਸਪਾਈਨਲ ਕਾਰਡ ਹੁੰਦੀ ਹੈ ਇਸ ਦੀ ਸੱਟ ਨਾਲ ਵਿਅਕਤੀ ਦਾ ਕੋਈ ਵੀ ਸਰੀਰਕ ਹਿੱਸਾ ਸਦਾ ਲਈ ਅਪਾਹਜ ਹੋ ਸਕਦਾ ਹੈ। ਹੱਡੀਆਂ ਦੇ ਢਾਂਚੇ ਜਾਂ ਲੱਤਾਂ-ਬਾਹਾਂ, ਪੱਸਲੀਆਂ ਸੱਟ ਕਾਰਨ ਟੁੱਟੀਆਂ ਵੀ ਹੋ ਸਕਦੀਆਂ ਹਨ। ਇਸ ਹਾਲਤ ਵਿਚ ਪੀੜਤ ਵਿਅਕਤੀ ਨੂੰ ਚੁੱਕਣ ਤੋਂ ਪਹਿਲਾਂ ਇਹ ਜ਼ਰੂਰ ਵੇਖ ਲਓ ਕਿ ਕੋਈ ਹੱਡੀ ਤਾਂ ਨਹੀਂ ਟੁੱਟੀ? ਅੰਗ ਦੇ ਆਕਾਰ ਦਾ ਟੇਢਾਪਣ, ਦਰਦ, ਸੋਜ ਆਦਿ ਨਾਲ ਹੱਡੀ ਟੁੱਟੀ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਅਜਿਹੀਆਂ ਹਾਲਤਾਂ ਵਾਲੇ ਵਿਅਕਤੀਆਂ ਦੀ ਸ਼ਿਫਟਿੰਗ ਆਮ ਤੌਰ 'ਤੇ ਫੱਟੇ ਜਾਂ ਸਟਰੈਚਰ 'ਤੇ ਹੀ ਹੋਣੀ ਚਾਹੀਦੀ ਹੈ।

ਫਰੈੱਕਚਰ ਕੇਸਾਂ ਵਿੱਚ ਟੁੱਟੀਆਂ ਹੱਡੀਆਂ ਨੂੰ ਸਹਾਰਾ ਦੇਣ ਵਾਸਤੇ ਫੱਟੀਆਂ ਭਾਵ ਸਪਲਿੰਟਸ ਦੀ ਵਰਤੋਂ ਵੀ ਕਰਨੀ ਜਰੂਰੀ ਹੁੰਦੀ ਹੈ। ਮੌਕੇ 'ਤੇ ਇਹ ਕੰਮ ਕਿਸੇ ਦਰਖ਼ਤ ਦੀ ਟਾਹਣੀ, ਫੱਟੀ, ਸੋਟੀ, ਰੱਦੀ ਤਹਿ ਕੀਤੇ ਅਖ਼ਬਾਰ/ਮੈਗਜ਼ੀਨ, ਗੱਤੇ ਆਦਿ ਤੋਂ ਚਲਾਇਆ ਜਾ ਸਕਦਾ ਹੈ। ਫਰੈੱਕਚਰ ਕੇਸਾਂ ਵਿੱਚ ਵਿਅਕਤੀ ਨੂੰ ਸਹੀ ਤਰੀਕੇ ਨਾਲ ਚੁੱਕ ਕੇ ਉਸ ਨੂੰ ਸਦਾ ਲਈ ਅਪਾਹਜ ਹੋਣ ਤੋਂ ਬਚਾਇਆ ਜਾ ਸਕਦਾ ਹੈ।

ਬੇਹੋਸ਼ ਵਿਅਕਤੀ ਨੂੰ ਲੈ ਜਾਣ ਵੇਲੇ ਟੇਢਾ ਕਰ ਕੇ ਭਾਵ ਵੱਖੀ ਪਰਨੇ (ਜਿਸ ਨੂੰ ਰਿਕਵਰੀ ਪੁਜੀਸ਼ਨ ਕਹਿੰਦੇ ਹਨ) ਵਾਲੀ ਹਾਲਤ 'ਚ ਪਾ ਕੇ ਹਸਪਤਾਲ ਲੈ ਜਾਇਆ ਜਾਵੇ ਤਾਂ ਜੋ ਅੰਦਰੋਂ ਨਿਕਲਣ ਵਾਲਾ ਖ਼ੂਨ ਜਾਂ ਉਲਟੀ ਫੇਫੜਿਆਂ ਵਿਚ ਨਾ ਚਲੀ ਜਾਵੇ ਜੋ ਕਿ ਜਾਨਲੇਵਾ ਹੋ ਸਕਦੀ ਹੈ। ਡਰਾਈਵਿੰਗ ਕਰਦੇ ਸਮੇਂ ਨਸ਼ਿਆਂ ਅਤੇ ਮੋਬਾਇਲ ਫੋਨ ਦੀ ਵਰਤੋਂ ਨਾ ਕਰੋ। ਧਿਆਨ ਭੰਗ ਹੋ ਕੇ ਦੁਰਘਟਨਾ ਹੋ ਸਕਦੀ ਹੈ। ਐਕਸੀਡੈਂਟ ਹੋਣ ਦੀ ਸੂਰਤ ਵਿਚ ਸੀਟ ਬੈਲਟਾਂ ਤੁਹਾਡੀ ਜ਼ਿੰਦਗੀ ਬਚਾ ਸਕਦੀਆਂ ਹਨ। ਕਾਰ ਚਲਾਉਣ ਵੇਲੇ ਡਰਾਈਵਰ ਅਤੇ ਸਵਾਰੀਆਂ ਨੂੰ ਸੀਟ ਬੈਲਟਾਂ ਦੀ ਵਰਤੋਂ ਜ਼ਰੂਰ ਕਰਨੀ ਚਾਹੀਦੀ ਹੈ। ਦੋਪਹੀਆ ਵਾਹਨਾਂ ਵਾਲਿਆਂ ਨੂੰ ਸਿਰ ਦੀਆਂ ਸੱਟਾਂ ਦੇ ਬਚਾਅ ਲਈ ਹੈਲਮੈਟ ਦੀ ਵਰਤੋਂ ਕਰਨੀ ਚਾਹੀਦੀ ਹੈ। ਕਿਸੇ ਵੀ ਹਾਦਸੇ ਵਿਚ ਹੌਸਲਾ ਕਾਇਮ ਰੱਖੋ ਅਤੇ ਘਬਰਾਓ ਨਾ। ਸਹਾਇਤਾ ਮਿਲਣ ਤਕ ਰੋਗੀ ਜਾਂ ਉਸਦੇ ਰਿਸ਼ਤੇਦਾਰਾਂ ਨੂੰ ਵੀ ਮਾਨਸਿਕ ਹੌਸਲਾ ਅਤੇ ਤਸੱਲੀ ਦੇਣ ਦੀ ਕੋਸ਼ਿਸ਼ ਕਰੋ। ਇਸ ਨਾਲ ਫ਼ਿਕਰ ਅਤੇ ਬੇਚੈਨੀ ਘੱਟਦੀ ਹੈ। ਭੁੱਲ-ਭੁਲੇਖੇ ਵੀ ਕਦੀ ਕਿਸੇ ਜ਼ਖ਼ਮੀ, ਦੌਰੇ ਵਾਲੇ ਵਿਅਕਤੀ ਅਤੇ ਬੇਹੋਸ਼ੀ ਦੀ ਹਾਲਤ ਵਾਲੇ ਦੇ ਮੂੰਹ ਵਿਚ ਪਾਣੀ ਨਾ ਪਾਓ। ਇਹ ਪਾਣੀ ਫੇਫੜਿਆਂ ਵਿਚ ਜਾ ਕੇ ਸਾਹ ਦੀ ਰੁਕਾਵਟ ਕਰ ਸਕਦਾ ਹੈ। ਛੇਤੀ ਤੋਂ ਛੇਤੀ ਫੱਟੜਾਂ ਨੂੰ ਹਸਪਤਾਲ ਪਹੁੰਚਾਉਣ ਦੇ ਪ੍ਰਬੰਧ ਕਰੋ ਅਤੇ ਜ਼ਿਲ੍ਹੇ ਦੇ ਜਿੰਮੇਵਾਰ ਅਧਿਕਾਰੀਆਂ ਨੂੰ ਸੂਚਿਤ ਕਰੋ ਤਾਂ ਜੋ ਪੁਲਿਸ ਅਤੇ ਡਾਕਟਰੀ ਮਦਦ ਹਾਦਸੇ ਵਾਲੀ ਥਾਂ ਪਹੁੰਚ ਸਕੇ।

ਸਰਕਾਰਾਂ ਜਿੱਥੇ ਸੜਕੀ ਹਾਦਸਿਆਂ ਨੂੰ ਘੱਟ ਕਰਨ ਲਈ ਸੁਰੱਖਿਆ ਨੀਤੀਆਂ ਅਮਲ ਵਿਚ ਲਿਆਉਂਦੀਆਂ ਹਨ, ਉੱਥੇ ਫਰਸਟ ਏਡ ਦੇ ਗਿਆਨ ਨੂੰ ਵੀ ਹਰੇਕ ਲਈ ਲਾਜ਼ਮੀ ਕਰਾਰ ਦਿੱਤਾ ਜਾਣਾ ਚਾਹੀਦਾ ਹੈ ਤਾਂ ਜੋ ਹਾਦਸਿਆਂ ਦੌਰਾਨ ਲੋਕ ਇਸ ਗਿਆਨ ਜ਼ਰੀਏ ਜੀਵਨ ਸੁਰੱਖਿਆ ਕਰ ਸਕਣ। ਵੱਧ ਤੋਂ ਵੱਧ ਜਾਗਰੂਕਤਾ ਹੀ ਜ਼ਿੰਦਗੀ ਰੂਪੀ ਤੋਹਫ਼ੇ ਦੀ ਸੁਰੱਖਿਆ ਨੂੰ ਯਕੀਨੀ ਬਣਾ ਸਕਦੀ ਹੈ

• ਨਰੇਸ਼ ਪਠਾਣੀਆ
98557-00157

# ਮੌਸਮ ਤੋਂ ਪਹਿਲਾਂ ਖ਼ੁਦ ਨੂੰ ਬਦਲੋ



> ਮੌਸਮ ਕਰਵਟ ਲੈ ਰਿਹਾ ਹੈ। ਲੋੜ ਹੈ ਇਸ ਬਦਲਾਅ ਲਈ ਤਿਆਰੀ ਕਰੀਏ ਤਾਂ ਜੋ ਗਰਮੀਆਂ ਦਾ ਜਸ਼ਨ ਮਨਾ ਸਕੀਏ!

ਸਰਦੀਆਂ ਵਿਦਾ ਲੈ ਰਹੀਆਂ ਹਨ। ਗਰਮ ਮੋਟੇ ਕੱਪੜਿਆਂ ਦੇ ਨਾਲ ਨਾਲ ਸਰੀਰ 'ਤੇ ਜਮ੍ਹਾ ਹੋਈ ਚਰਬੀ ਦੀਆਂ ਪਰਤਾਂ ਨੂੰ ਅਲਵਿਦਾ ਕਹਿਣ ਦੇ ਦਿਨ ਆ ਰਹੇ ਹਨ। ਆਓ, ਪਾਣੀ ਦੀ ਮਦਦ ਨਾਲ ਸਰੀਰ ਦੀ ਵਾਧੂ ਚਰਬੀ ਪਿਘਲਾਉਣ ਬਾਰੇ ਗੱਲ ਕਰੀਏ ਤੇ ਗਰਮੀਆਂ ਦੇ ਜਸ਼ਨ ਲਈ ਤਿਆਰ ਹੋਈਏ!

ਇਤਿਹਾਸ ਅਤੇ ਮੌਸਮ ਦੋਵੇਂ ਖ਼ੁਦ ਨੂੰ ਦੁਹਰਾਉਂਦੇ ਹਨ। ਕੋਸੀ ਸਰਦੀ ਤੋਂ ਬਾਅਦ ਹੁਣ ਦੌਰ ਹੈ ਗਰਮੀਆਂ ਦੀ ਸੁਨਹਿਰੀ ਸ਼ੁਰੂਆਤ ਦਾ। ਸਵੇਰੇ-ਸ਼ਾਮ ਹਲਕੀ ਠੰਢ ਅਤੇ ਦੁਪਹਿਰ ਵਿਚ ਖ਼ੁਸ਼ਗਵਾਰ ਧੁੱਪ ਇਸ਼ਾਰਾ ਕਰ ਰਹੀ ਹੈ ਕਿ ਮੌਸਮ ਹੌਲੀ-ਹੌਲੀ ਕਰਵਟ ਲੈ ਰਿਹਾ ਹੈ। ਸੁਚੇਤ ਰਹਾਂਗੇ ਤਾਂ ਮੌਸਮ ਦਾ ਇਹ ਬਦਲਾਅ ਖ਼ੁਸ਼ੀਆਂ ਲਿਆਏਗਾ ਪਰ ਜੇ ਜ਼ਰਾ ਜਿੰਨੀ ਵੀ ਲਾਪਰਵਾਹੀ ਹੋਈ ਤਾਂ ਬਿਮਾਰੀ ਘੇਰ ਸਕਦੀ ਹੈ। ਕੁਦਰਤ ਅਤੇ ਇਸ ਦੀ ਖ਼ੂਬਸੂਰਤੀ ਨੂੰ ਇਕ ਸਿਹਤਮੰਦ ਸਰੀਰ ਹੀ ਪੂਰੇ ਆਨੰਦ ਨਾਲ ਮਹਿਸੂਸ ਕਰ ਸਕਦਾ ਹੈ। ਇਸ ਲਈ ਜ਼ਰੂਰੀ ਹੈ ਕਿ ਇਹ ਹਰ ਬਦਲਦੇ ਮੌਸਮ ਮੁਤਾਬਕ ਢਲ਼ ਜਾਣ ਲਈ ਤਿਆਰ ਹੋਵੇ। ਇਸ ਲਈ ਜ਼ਰੂਰੀ ਸ਼ਰਤ ਹੈ ਇਮਿਊਨਿਟੀ ਅਤੇ ਉਸ ਲਈ ਸਭ ਤੋਂ ਵੱਡੀ ਲੋੜ ਹੈ ਸਰੀਰ ਦਾ ਆਪਣੇ ਮੂਲ ਰੂਪ ਵਿਚ ਰਹਿਣਾ, ਜ਼ਹਿਰੀਲੇ ਅਤੇ ਗ਼ੈਰ-ਜ਼ਰੂਰੀ ਤੱਤਾਂ ਤੋਂ ਸੁਰੱਖਿਅਤ ਰਹਿਣਾ। ਅੱਜਕੱਲ੍ਹ ਦੀ ਜੀਵਨਸ਼ੈਲੀ ਕੁਝ ਅਜਿਹੀ ਹੈ ਕਿ ਨਾ ਚਾਹੁੰਦੇ ਹੋਏ ਵੀ ਅਸੀਂ ਸਰੀਰ ਨੂੰ ਉਨ੍ਹਾਂ ਚੀਜ਼ਾਂ-ਆਦਤਾਂ ਨਾਲ ਭਰਦੇ ਰਹਿੰਦੇ ਹਾਂ ਜਿਨ੍ਹਾਂ ਦਾ ਨਤੀਜਾ ਸਾਡੀ ਸਿਹਤ ਨੂੰ ਕਈ ਤਰ੍ਹਾਂ ਦੇ ਨੁਕਸਾਨ ਦੇ ਰੂਪ ਵਿਚ ਨਿਕਲਦਾ ਹੈ। ਲੋੜ ਤੋਂ ਵੱਧ ਖਾਣਾ, ਸਰੀਰ ਲਈ ਗ਼ੈਰ-ਜ਼ਰੂਰੀ ਪੋਸ਼ਕ ਤੱਤਾਂ ਦੀ ਖ਼ੁਰਾਕ ਦਾ ਵਾਧਾ, ਨਸ਼ੀਲੇ ਪਦਾਰਥਾਂ ਦੀ ਵਰਤੋਂ ਆਦਿ ਕੁਝ ਅਜਿਹੀਆਂ ਗੱਲਾਂ ਹਨ ਜੋ ਸਰੀਰ ਤੇ ਦਿਮਾਗ਼ ਨੂੰ ਬੇਲੋੜੀ ਬੋਝ, ਭਾਰੀ ਅਤੇ ਰੋਗ-ਗ੍ਰਸਤ ਬਣਾਉਂਦੀ ਹੈ। ਪੂਰਬ ਹੋਵੇ ਜਾਂ ਪੱਛਮ, ਇਹ ਸਮੱਸਿਆ ਧਰਤੀ ਦੇ ਹਰ ਪਾਸੇ ਹੀ ਮੌਜੂਦ ਹੈ। ਇਸ ਲਿਹਾਜ਼ ਨਾਲ ਇਸ ਦੇ ਸਾਂਝੇ ਹੱਲ ਤੇ ਇਲਾਜ ਵੀ ਸੰਭਵ ਹਨ। ਸਰੀਰ ਨੂੰ ਹਲਕਾ ਰੱਖਣ ਦੀ ਇਹ ਪ੍ਰਕਿਰਿਆ ਪੂਰਬੀ ਦੇਸ਼ਾਂ ਵਿਚ ਵਰਤ ਦੇ ਰੂਪ ਵਿਚ ਦੇਖੀ ਜਾ ਸਕਦੀ ਹੈ ਜਦਕਿ ਪੱਛਮੀ ਸੱਭਿਅਤਾ ਇਸ ਨੂੰ 'ਡਿਟਾਕਸੀਫਿਕੇਸ਼ਨ ਪ੍ਰਾਸੈੱਸ' ਦਾ ਨਾਂ ਦਿੰਦੀ ਹੈ। ਇਸ ਪ੍ਰਕਿਰਿਆ ਵਿਚ ਸਰੀਰ ਵਿਚ ਪਾਣੀ ਦੀ ਮਾਤਰਾ ਵਧਾ ਕੇ ਸਰੀਰ ਨੂੰ ਗ਼ੈਰ-ਜ਼ਰੂਰੀ ਤੱਤਾਂ ਤੋਂ ਮੁਕਤ ਕੀਤਾ ਜਾਂਦਾ ਹੈ। ਦਿਲਚਸਪ ਗੱਲ ਇਹ ਹੈ ਕਿ ਖ਼ੁਰਾਕ ਮਾਹਿਰਾਂ ਨੇ ਡਿਟਾਕਸੀਫਿਕੇਸ਼ਨ ਵਿਚ ਨਵੇਂ-ਨਵੇਂ ਪ੍ਰਯੋਗ ਕਰਕੇ ਇਸ ਨੂੰ ਇਕ ਅਕੇਵੇਂ ਭਰੀ ਪ੍ਰਕਿਰਿਆ ਦੀ ਥਾਂ ਦਿਲਚਸਪ ਤਰੀਕਿਆਂ ਵਿਚ ਤਬਦੀਲ ਕਰ ਦਿੱਤਾ ਹੈ।

### ਸ਼ੁਰੂ ਕਰੋ ਤਿਆਰੀ

ਜੇ ਤੁਸੀਂ ਵੀ ਗਰਮੀਆਂ ਦੇ ਮੌਸਮ ਵਿਚ ਸਿਹਤਮੰਦ ਅਤੇ ਖ਼ੂਬਸੂਰਤ ਦਿਖਣਾ ਚਾਹੁੰਦੇ ਹੋ ਤਾਂ ਇਹੀ ਸਮਾਂ ਹੈ ਕਿ ਰਜਾਈ-ਕੰਬਲ ਗੋਲ ਕਰੋ ਅਤੇ ਖ਼ੁਦ ਨੂੰ ਡਿਟਾਕਸ ਪ੍ਰੋਗਰਾਮ ਲਈ ਤਿਆਰ ਕਰ ਲਓ। ਆਪਣੇ ਸਰੀਰ ਨੂੰ ਜ਼ਰਾ ਧਿਆਨ ਨਾਲ ਦੇਖੋ! ਸਰਦੀਆਂ ਦੀ ਖ਼ੁਰਾਕ ਕਿਵੇਂ ਸਰੀਰ 'ਤੇ ਤਹਿਆਂ ਵਾਂਗ ਜੰਮ ਚੁੱਕੀ ਹੈ। ਆਲੂ ਦੇ ਪਰੌਂਠੇ, ਮਸਾਲੇਦਾਰ ਸਬਜ਼ੀਆਂ ਤੇ ਵਿਆਹਾਂ ਦੀਆਂ ਦਾਅਵਤਾਂ ਦਾ ਅਸਰ ਚਿਹਰੇ ਤੋਂ ਲੈ ਕੇ ਚਾਲ ਤਕ ਸਾਫ ਦਿਖਾਈ ਦੇ ਰਿਹਾ ਹੈ। ਵਧਿਆ ਹੋਇਆ ਪੇਟ ਤੇ ਸੁਸਤੀ ਮਾਰਿਆ ਥੁਲਥੁਲਾ ਸਰੀਰ। ਕੀ ਇਹੀ ਸਰੀਰ ਲੈ ਕੇ ਗਰਮੀਆਂ ਵਿਚ ਗੋਆ ਜਾਣ ਦਾ ਇਰਾਦਾ ਹੈ? ਨਹੀਂ ਨਾ! ਫਿਰ ਗਰਮੀਆਂ 'ਚ ਫਿਟ ਰਹਿਣ ਦੀ ਤਿਆਰੀ ਹੁਣੇ ਤੋਂ ਸ਼ੁਰੂ ਕਰਨੀ ਪਵੇਗੀ ।

### ਕੀ ਹੈ ਡਿਟਾਕਸੀਫਿਕੇਸ਼ਨ

ਇਹ ਪ੍ਰਕਿਰਿਆ ਬਹੁਤ ਆਸਾਨ ਹੈ। ਸੌਖੇ ਸ਼ਬਦਾਂ ਵਿਚ ਸਮਝੀਏ ਤਾਂ ਇਹ ਸਰੀਰਰ ਨੂੰ ਅੰਦਰ ਤੋਂ ਸਾਫ਼ ਕਰਨ ਦੀ ਸਾਧਾਰਨ ਪ੍ਰਕਿਰਿਆ ਹੈ ਅਤੇ ਇਸ ਦਾ ਪ੍ਰਮੁੱਖ ਤੱਤ ਹੈ ਪਾਣੀ। ਪਾਣੀ ਦੀ ਮਾਤਰਾ ਵਧਾ ਕੇ ਸਰੀਰ 'ਚੋਂ ਜ਼ਹਿਰੀਲੇ ਤੱਤ ਬਾਹਰ ਨਿਕਲਦੇ ਹਨ।



### ਕਿਹੋ ਜਿਹੇ ਹੋਣ ਡ੍ਰਿੰਕ?

ਹਾਲਾਂਕਿ ਦਿਨ ਵਿਚ ਕਈ ਵਾਰ ਸਾਦਾ ਪਾਣੀ ਪੀਣਾ ਡਿਟਾਕਸੀਫਿਕੇਸ਼ਨ ਲਈ ਕਾਫ਼ੀ ਹੈ ਪਰ ਆਧੁਨਿਕ ਜੀਵਨਸ਼ੈਲੀ ਦੀਆਂ ਲੋੜਾਂ ਮੁਤਾਬਕ ਡਾਈਟੀਸ਼ਿਅਨਜ਼ ਇਸ ਲਈ ਫਰੂਟ ਜੂਸ ਅਤੇ ਸ਼ਰਬਤ ਦੀ ਸਿਫ਼ਾਰਿਸ਼ ਕਰਦੇ ਹਨ। ਭਾਰਤੀ ਸਮਾਜ ਵਿਚ ਸ਼ਰਬਤ ਕਾਫੀ ਪ੍ਰਚਲਿਤ ਹੈ। ਪਰ ਡਿਟਾਕਸੀਫਿਕੇਸ਼ਨ ਪ੍ਰੋਸੈੱਸ ਵਿਚ ਏਨਾ ਹੀ ਫ਼ਰਕ ਹੈ ਕਿ ਜ਼ਾਇਕੇਦਾਰ ਪਾਣੀ ਵਿਚ ਚੀਨੀ ਜਾਂ ਲੂਣ ਨਹੀਂ ਪਾਇਆ ਜਾਂਦਾ। ਨਤੀਜੇ ਵਜੋਂ ਫਲਾਂ ਦਾ ਰਸ ਹੀ ਸਾਹਮਣੇ ਆਉਂਦਾ ਹੈ ਜੋ ਪੋਸ਼ਕ ਤੱਤਾਂ ਨਾਲ ਭਰਪੂਰ ਹੁੰਦੇ ਹਨ ਅਤੇ ਸਰੀਰ ਦੇ ਮੈਟਾਬੌਲਿਜ਼ਮ ਨੂੰ ਰਫ਼ਤਾਰ ਦਿੰਦੇ ਹਨ। ਸੰਤਰਾ, ਅਨਾਨਾਸ, ਸਟ੍ਰੇਬੇਰੀ ਆਦਿ ਨੂੰ ਦਾਲਚੀਨੀ ਵਰਗੇ ਮਸਾਲਿਆਂ ਅਤੇ ਪੁਦੀਨੇ ਦੀਆਂ ਪੱਤੀਆਂ ਨਾਲ ਮਿਲਾ ਕੇ ਸੁਆਦੀ ਜੂਸ ਤਿਆਰ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਵੀ ਆਪਣੀ ਪਸੰਦ ਮੁਤਾਬਕ ਕਈ ਹੋਰ ਪ੍ਰਯੋਗ ਵੀ ਕਰ ਸਕਦੇ ਹੋ। ਚੀਨੀ ਅਤੇ ਲੂਣ ਤੋਂ ਪਰਹੇਜ਼ ਕਰਨਾ ਹੈ। ਆਪਣੇ ਮਨਪਸੰਦ ਫਲਾਂ ਦੇ ਟੁਕੜਿਆਂ ਨੂੰ ਪੁਦੀਨੇ ਅਤੇ ਨਿੰਬੂ ਦੇ ਟੁਕੜਿਆਂ ਨਾਲ ਮਲਮਲ ਦੇ ਇਕ ਟੁਕੜੇ ਵਿਚ ਬੰਨ੍ਹ ਦਿਓ। ਇਸ ਨੂੰ 12-14 ਘੰਟੇ ਲਈ ਪਾਣੀ 'ਚ ਭਿਓਂ ਕੇ ਰੱਖੋ ਤੇ ਲਓ ਜ਼ਾਇਦੇਦਾਰ ਫਲ਼ਾਂ ਦੇ ਪਾਣੀ ਦਾ ਆਨੰਦ। ਤਬੀਅਤ ਖ਼ਰਾਬ ਹੋਵੇ ਜਾਂ ਮੂਡ, ਇਕ ਗਿਲਾਸ ਜੂਸ ਦੋਹਾਂ ਨੂੰ ਦਰੁਸਤ ਕਰਨ ਲਈ ਕਾਫ਼ੀ ਹੈ। ਫਰੂਟ ਜੂਸ ਦੇ ਨਾਂ 'ਤੇ ਵਿਕਣ ਵਾਲੇ ਚੀਨੀ ਵਾਲੇ ਪੈਕਟਬੰਦ ਜੂਸ ਤੋਂ ਬਚੋ। ਘਰ ਤਿਆਰ ਕੀਤੇ ਗਏ ਰਸ ਨਾਲ ਭਰਪੂਰ ਪੋਸ਼ਣ ਅਤੇ ਫਾਈਬਰ ਦੋਵੇਂ ਮਿਲਦੇ ਹਨ।



• ਸਿਸ਼ਟੀ ਵਰਮਾ

# ਗੁਰਦੁਆਰਾ ਘਾਟ ਸਾਹਿਬ

ਗੁਰਨਾਮ ਸਿੰਘ ਭੱਲੜੀ
9417335325



ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨਛੋਹ ਪ੍ਰਾਪਤ ਪਵਿੱਤਰ ਗੁਰਦੁਆਰਾ ਘਾਟ ਸਾਹਿਬ ਸ਼ਿਵਾਲਿਕ ਦੀਆਂ ਪਹਾੜੀਆਂ ਦੀ ਗੋਦ 'ਚ ਵਸੇ, ਨੰਗਲ ਡੈਮ ਵਿਖੇ ਸੁਸ਼ੋਭਿਤ ਹੈ। ਖ਼ਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਤੋਂ ਕਰੀਬ 20 ਕਿਲੋਮੀਟਰ ਉੱਤਰ ਦਿਸ਼ਾ ਵੱਲ ਸਥਿਤ ਇਸ ਪਾਵਨ ਅਸਥਾਨ 'ਤੇ ਗੁਰੂ ਗੋਬਿੰਦ ਸਿੰਘ ਜੀ ਸਾਲ 1696 ਵਿਚ ਬਿਭੌਰ ਸਾਹਿਬ ਨੂੰ ਜਾਣ ਸਮੇਂ ਪਧਾਰੇ ਸਨ।ਕਿਉਂਕਿ ਬਿਭੌਰ ਸਾਹਿਬ ਉਸ ਸਮੇਂ ਰਾਜਾ ਬਾਰਥਿਕ ਰਿਆਸਤ ਸੀ। ਇਥੋਂ ਦੇ ਰਾਜਾ ਰਤਨ ਰਾਏ ਅਤੇ ਰਾਣੀ ਗੁਰੂ ਜੀ ਦੇ ਸੇਵਕ ਸਨ। ਗੁਰੂ ਜੀ ਦੇ ਕਹਿਣ 'ਤੇ ਹੀ, ਨਾਹਨ ਦੇ ਰਾਜਾ ਮੇਦਨੀ ਪ੍ਰਕਾਸ਼ ਨੇ ਅਪਣੀ ਧੀ ਸ਼ੈਮਾਂ ਰਾਣੀ, ਬਿਭੌਰ ਰਿਆਸਤ ਦੇ ਰਾਜੇ ਰਤਨ ਰਾਏ ਨਾਲ ਵਿਆਹੀ ਹੋਈ ਸੀ। ਬਿਭੌਰ ਦੇ ਰਾਜਾ ਵਲੋਂ ਗੁਰੂ ਜੀ ਨੂੰ ਵਾਰ-ਵਾਰ ਬਿਭੌਰ ਸਾਹਿਬ ਆਉਣ ਲਈ ਬੇਨਤੀਆਂ ਕੀਤੀਆਂ ਜਾ ਰਹੀਆਂ ਸਨ। ਅਖ਼ੀਰ ਗੁਰੂ ਜੀ ਨੇ ਉਨ੍ਹਾਂ ਦੀ ਬੇਨਤੀ ਪ੍ਰਵਾਨ ਕਰਦਿਆਂ ਸਾਲ 1696 ਵਿਚ ਬਿਭੌਰ ਸਾਹਿਬ ਲਈ ਨੰਗਲ ਡੈਮ ਵਿਖੇ ਪਹੁੰਚੇ ਸਨ। ਜਿੱਥੇ ਸਤਲੁਜ ਦਰਿਆ ਲੰਘਣ ਲਈ ਨੰਗਲ ਵਿਖੇ ਇਕ ਘਾਟ ਸੀ ਉੱਥੋਂ ਕਿਸ਼ਤੀ ਰਾਹੀ ਬਿਭੌਰ ਸਾਹਿਬ ਨੂੰ ਜਾਣਾ ਪੈਂਦਾ ਸੀ। ਪਿੰਡ ਦਬ੍ਹੇਟਾ ਅਤੇ ਬਿਭੌਰ ਸਾਹਿਬ, ਸਤਲੁਜ ਦਰਿਆ ਦੇ ਕੰਢੇ 'ਤੇ ਬਹੁਤ ਉੱਚੀਆਂ ਪਹਾੜੀਆਂ 'ਤੇ ਵਸੇ ਦੋ ਪਿੰਡ ਹਨ। ਇਨ੍ਹਾਂ ਪਿੰਡਾਂ ਵਿਚਕਾਰ ਪੈਂਦੀ ਸਤਲੁਜ ਨਦੀ ਨੂੰ ਪਾਰ ਕਰਨ ਲਈ ਬੇੜੀ ਪੈਂਦੀ ਸੀ।




ਗੁਰੂ ਗੋਬਿੰਦ ਸਿੰਘ ਜੀ ਨੇ ਇਸ ਘਾਟ ਤੋਂ ਬੇੜੀ ਰਸਤੇ ਬਿਭੌਰ ਸਾਹਿਬ ਜਾਣਾ ਸੀ, ਜਿਸ ਦੀ ਭਿਣਕ ਸਾਰੇ ਮਲਾਹਾਂ ਨੂੰ ਲੱਗ ਚੁੱਕੀ ਸੀ। ਇਸ ਲਈ ਹਰੇਕ ਮਲਾਹ ਨੇ ਆਪਣੀ-ਆਪਣੀ ਬੇੜੀ ਨੂੰ ਬਹੁਤ ਹੀ ਖ਼ੂਬਸੂਰਤ ਤਰੀਕੇ ਨਾਲ ਸਜਾ ਲਿਆ ਤਾਂ ਕਿ ਗੁਰੂ ਜੀ ਉਸ ਦੀ ਬੇੜੀ ਵਿਚ ਬੈਠ ਕੇ ਸਤਲੁਜ ਦਰਿਆ ਪਾਰ ਕਰਨਗੇ ਅਤੇ ਮੋਟੀ ਮਾਇਆ ਜਾਂ ਮੋਹਰਾਂ ਦਾ ਗੱਫਾ ਦੇ ਕੇ ਜਾਣਗੇ। ਪਰ ਇਸ ਘਾਟ 'ਤੇ ਬੇੜੀ ਚਲਾਉਣ ਵਾਲਾ ਰੁਕਨਦੀਨ ਮਲਾਹ ਵੀ ਸੀ ਜਿਸ ਨੂੰ ਲੋਕ ਸੈਦਾ ਮਲਾਹ ਵੀ ਆਖਦੇ ਸਨ। ਰੱਬ ਦੀ ਰਜ਼ਾ ਵਿਚ ਰਹਿਣ ਵਾਲਾ ਰੁਕਨਦੀਨ ਬਹੁਤ ਗ਼ਰੀਬ ਸੀ ਇਸ ਕਾਰਨ ਉਸ ਦੀ ਕਿਸ਼ਤੀ ਵੀ ਕਈ ਥਾਂ ਤੋਂ ਟੁੱਟੀ ਹੋਈ ਸੀ। ਗ਼ਰੀਬੀ ਕਾਰਨ ਉਹ ਆਪਣੀ ਕਿਸ਼ਤੀ ਨੂੰ ਸ਼ਿੰਗਾਰ ਵੀ ਨਾ ਸਕਿਆ। ਇਸ ਕਾਰਨ ਦੂਜੇ ਮਲਾਹਾਂ ਵਲੋਂ ਸੈਦਾ ਮਲਾਹ ਦੀ ਕਿਸ਼ਤੀ ਨੂੰ ਇਕ ਸਾਈਡ 'ਤੇ ਕਰਾ ਦਿੱਤਾ।

ਜਦੋਂ ਗੁਰੂ ਜੀ ਇਸ ਘਾਟ 'ਤੇ ਪਹੁੰਚੇ ਤਾਂ ਉਹ ਵਾਰੀ-ਵਾਰੀ ਹਰ ਇਕ ਕਿਸ਼ਤੀ ਦੇ ਮਲਾਹ ਕੋਲ ਜਾ ਕੇ ਪੁੱਛਣ ਲੱਗੇ ਕਿ ਇਹ ਕਿਸ਼ਤੀ ਕਿਸਦੀ ਹੈ, ਤਾਂ ਹਰੇਕ ਮਲਾਹ ਨੇ ਹੰਕਾਰ ਵਿਚ ਆ ਕੇ ਕਿਹਾ ਕਿ ਇਹ ਕਿਸ਼ਤੀ ਮੇਰੀ ਹੈ, ਇਹ ਕਿਸ਼ਤੀ ਮੇਰੀ ਹੈ। ਸੈਦਾ ਮਲਾਹ ਬਹੁਤ ਨਿਤਾਣਾ ਹੋ ਕੇ ਇਕ ਪਾਸੇ ਖੜ੍ਹਾ ਸੀ। ਜਦੋਂ ਗੁਰੂ ਜੀ ਨੇ ਸੈਦੇ ਮਲਾਹ ਦੀ ਕਿਸ਼ਤੀ ਵੱਲ ਉਂਗਲ ਕਰਕੇ ਪੁੱਛਿਆ ਕਿ ਇਹ ਕਿਸਦੀ ਹੈ।ਤਾਂ ਸਾਰੇ ਮਲਾਹ ਹੱਸ ਪਏ। ਪਰ ਸੈਦਾ ਮਲਾਹ ਬਹੁਤ ਹੀ ਨਿਮਰਤਾ ਨਾਲ ਬੋਲਿਆ ਕਿ ਸੱਚੇ ਪਾਤਸ਼ਾਹ ਜੀ ਇਹ ਬੇੜੀ ਆਪ ਦੀ ਹੀ ਹੈ ਅਤੇ ਮੈਂ ਆਪ ਦੇ ਦਰ ਦਾ ਕੂਕਰ ਹਾਂ। ਸੈਦੇ ਮਲਾਹ ਦੀ ਨਿਮਰਤਾ ਨੂੰ ਵੇਖ ਕੇ ਗੁਰੂ ਜੀ ਬਹੁਤ ਖ਼ੁਸ਼ ਹੋਏ ਅਤੇ ਸੈਦੇ ਮਲਾਹ ਦੀ ਕਿਸ਼ਤੀ ਵਿਚ ਬੈਠ ਕੇ ਸਤਲੁਜ ਦਰਿਆ ਪਾਰ ਕੀਤਾ। ਜਦੋਂ ਗੁਰੂ ਜੀ ਸੈਦੇ ਮਲਾਹ ਨੂੰ ਕੁਝ ਮੋਹਰਾਂ ਦੇਣ ਲੱਗੇ ਤਾ ਸੈਦਾ ਮਲਾਹ ਹੱਥ ਜੋੜ ਕੇ ਖੜ੍ਹਾ ਹੋ ਗਿਆ।ਅਤੇ ਕਹਿਣ ਲੱਗਾ ਕਿ ਗ਼ਰੀਬ ਨਿਵਾਜ ਜੀ ਤੁਸੀ ਵੀ ਮਲਾਹ ਹੋ ਅਤੇ ਮੈਂ ਵੀ ਮਲਾਹ ਹਾਂ। ਮੇਰਾ ਅਸੂਲ ਹੈ ਕਿ ਮੈਂ ਕਿਸੇ ਮਲਾਹ ਤੋਂ ਕੋਈ ਭੇਟਾ ਨਹੀਂ ਲੈਂਦਾ। ਗੁਰੂ ਜੀ ਹੈਰਾਨ ਹੋ ਕੇ ਪੁੱਛਣ ਲੱਗੇ ਉਹ ਕਿਵੇਂ? ਤਾਂ ਸੈਦਾ ਮਲਾਹ ਹੱਥ ਜੋੜ ਕੇ ਕਹਿਣ ਲੱਗਾ ਕਿ ਗੁਰ ਜੀ ਮੈਂ ਇਸ ਨਦੀ ਤੋਂ ਆਪ ਜੀ ਨੂੰ ਪਾਰ ਲੰਘਾਇਆ ਹੈ ਇਸ ਲਈ ਮੈਂ ਇਕ ਮਲਾਹ ਹਾਂ ਅਤੇ ਤੁਸੀ ਲੋਕਾਂ ਨੂੰ ਇਸ ਸੰਸਾਰ ਰੂਪੀ ਭਵਸਾਗਰ ਤੋਂ ਪਾਰ ਲੰਘਾਉਂਦੇ ਹੋ ਇਸ ਲਈ ਤੁਸੀਂ ਵੀ ਇਕ ਮਲਾਹ ਹੀ ਹੋ। ਗੁਰੂ ਜੀ ਕਹਿਣ ਲੱਗੇ ਕੁਝ ਮੰਗ ਲੈ ਤਾਂ ਸੈਦਾ ਮਲਾਹ ਨੇ ਹੱਥ ਜੋੜ ਕੇ ਅਰਜ਼ ਕੀਤੀ ਕਿ ਸੱਚੇ ਪਾਤਸ਼ਾਹ ਜੇ ਤੁੱਠੇ ਹੋ ਤਾਂ ਮੇਰੀ ਇਕ ਬੇਨਤੀ ਕਬੂਲ ਕਰੋ।ਕਿ ਮੈਨੂੰ ਇਸ ਸੰਸਾਰ ਦੇ ਭਵਸਾਗਰ ਤੋਂ ਪਾਰ ਲਗਾ ਦਿਓ। ਗੁਰੂ ਜੀ ਵਰ ਦਿੱਤਾ ਕਿ ਸੈਦਿਆ ਤੂੰ ਤਾਂ ਅਪਣੀ ਗੱਲ ਕਰਦਾ ਹੈਂ ਤੇਰੀਆਂ 21 ਕੁੱਲਾਂ ਤਰਨਗੀਆਂ।

ਅੱਜ ਵੀ ਇਸ ਇਲਾਕੇ 'ਚ ਸੈਦਾ ਮਲਾਹ ਦੀ ਵੰਸ਼ ਵਿੱਚੋਂ ਲੋਕ ਇਥੇ ਰਹਿੰਦੇ ਹਨ। ਇਸ ਜਗ੍ਹਾ 'ਤੇ ਸਿੱਖ ਸੰਗਤਾਂ ਵਲੋਂ ਇਕ ਝੌਂਪੜੀ ਬਣਾ ਕੇ ਗੁਰਦੁਆਰਾ ਸਾਹਿਬ ਬਣਾਇਆ ਗਿਆ ਸੀ ਜਿਸ ਨੂੰ ਭਾਰਤ ਪਾਕਿਸਤਾਨ ਦੀ ਵੰਡ ਸਮੇਂ ਕੁਝ ਜਨੂੰਨੀ ਲੋਕਾਂ ਵਲੋਂ ਸਾੜ ਦਿੱਤਾ ਗਿਆ ਸੀ। ਮੁੜ ਸੰਗਤਾਂ ਵਲੋਂ 1950 'ਚ ਇਸ ਗੁਰਦੁਆਰਾ ਸਾਹਿਬ ਦੀ ਕਾਰ ਸੇਵਾ ਆਰੰਭ ਕੀਤੀ ਗਈ ਅਤੇ 13 ਅਪਰੈਲ 1952 ਨੂੰ ਪਹਿਲੀ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਦਿੱਤਾ ਗਿਆ। ਇਸ ਥਾਂ 'ਤੇ ਇਕ ਆਲੀਸ਼ਾਨ ਗੁਰਦੁਆਰਾ ਘਾਟ ਸਾਹਿਬ ਬਣਿਆ ਹੋਇਆ ਹੈ। •

# ਕੌਮਾਂਤਰੀ ਔਰਤ ਦਿਵਸ ਅਤੇ ਮਹਾਨ ਸਿੰਘਣੀਆਂ

ਪ੍ਰੋ. ਗੀਨਾ ਕੌਰ ਢਿੱਲੋਂ







ਅੱਜ ਪੂਰਾ ਵਿਸ਼ਵ ਔਰਤ ਦਿਵਸ ਮਨਾ ਰਿਹਾ ਹੈ। ਔਰਤਾਂ ਦੇ ਅਧਿਕਾਰਾਂ ਅਤੇ ਸੁਰੱਖਿਆ ਦੇ ਚਰਚੇ ਭੱਖਦੇ ਮੁੱਦੇ ਬਣ ਚੁੱਕੇ ਹਨ। ਅਜਿਹੇ 'ਚ ਲੋੜ ਹੈ ਉਨ੍ਹਾਂ ਔਰਤਾਂ ਨੂੰ ਯਾਦ ਕਰਨ ਦੀ ਜਿਨ੍ਹਾਂ ਨੇ ਆਪਣੀ ਬਹਾਦਰੀ ਤੇ ਸਾਹਸ ਸਦਕਾ ਇਤਿਹਾਸ ਵਿਚ ਆਪਣਾ ਵਿਸ਼ੇਸ਼ ਮੁਕਾਮ ਬਣਾਇਆ। ਗੁਰੂ ਨਾਨਕ ਦੇਵ ਜੀ ਵੱਲੋਂ ਉਚਾਰੀ ਬਾਣੀ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਨਾਲ ਔਰਤ ਦੇ ਸਮਾਜ ਵਿਚ ਦਰਸਾਏ ਮਹੱਤਵ ਨੂੰ ਅਣਗਿਣਤ ਮਹਾਨ ਸਿੰਘਣੀਆਂ ਨੇ ਨਾ ਸਿਰਫ਼ ਹੋਰ ਅੱਗੇ ਵਧਾਇਆ ਬਲਕਿ ਸਿੱਖ ਇਤਿਹਾਸ ਨੂੰ ਨਵਾਂ ਮੋੜ ਦਿੱਤਾ। ਆਓ ਕੌਮਾਂਤਰੀ ਔਰਤ ਦਿਵਸ ਮੌਕੇ ਉਨ੍ਹਾਂ ਮਹਾਨ ਔਰਤਾਂ ਦੇ ਯੋਗਦਾਨ 'ਤੇ ਇਕ ਸੰਖੇਪ ਝਾਤ ਮਾਰੀਏ।

**ਬੇਬੇ ਨਾਨਕੀ ਜੀ :** ਗੁਰੂ ਨਾਨਕ ਦੇਵ ਜੀ ਨੂੰ ਪਰਮਾਤਮਾ ਨਾਲ ਇਕਸੁਰ ਹੋਣ ਤੇ ਸਮਾਜਿਕ ਬੁਰਾਈਆਂ ਖ਼ਿਲਾਫ਼ ਆਵਾਜ਼ ਬੁਲੰਦ ਕਰਨ ਲਈ ਪ੍ਰੇਰਿਤ ਕਰਨ ਪਿੱਛੇ ਉਨ੍ਹਾਂ ਦੀ ਵੱਡੀ ਭੈਣ ਬੇਬੇ ਨਾਨਕੀ ਸੀ। ਬੇਬੇ ਨਾਨਕੀ ਜੀ ਨੂੰ ਸਿੱਖ ਧਰਮ ਦੇ ਪਹਿਲੇ ਸਿੱਖ ਹੋਣ ਦਾ ਮਾਣ ਪ੍ਰਾਪਤ ਹੈ। ਬੇਬੇ ਨਾਨਕੀ ਨੇ ਹੀ ਸਭ ਤੋਂ ਪਹਿਲਾਂ ਗੁਰੂ ਜੀ ਦੇ ਰੱਬ ਪ੍ਰਤੀ ਅਸੀਮ ਮੋਹ ਨੂੰ ਪਛਾਣਿਆ ਤੇ ਉਸ ਨੂੰ ਸਹੀ ਦਿਸ਼ਾ ਦਿੱਤੀ। ਇਹੀ ਨਹੀਂ ਜਦ ਗੁਰੂ ਜੀ ਯਾਤਰਾ 'ਤੇ ਗਏ ਤਾਂ ਬੇਬੇ ਨਾਨਕੀ ਨੇ ਹੀ ਆਪਣੇ ਮਾਤਾ ਪਿਤਾ , ਗੁਰੂ ਜੀ ਦੀ ਪਤਨੀ ਤੇ ਉਨ੍ਹਾਂ ਦੇ ਬੱਚਿਆਂ ਦੀ ਦੇਖਭਾਲ ਕੀਤੀ। ਉਨ੍ਹਾਂ ਨੇ ਗੁਰੂ ਜੀ ਦੇ ਰਾਹ ਵਿਚ ਆਉਣ ਵਾਲੀਆਂ ਸਾਰੀਆਂ ਰੁਕਾਵਟਾਂ ਦਾ ਖ਼ਾਤਮਾ ਕਰ ਦਿੱਤਾ ਅਤੇ ਸਿੱਖੀ ਇਤਿਹਾਸ ਨੂੰ ਉਨ੍ਹਾਂ ਸਦਕਾ ਹੀ ਪਹਿਲਾ ਗੁਰੂ ਪ੍ਰਾਪਤ ਹੋਇਆ।

**ਮਾਤਾ ਖੀਵੀ ਜੀ :** ਗੁਰੂ ਅੰਗਦ ਦੇਵ ਜੀ ਦੀ ਪਤਨੀ ਮਾਤਾ ਖੀਵੀ ਜੀ ਦਾ ਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਲੰਗਰ ਪ੍ਰਥਾ ਵਿਚ ਮਾਤਾ ਖੀਵੀ ਜੀ ਦਾ ਯੋਗਦਾਨ ਅਣਮੁੱਲਾ ਹੈ। ਇੱਥੋਂ ਤਕ ਕਿ ਗੁਰੂ ਅੰਗਦ ਦੇਵ ਜੀ ਦੇ ਜੋਤੀ-ਜੋਤ ਸਮਾਉਣ ਤੋਂ 30 ਸਾਲਾਂ ਬਾਅਦ ਤਕ ਵੀ ਇਹ ਰਸੋਈ ਵਿਚ ਲੰਗਰ ਬਣਾਉਂਦੇ ਸਨ ਤੇ ਮਨੁੱਖਤਾ ਦੀ ਸੱਚੀ ਸੇਵਾ ਕਰਨ ਵਾਲੇ ਮਾਤਾ ਖੀਵੀ ਜੀ ਦਾ ਨਾਂ ਸਿੱਖ ਧਰਮ ਵੱਲੋਂ ਦੁਨੀਆ ਨੂੰ ਲੰਗਰ ਦੇ ਰੂਪ 'ਚ ਦਿੱਤੇ ਗਏ 'ਵੰਡ ਕੇ ਛਕੋ' ਸਿਧਾਂਤ ਵਿਚ ਪਾਏ ਗਏ ਅਹਿਮ ਯੋਗਦਾਨ ਵਜੋਂ ਹਮੇਸ਼ਾ ਯਾਦ ਰਹੇਗਾ।

**ਬੀਬੀ ਭਾਨੀ ਜੀ :** ਤੀਸਰੇ ਗੁਰੂ ਸ੍ਰੀ ਅਮਰਦਾਸ ਜੀ ਦੀ ਪੁੱਤਰੀ, ਚੌਥੇ ਗੁਰੂ ਸ੍ਰੀ ਰਾਮ ਦਾਸ ਜੀ ਦੀ ਪਤਨੀ ਅਤੇ ਪੰਜਵੇਂ ਗੁਰੂ ਸ੍ਰੀ ਅਰਜਨ ਦੇਵ ਜੀ ਦੇ ਮਾਤਾ ਬੀਬੀ ਭਾਨੀ ਜੀ ਅਤਿ ਸੁਸ਼ੀਲ, ਸੰਜਮੀ ਅਤੇ ਨਿਮਰਤਾ ਦੇ ਗੁਣਾਂ ਨਾਲ ਭਰਪੂਰ ਸ੍ਰੇਸ਼ਟ ਬੁੱਧੀ ਦੇ ਮਾਲਕ ਸਨ। ਬੀਬੀ ਭਾਨੀ ਜੀ ਨੇ ਪਿਤਾ ਦੀ ਸੇਵਾ ਕਰ ਕੇ ਇਹ ਪੂਰਨ ਰੂਪ ਵਿਚ ਸਿੱਧ ਕੀਤਾ ਕਿ ਬੇਟੀ ਅਤੇ ਬੇਟੇ ਵਿਚ ਕੋਈ ਫ਼ਰਕ ਨਹੀਂ । ਉਨ੍ਹਾਂ ਵੱਲੋਂ ਕੀਤੀ ਗਈ ਸੇਵਾ ਨੇ ਸਿੱਖ ਇਤਿਹਾਸ ਨੂੰ ਇਕ ਨਵਾਂ ਮੋੜ ਦੇਣ ਵਿਚ ਅਹਿਮ ਭੂਮਿਕਾ ਅਦਾ ਕੀਤੀ।

**ਮਾਤਾ ਗੁਜਰ ਕੌਰ ਜੀ :** ਆਪਣੇ ਸਾਰੇ ਪਰਿਵਾਰ ਨੂੰ ਕੌਮ ਦੀ ਰਾਖੀ ਲਈ ਕੁਰਬਾਨ ਕਰਨ ਲਈ ਮਾਤਾ ਗੁਜਰ ਕੌਰ ਜੀ ਦਾ ਨਾਂ ਰਹਿੰਦੀ ਦੁਨੀਆ ਤਕ ਯਾਦ ਰਹੇਗਾ। ਹਿੰਦ ਦੀ ਚਾਦਰ ਗੁਰੂ ਤੇਗ ਬਹਾਦਰ ਜੀ ਦੀ ਧਰਮ ਸੁਪਤਨੀ ਅਤੇ ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ ਜੀ ਦੇ ਸਤਿਕਾਰਯੋਗ ਮਾਤਾ ਜੀ ਭਾਰਤ ਦੇਸ਼ ਦੀ ਪਹਿਲੀ ਸ਼ਹੀਦ ਇਸਤਰੀ ਸਨ ਜਿਨ੍ਹਾਂ ਦਾ ਸਮੁੱਚਾ ਜੀਵਨ ਤਿਆਗ ਤੇ ਕੁਰਬਾਨੀ ਦੀ ਮਿਸਾਲ ਹੈ।

**ਮਾਈ ਭਾਗੋ ਜੀ :** ਮਾਤਾ ਭਾਗ ਕੌਰ ਜੀ ਜੋ ਇਤਿਹਾਸ ਵਿਚ ਮਾਈ ਭਾਗੋ ਜੀ ਦੇ ਨਾਂ ਨਾਲ ਵੀ ਜਾਣੇ ਜਾਂਦੇ ਹਨ, ਅਜਿਹੀ ਬਹਾਦਰ ਸਿੰਘਣੀ ਸੀ ਜਿਨ੍ਹਾਂ ਨੇ ਸ੍ਰੀ ਅਨੰਦਪੁਰ ਸਾਹਿਬ ਤੋਂ ਬੇਦਾਵਾ ਦੇ ਕੇ ਆਏ 40 ਮਝੈਲ ਸਿੰਘਾਂ ਨੂੰ ਪ੍ਰੇਰਨਾ ਦੇ ਕੇ ਮੁੜ ਗੁਰੂ ਗੋਬਿੰਦ ਸਿੰਘ ਜੀ ਦੇ ਜ਼ੁਲਮ ਵਿਰੁੱਧ ਵਿੱਢੇ ਗਏ ਸੰਘਰਸ਼ ਵਿਚ ਸ਼ਾਮਲ ਕੀਤਾ। ਉਨ੍ਹਾਂ ਆਪ ਇਨ੍ਹਾਂ 40 ਮਝੈਲ ਸਿੰਘਾਂ ਦੀ ਅਗਵਾਈ ਕਰਦਿਆਂ ਗੁਰੂ ਜੀ ਦੀ ਭਾਲ ਵਿਚ ਖਿਦਰਾਣੇ ਦੀ ਧਰਤੀ (ਹੁਣ ਮੁਕਤਸਰ ਸਾਹਿਬ) ਦੇ ਜੰਗੇ ਮੈਦਾਨ ਵਿਚ ਦੁਸ਼ਮਣ ਦੀਆਂ ਫ਼ੌਜਾਂ ਦਾ ਮੁਕਾਬਲਾ ਕੀਤਾ। ਸਿਰ 'ਤੇ ਕੇਸਕੀ, ਖ਼ਾਲਸੇ ਦੀ ਵੇਸ਼ਭੂਸ਼ਾ ਅਤੇ ਕਿਰਪਾਣ ਧਾਰਨ ਕਰ ਯੁੱਧ ਵਿਚ ਆਪਣੀ ਬਹਾਦਰੀ ਦੇ ਜੌਹਰ ਦਿਖਾਉਣ ਵਾਲੇ ਇਹ ਪਹਿਲੀ ਔਰਤ ਸੀ। ਮਾਈ ਭਾਗੋ ਜੀ ਹਜ਼ੂਰ ਸਾਹਿਬ ਤਕ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਗਏ ਅਤੇ ਉਸ ਇਲਾਕੇ ਵਿਚ ਵਿਚਰਦਿਆਂ ਸਿੱਖੀ ਦਾ ਪ੍ਰਚਾਰ ਕੀਤਾ ਅਤੇ ਬਿਦਰ (ਕਰਨਾਟਕ) ਦੇ ਇਲਾਕੇ ਵਿਚ ਨਾਨਕ ਝੀਰਾ ਜੀ ਦੇ ਕੋਲ ਅਕਾਲ ਚਲਾਣਾ ਕਰ ਗਏ। ਇਸੇ ਪਵਿੱਤਰ ਥਾਂ 'ਤੇ ਗੁਰਦੁਆਰਾ ਟਾਪ ਅਸਥਾਨ ਮਾਈ ਭਾਗੋ ਸੁਸ਼ੋਭਿਤ ਹੈ।

**ਮਾਤਾ ਸਾਹਿਬ ਕੌਰ ਜੀ :** 'ਮਾਤਾ ਸਾਹਿਬ ਕੌਰ' ਨੂੰ ਸਿੱਖ ਧਰਮ ਵਿਚ 'ਖ਼ਾਲਸਾ ਪੰਥ ਦੀ ਮਾਤਾ' ਹੋਣ ਦਾ ਮਾਣ ਪ੍ਰਾਪਤ ਹੈ। ਮਾਤਾ ਸਾਹਿਬ ਕੌਰ ਜੀ ਨੇ ਗੁਰੂ ਜੀ ਦੁਆਰਾ ਬਣਾਏ ਖੰਡੇ ਬਾਟੇ ਦੇ ਅੰਮ੍ਰਿਤ ਵਿਚ ਪਤਾਸੇ ਘੋਲ ਕੇ ਸਿੰਘਾਂ ਨੂੰ ਬਹਾਦਰੀ ਦੇ ਨਾਲ-ਨਾਲ ਨਿਮਰਤਾ ਧਾਰਨ ਕਰਨ ਦਾ ਸੰਦੇਸ਼ ਵੀ ਦਿੱਤਾ। ਅੱਜ ਵੀ ਖੰਡੇ ਬਾਟੇ ਦਾ ਪਾਹੁਲ ਛਕਾਉਣ ਵਾਲੇ ਹਰ ਪ੍ਰਾਣੀ ਨੂੰ ਦੱਸਿਆ ਜਾਂਦਾ ਹੈ ਕਿ ਉਸਦੀ ਮਾਤਾ ਸਾਹਿਬ ਕੌਰ, ਪਿਤਾ ਗੁਰੂ ਗੋਬਿੰਦ ਸਿੰਘ ਅਤੇ ਜਨਮ ਅਸਥਾਨ ਸ੍ਰੀ ਅਨੰਦਪੁਰ ਸਾਹਿਬ ਹੈ। ਆਪਣੀ ਸਾਰੀ ਜ਼ਿੰਦਗੀ ਮਾਤਾ ਸਾਹਿਬ ਕੌਰ ਜੀ ਨੇ ਖ਼ਾਲਸਾ ਪੰਥ ਦੀ ਸੇਵਾ ਕੀਤੀ।

**ਬੀਬੀ ਬਸੰਤ ਕੌਰ :** 11 ਅਪ੍ਰੈਲ 1748 ਈ. ਨੂੰ ਮੀਰ ਮਨੂੰ ਨੇ ਪੰਜਾਬ ਦਾ ਸੂਬੇਦਾਰ ਬਣਨ ਉਪਰੰਤ ਸਿੱਖਾਂ ਦੀ ਨਸਲਕੁਸ਼ੀ ਲਈ ਬੇਇੰਤਹਾ ਜ਼ੁਲਮ ਕੀਤੇ। ਇਥੋਂ ਤਕ ਕਿ ਉਸ ਨੇ ਸਿੱਖ ਔਰਤਾਂ ਨੂੰ ਵੀ ਕੈਦ ਕਰ ਕੇ ਲਾਹੌਰ ਰੱਖਿਆ। ਇਨ੍ਹਾਂ ਗ੍ਰਿਫ਼ਤਾਰ ਕੀਤੀਆਂ ਬੀਬੀਆਂ ਵਿਚ ਮਹਾਨ ਸ਼ਹੀਦ ਭਾਈ ਮਨੀ ਸਿੰਘ ਜੀ ਦੀ ਪਤਨੀ ਬੀਬੀ ਬਸੰਤ ਕੌਰ ਜੀ ਵੀ ਸੀ। ਬੀਬੀ ਬਸੰਤ ਕੌਰ ਜੀ ਨੂੰ ਸਾਰੀਆਂ ਬੀਬੀਆਂ ਨੇ ਆਪਣੀ ਜਥੇਦਾਰ ਮੰਨ ਲਿਆ ਅਤੇ ਉਸ ਦੀ ਹਰ ਗੱਲ 'ਤੇ ਫੁੱਲ ਚੜ੍ਹਾਉਣ ਦਾ ਵਾਅਦਾ ਕੀਤਾ। ਜਿਸ ਸਥਾਨ 'ਤੇ ਮੀਰ ਮਨੂੰ ਨੇ ਇਨ੍ਹਾਂ ਬੀਬੀਆਂ ਨੂੰ ਕੈਂਪ ਵਿਚ ਕੈਦ ਕਰ ਕੇ ਰੱਖਿਆ ਸੀ ਉਸ ਥਾਂ 'ਤੇ ਮੁੱਲਾਂਪੁਰ ਵਿਖੇ ਬੀਬੀਆਂ ਦੀ ਯਾਦ ਵਿਚ ਅੱਜ ਕੱਲ੍ਹ ਗੁਰਦੁਆਰਾ ਮੁਸ਼ਕਿਆਣਾ ਸਾਹਿਬ ਸੁਸ਼ੋਭਿਤ ਹੈ। ਇਨ੍ਹਾਂ ਬੀਬੀਆਂ ਨੂੰ ਇਕੱਠੀਆਂ ਕਰ ਕੇ ਪੁੱਠੀਆਂ ਮੁਸ਼ਕਾਂ ਬੰਨ੍ਹ ਕੇ ਨੂੜ ਕੇ ਲਾਹੌਰ ਲਿਜਾਇਆ ਗਿਆ। ਇੱਥੇ ਇਨ੍ਹਾਂ ਨੂੰ ਨਖਾਸ ਚੌਕ ਵਾਲੀ ਜੇਲ੍ਹ ਵਿਚ ਬੰਦ ਕਰ ਕੇ ਹਰ ਰੋਜ਼ ਅਕਹਿ ਤਸੀਹੇ ਦਿੱਤੇ ਜਾਂਦੇ। ਇਨ੍ਹਾਂ ਨੂੰ ਕਈ ਤਰ੍ਹਾਂ ਦੇ ਲਾਲਚ ਦੇ ਕੇ ਇਸਲਾਮ ਧਾਰਨ ਕਰਨ ਲਈ ਮਜਬੂਰ ਕੀਤਾ ਜਾਂਦਾ ਰਿਹਾ। ਇਨ੍ਹਾਂ ਤਸੀਹਿਆਂ ਦੇ ਬਾਵਜੂਦ ਸਿਦਕ ਨਾ ਹਾਰਨ 'ਤੇ ਇਨ੍ਹਾਂ ਬੀਬੀਆਂ ਦੇ ਗਲੇ ਵਿਚ ਉਨ੍ਹਾਂ ਦੇ ਬੱਚਿਆਂ ਦੇ ਟੁਕੜਿਆਂ ਦੇ ਹਾਰ ਪਾਏ ਗਏ ਪਰ ਫਿਰ ਵੀ ਇਹ ਬੀਬੀਆਂ ਅਡੋਲ ਰਹੀਆਂ ਤੇ ਆਪਣੇ ਧਰਮ ਨੂੰ ਨਹੀਂ ਛੱਡਿਆ।

**ਸਰਦਾਰਨੀ ਸਦਾ ਕੌਰ :** ਪਤੀ ਗੁਰਬਖਸ਼ ਸਿੰਘ ਅਤੇ ਸਹੁਰੇ ਜੈ ਸਿੰਘ ਦੀ ਮੌਤ ਤੋਂ ਬਾਅਦ ਕਨਈਆ ਮਿਸਲ ਦੀ ਅਗਵਾਈ ਕਰਨ ਵਾਲੀ ਸਰਦਾਰਨੀ ਸਦਾ ਕੌਰ ਨੇ ਸਿੱਖ ਰਾਜ ਦੀ ਸਥਾਪਨਾ ਵਿਚ ਸਭ ਤੋਂ ਵੱਡਾ ਰੋਲ ਅਦਾ ਕੀਤਾ। 1785 ਵਿਚ ਰਾਣੀ ਸਦਾ ਕੌਰ ਨੇ ਆਪਣੀ ਬੇਟੀ ਮਹਿਤਾਬ ਕੌਰ ਦੀ ਸ਼ਾਦੀ ਸ਼ੁਕਰਚਕੀਆ ਮਿਸਲ ਦੇ ਮਿਸਲਦਾਰ ਮਹਾਂ ਸਿੰਘ ਦੇ ਬੇਟੇ ਰਣਜੀਤ ਸਿੰਘ ਨਾਲ ਕੀਤੀ। ਇਸ ਉਪਰੰਤ ਸਰਦਾਰਨੀ ਸਦਾ ਕੌਰ ਮਹਾਰਾਜਾ ਰਣਜੀਤ ਸਿੰਘ ਦੀ ਸਰਪ੍ਰਸਤ ਬਣ ਗਈ। ਉਨ੍ਹਾਂ ਕਨਈਆ ਅਤੇ ਸ਼ੁਕਰਚੱਕੀਆ ਦੋਹਾਂ ਮਿਸਲਾਂ ਨੂੰ ਮਿਲਾ ਕੇ ਖ਼ਾਲਸਾ ਰਾਜ ਨੂੰ ਸਥਾਪਤ ਕਰਨ ਲਈ ਵਰਤਿਆ। 1796 ਵਿਚ ਅਫ਼ਗਾਨਿਸਤਾਨ ਦੇ ਸ਼ਾਹ ਜ਼ਮਾਨ ਨੇ 30000 ਫ਼ੌਜ ਨਾਲ ਪੰਜਾਬ ਤੇ ਹੱਲਾ ਬੋਲ ਦਿੱਤਾ। ਕੋਈ ਉਨ੍ਹਾਂ ਦੇ ਰਸਤੇ ਵਿਚ ਖੜ੍ਹਾ ਨਹੀਂ ਹੋਇਆ ਪਰ ਸਰਦਾਰਨੀ ਸਦਾ ਕੌਰ ਨੇ ਸਰਬੱਤ ਖ਼ਾਲਸਾ ਸੱਦ ਕੇ ਅਫ਼ਗਾਨ ਡਾਕੂਆਂ ਤੋਂ ਪੰਜਾਬ ਨੂੰ ਬਚਾਣ ਦਾ ਐਲਾਨ ਕੀਤਾ।

ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਵਾਲੀ ਖ਼ਾਲਸਾਈ ਫ਼ੌਜ ਨੇ ਅਫ਼ਗਾਨੀਆਂ ਨੂੰ ਕਰਾਰੀ ਹਾਰ ਦਿੱਤੀ। ਇਸ ਉਪਰੰਤ ਲਾਹੌਰ ਦੇ ਵਾਸੀਆਂ ਵੱਲੋਂ ਭੰਗੀ ਮਿਸਲ ਤੋਂ ਤੰਗ ਆ ਕੇ ਸਰਦਾਰਨੀ ਸਦਾ ਕੌਰ ਨੂੰ ਲਹੌਰ ਤੇ ਮੱਲ ਮਾਰਨ ਲਈ ਸੱਦਾ ਭੇਜੇ ਜਾਣ 'ਤੇ ਉਨ੍ਹਾਂ ਮਹਾਰਾਜਾ ਰਣਜੀਤ ਸਿੰਘ ਨਾਲ ਲਹੌਰ 'ਤੇ ਹੱਲਾ ਬੋਲਿਆ। ਸਰਦਾਰਨੀ ਸਦਾ ਕੌਰ ਨੇ 1801 ਵਿਚ ਰਣਜੀਤ ਸਿੰਘ ਨੂੰ ਪੰਜਾਬ ਦਾ ਮਹਾਰਾਜਾ ਬਣਾ ਦਿੱਤਾ। ਅੰਮ੍ਰਿਤਸਰ, ਚਨਿਓਟ, ਕਸੂਰ, ਅਟਕ ਹਜ਼ਾਰਾ ਦੀਆਂ ਲੜਾਈਆਂ ਸਮੇਂ ਉਹ ਰਣਜੀਤ ਸਿੰਘ ਨਾਲ ਸੀ।

ਸਿੱਖ ਇਤਿਹਾਸ 'ਚ ਇਨ੍ਹਾਂ ਮਹਾਨ ਔਰਤਾਂ ਤੋਂ ਇਲਾਵਾ ਹੋਰ ਅਣਗਿਣਤ ਔਰਤਾਂ ਵੱਲੋਂ ਨਿਭਾਈ ਗਈ ਅਹਿਮ ਭੂਮਿਕਾ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਪ੍ਰੇਰਨਾ ਦਾ ਸਰੋਤ ਬਣੀ ਜਿਸ ਨੇ ਦੇਸ਼ ਦੀ ਆਜ਼ਾਦੀ ਦੌਰਾਨ ਅਤੇ ਆਜ਼ਾਦੀ ਉਪਰੰਤ ਵੀ ਅਨੇਕ ਪੰਜਾਬੀ ਔਰਤਾਂ ਨੇ ਆਪਣਾ ਲੋਹਾ ਮੰਨਵਾਇਆ। ਇਨ੍ਹਾਂ ਮਹਾਨ ਇਸਤਰੀਆਂ ਵੱਲੋਂ ਕੀਤੇ ਗਏ ਸੰਘਰਸ਼ਾਂ ਅਤੇ ਲਾਮਿਸਾਲ ਕੁਰਬਾਨੀਆਂ ਕਾਰਨ ਹੀ ਸਾਡਾ ਇਤਿਹਾਸ ਪ੍ਰੇਰਨਾਮਈ ਹੈ। •

# ਹਿੰਦੂ ਧਰਮ ਦੇ ਪ੍ਰਾਚੀਨ ਗ੍ਰੰਥ ਵੇਦ

ਵੈਦਿਕ/ਹਿੰਦੂ ਧਰਮ ਦੀ ਆਰੰਭਤਾ ਵੇਦਾਂ ਦੀ ਰਚਨਾ ਨਾਲ ਹੋਈ ਮੰਨੀ ਜਾਂਦੀ ਹੈ। ਜਦੋਂ ਅਸੀਂ ਹਿੰਦੂ ਧਰਮ ਦੇ ਇਤਿਹਾਸਕ ਵਿਕਾਸ ਦੀ ਗੱਲ ਕਰਦੇ ਹਾਂ ਤਾਂ ਇਸ ਨੂੰ ਚਾਰ ਪੜਾਵਾਂ (ਕਾਲਾਂ) ਵਿਚ ਵੰਡਿਆ ਜਾਂਦਾ ਹੈ। ਪਹਿਲੇ ਪੜਾਅ ਨੂੰ ਵੈਦਿਕ ਪੜਾਅ ਵਜੋਂ ਸਵੀਕਾਰਿਆ ਜਾਂਦਾ ਹੈ। ਵੇਦ ਆਰੀਆ ਸਭਿਅਤਾ ਅਤੇ ਹਿੰਦੂ ਧਰਮ ਦੇ ਸਭ ਤੋਂ ਪ੍ਰਾਚੀਨ ਗ੍ਰੰਥ ਹਨ। ਵੇਦ ਸੰਸਕ੍ਰਿਤ ਭਾਸ਼ਾ ਦੇ ਵਿਦ ਧਾਤੂ ਤੋਂ ਬਣਿਆ ਹੈ ਜਿਸ ਦੇ ਅਰਥ ਹਨ -ਵਿਦਿਆ, ਗਿਆਨ ਜਾਂ ਪ੍ਰਕਾਸ਼। ਗਿਆਨ ਦੀ ਇਸ ਪਰੰਪਰਾ ਵਿਚ ਸ਼ਰੁਤੀ (ਸੁਣ ਕੇ) ਅਤੇ ਸਿਮਰਤੀ (ਯਾਦ ਕਰ ਕੇ) ਦਾ ਅਹਿਮ ਯੋਗਦਾਨ ਰਿਹਾ ਹੈ। ਇਨ੍ਹਾਂ ਵੇਦਾਂ ਦੀ ਰਚਨਾ ਬਾਬਤ ਤਿੰਨ ਭਾਂਤ ਦੀਆਂ ਧਾਰਨਾਵਾਂ/ਮਾਨਤਾਵਾਂ ਪ੍ਰਚਲਿਤ ਚੱਲੀਆਂ ਆ ਰਹੀਆਂ ਹਨ। ਪਹਿਲੀ ਧਾਰਨਾ ਅਨੁਸਾਰ ਵੇਦ ਈਸ਼ਵਰੀ ਬਾਣੀ ਹਨ। ਦੂਜੀ ਮਾਨਤਾ ਮੁਤਾਬਕ ਵੇਦ ਵੱਖ-ਵੱਖ ਰਿਸ਼ੀਆਂ-ਮੁਨੀਆਂ ਵੱਲੋਂ ਆਪਣੇ ਨਿੱਜੀ ਅਨੁਭਵ ਦੁਆਰਾ ਹਾਸਲ ਕੀਤੇ ਗਏ ਆਤਮਿਕ ਗਿਆਨ ਦਾ ਨਾਂ ਹੈ। ਤੀਸਰੀ ਇਨ੍ਹਾਂ ਵੇਦਾਂ ਦਾ ਉਚਾਰਣ ਬ੍ਰਹਮਾ ਜੀ ਵੱਲੋਂ ਆਪ ਕੀਤਾ ਗਿਆ ਹੈ। ਹਿੰਦੂ ਧਰਮ ਦੇ ਮੁੱਢਲੇ ਸੋਮੇ ਵਜੋਂ ਪਰਵਾਨੇ ਜਾਂਦੇ ਵੇਦਾਂ ਦੀ ਗਿਣਤੀ ਚਾਰ ਹੈ। ਇਨ੍ਹਾਂ ਵਿਚ ਰਿਗਵੇਦ,ਯੁਜਰਵੇਦ, ਸਾਮਵੇਦ ਅਤੇ ਅਥਰਵ ਵੇਦ ਹਨ। ਇਨ੍ਹਾਂ ਵੇਦਾਂ ਦੀ ਰਚਨਾ ਦਾ ਕਾਲ ਆਰੀਆ ਲੋਕਾਂ ਦੀ ਭਾਰਤ ਵਿਚਲੀ ਆਮਦ ਨਾਲ (1500-1000 ਬੀ. ਸੀ) ਜੋੜਿਆ ਜਾਂਦਾ ਹੈ। ਪੇਸ਼ ਹੈ ਇਨ੍ਹਾਂ ਵੇਦਾਂ ਬਾਬਤ ਸੰਖੇਪ ਜਾਣਕਾਰੀ :-

**ਰਿਗਵੇਦ** : ਇਹ ਸਭ ਤੋਂ ਪੁਰਾਤਨ ਵੇਦ ਹੈ। ਰਿਗ ਸ਼ਬਦ ਸੰਸਕ੍ਰਿਤ ਭਾਸ਼ਾ ਦੇ ਮੂਲ ਸ਼ਬਦ ਰਿਚ ਤੋਂ ਬਣਿਆ ਹੈ। ਰਿਚ ਤੋਂ ਭਾਵ ਵਡਿਆਈ ਜਾਂ ਉਸਤਤਿ ਹੁੰਦਾ ਹੈ। ਵੇਦ-ਮੰਤਰਾਂ ਨੂੰ ਰਿਚਾ ਵੀ ਕਿਹਾ ਜਾਂਦਾ ਹੈ ਜਿਸ ਦੇ ਅਰਥ ਹਨ ਉਸਤਤਿਮਈ ਗੀਤ। ਇਸ ਵੇਦ ਵਿਚ ਹਿੰਦੂਆਂ ਦੇ ਧਾਰਮਿਕ, ਸਭਿਆਚਾਰਕ, ਸਮਾਜਿਕ ਅਤੇ ਭੂਗੋਲਿਕ ਪਿਛੋਕੜ ਦੀ ਭਰਪੂਰ ਜਾਣਕਾਰੀ ਮਿਲਦੀ ਹੈ। ਇਸ ਵੇਦ ਦੇ 10 ਮੰਡਲ (ਅਧਿਆਇ) ਹਨ। ਇਨ੍ਹਾਂ ਮੰਡਲਾਂ ਵਿਚ 1028 ਸੂਕਤ ( ਭਜਨ) ਹਨ। ਹਰੇਕ ਸੂਕਤ ਵਿਚ 10 ਮੰਤਰ ਹਨ। ਇਨ੍ਹਾਂ ਮੰਤਰਾਂ ਨੂੰ ਰਿਚਾਵਾਂ ਕਿਹਾ ਜਾਂਦਾ ਹੈ ਜਿਨ੍ਹਾਂ ਦੀ ਗਿਣਤੀ 10552 ਹੈ। ਰਿਚਾਵਾਂ ਤੋਂ ਅੱਗੇ ਜਾ ਕੇ ਜੇ ਸ਼ਬਦਾਂ ਦੀ ਗੱਲ ਕੀਤੀ ਜਾਵੇ ਤਾਂ ਇਨ੍ਹਾਂ ਦੀ ਗਿਣਤੀ 153826 ਬਣ ਜਾਂਦੀ ਹੈ। ਸ਼ਬਦਾਂ ਤੋਂ ਅੱਗੇ ਜੇ ਅੱਖਰਾਂ ਤਕ ਪਹੁੰਚ ਕੀਤੀ ਜਾਵੇ ਤਾਂ ਇਹ 432000 ਹੁੰਦੇ ਹਨ। ਇਨ੍ਹਾਂ ਵਿਚ 40 ਕੁ ਮੰਤਰ ਅਜਿਹੇ ਵੀ ਹਨ ਜੋ ਕਿਸੇ ਸਿਰਲੇਖ ਹੇਠ ਨਹੀਂ ਆਉਂਦੇ। ਜਿਵੇਂ-ਜਿਵੇਂ ਆਰੀਆ ਲੋਕ ਪੂਰਬ ਵੱਲ ਵੱਧਦੇ ਗਏ ਉਨ੍ਹਾਂ ਦੀ ਭੂਗੋਲਿਕ ਖੋਜ ਵੀ ਵੱਧਦੀ ਗਈ ਅਤੇ ਉਹ ਮੰਤਰਾਂ ਦਾ ਉਚਾਰਣ ਕਰਦੇ ਗਏ। ਰਿਗ ਵੇਦ ਰਿਸ਼ੀਆਂ ਨੇ ਕਈਆਂ ਪੀੜ੍ਹੀਆਂ ਵਿਚ ਸੰਪੂਰਨ ਕੀਤਾ ਹੈ। ਜਿਸ ਦੀ ਸੰਪੂਰਨਤਾ ਵਿਚ ਸ੍ਰੀ ਵਿਸ਼ਵਾਮਿਤਰ, ਵਸ਼ਿਸ਼ਟ, ਭਾਰਦਵਾਜ ਅਤੇ ਗੌਤਮ ਆਦਿ ਰਿਸ਼ੀਆਂ ਦਾ ਵਿਸ਼ੇਸ਼ ਯੋਗਦਾਨ ਹੈ।

ਰਿਗ ਵੇਦ ਦੀ ਵਿਆਖਿਆ ਬਹੁਤ ਸਾਰੇ ਵਿਦਵਾਨ ਲੋਕਾਂ ਵੱਲੋਂ ਕੀਤੀ ਗਈ ਹੈ ਪਰ ਸਯਾਣਾਚਾਰੀਆ ਜੀ ਨੂੰ ਪ੍ਰਮੁੱਖ ਵਿਆਖਿਆਕਾਰ ਮੰਨਿਆ ਜਾਂਦਾ ਹੈ। ਇਸ ਦੀ ਵਿਆਖਿਆ ਕਰਦੇ ਸਮੇਂ ਕੁੱਝ ਕੁ ਹੇਠ ਲਿਖੇ ਪੱਖਾਂ ਨੂੰ ਸਨਮੁੱਖ ਰੱਖਣ ਵਾਸਤੇ ਕਿਹਾ ਜਾਂਦਾ ਹੈ:- ( ੳ ) ਦੈਵੀ ਕਿਰਤ ਹੋਣ ਕਰਕੇ ਵੇਦਾਂ ਦੀ ਅਲੋਚਨਾ ਨਹੀਂ ਕੀਤੀ ਜਾ ਸਕਦੀ। (ਅ) ਰਿਗਵੇਦ ਦੀ ਵਿਆਖਿਆ ਕਰਮਕਾਂਡ ਦੇ ਅਨੁਸਾਰ ਕੀਤੀ ਗਈ ਹੈ। (ੲ) ਬਹੁਅਰਥੀ ਵਾਕਾਂ ਕਾਰਨ ਵੇਦਾਂ ਦਾ ਤੁਲਨਾਤਮਕ ਅਧਿਐਨ ਸੰਭਵ ਨਹੀਂ ਹੋ ਸਕਦਾ। ਰਿਗਵੇਦ ਦਾ ਮੁਤਾਲਿਆ ਕਰਨ ਨਾਲ ਇਸ ਦੇ ਕੁਝ ਅਹਿਮਤਰੀਨ ਪੱਖ ਵੀ ਉੱਭਰ ਕੇ ਸਾਹਮਣੇ ਆਉਂਦੇ ਹਨ। ਇਨ੍ਹਾਂ ਪੱਖਾਂ ਵਿਚ ਕੁਦਰਤ ਦੀਆਂ ਵੱਖ-ਵੱਖ ਸ਼ਕਤੀਆਂ ਨੂੰ ਦੇਵਤੇ ਮੰਨ ਕੇ ਉਨ੍ਹਾਂ ਦੀ ਸਿਫ਼ਤ-ਸਲਾਹ ਅਤੇ ਪੂਜਾ ਕੀਤੀ ਗਈ ਹੈ। ਇਨ੍ਹਾਂ ਪ੍ਰਮੁੱਖ ਦੇਵਤਿਆਂ ਵਿਚ ਅਗਨੀ, ਇੰਦਰ, ਵਾਯੂ, ਸ਼ਰੁਤ, ਵਰੁਣ, ਰੁਦਰ, ਆਦਿਤੀ ਅਤੇ ਬ੍ਰਿਹਸਪਤੀ ਆਦਿ ਦਾ ਨਾਂ ਆਉਂਦਾ ਹੈ। ਇਹ ਪੂਜਾ ਖੇਤੀ ਉਪਜ ਦੇ ਵਾਧੇ ਅਤੇ ਹਿਫ਼ਾਜ਼ਤ ਹਿੱਤ ਕੀਤੀ ਜਾਂਦੀ ਰਹੀ ਹੈ ਅਤੇ ਯੱਗ ਨੂੰ ਇਸ ਪੂਜਾ ਪੱਧਤੀ ਦਾ ਇਕ ਵਿਸ਼ੇਸ਼ ਸਾਧਨ ਮੰਨਿਆ ਜਾਂਦਾ ਰਿਹਾ ਹੈ।


**ਸਾਮਵੇਦ** :- ਇਹ ਸਭ ਤੋਂ ਛੋਟਾ ਵੇਦ ਹੈ। ਸਾਮ ਤੋਂ ਭਾਵ ਹੈ-ਸਮਾਨ ਜਾਂ ਬਰਾਬਰ ਭਾਰ ਦਾ। ਇਸ ਵੇਦ ਦੇ ਮੰਤਰ ਬਰਾਬਰ ਵਜ਼ਨ ਦੇ ਹਨ। ਜੈਮਨੀ ਰਿਸ਼ੀ ਦੀ ਮੀਮਾਂਸਾ ਵਿਚ ਸਾਮ ਦਾ ਅਰਥ ਗਾਉਣ ਦੀ ਰੀਤੀ ਵਜੋਂ ਕੀਤਾ ਗਿਆ ਹੈ। ਸਾਮ ਵੇਦ ਦੇ ਮੰਤਰ ਯੱਗ, ਹੋਮ ਆਦਿ ਖ਼ੁਸ਼ੀ ਦੇ ਮੌਕਿਆਂ 'ਤੇ ਬ੍ਰਾਹਮਣ ਵਿਸ਼ੇਸ਼ ਤਰਜ਼ 'ਤੇ ਗਾਉਂਦੇ ਹਨ। ਸਾਮ ਨੂੰ ਸ਼ਾਂਤੀ ਪ੍ਰਦਾਨ ਕਰਨ ਵਾਲਾ ਗਾਇਨ ਵੀ ਕਿਹਾ ਜਾਂਦਾ ਹੈ ਜਿਸ ਦਾ ਅਰਥ ਹੈ ਮਨ ਨੂੰ ਇਕਾਗਰ ਕਰ ਕੇ ਦੇਵਤਿਆਂ ਨਾਲ ਇਕਸੁਰ ਕਰਨਾ ਤਾਂ ਕਿ ਭਟਕਣਾ ਖਤਮ ਕਰ ਕੇ ਸ਼ਾਤੀ ਦਾ ਅਨੁਭਵ ਕੀਤਾ ਜਾ ਸਕੇ। ਸਾਮਵੇਦ ਦੇ ਦੋ ਭਾਗ ਹਨ-ਪੂਰਵ ਅਰਚਿਕ ਅਤੇ ਉੱਤਰ ਅਰਚਿਕ। ਇਸ ਤੋਂ ਇਲਾਵਾ ਇਸ ਦਾ ਇਕ ਭਾਗ ਹੋਰ ਵੀ ਤਸਲੀਮ ਕੀਤਾ ਜਾਂਦਾ ਹੈ ਜਿਸ ਨੂੰ ਮੱਧ ਅਰਚਿਕ ਕਿਹਾ ਜਾਂਦਾ ਹੈ। ਇਸ ਵੇਦ ਦੇ ਮੰਤਰਾਂ ਦੀ ਤਦਾਦ 1549 ਹੈ। ਪਰ ਪੰਡਤ ਜੈ ਦੇਵ ਜੀ ਦੇ ਟੀਕੇ ਮੁਤਾਬਕ ਇਹ ਗਿਣਤੀ



1875 ਹੈ। ਇਸ ਦੇ ਪਹਿਲੇ ਹਿੱਸੇ ਵਿਚ ਪੇਂਡੂ ਲੋਕਾਂ ਦੇ ਗਾਉਣ ਵਾਲੇ ਗੀਤ ਹਨ। ਤੀਜੇ ਹਿੱਸੇ ਵਿਚ ਜੰਗਲਾਂ ਵਿਚ ਰਹਿਣ ਵਾਲੇ ਤਪੱਸਵੀਆਂ ਦੇ ਭਜਨ ਹਨ। ਭਾਰਤੀ ਸੰਗੀਤ ਪਰੰਪਰਾ ਦਾ ਮੁੱਢ ਸਾਮਵੇਦ ਤੋਂ ਹੀ ਬੱਝਦਾ ਹੈ। ਇਸ ਵਿਚਲੇ ਮੰਤਰ ਇੰਦਰ, ਅਗਨੀ, ਅਸ਼ਵਨੀ ਅਤੇ ਸੋਮ ਆਦਿ ਦੇ ਗੁਣ ਗਾਇਨ ਕਰਨ 'ਤੇ ਜ਼ੋਰ ਦਿੰਦੇ ਹਨ। ਇਨ੍ਹਾਂ ਦੇਵਤਿਆਂ ਦੇ ਨਾਂ 'ਤੇ ਅੱਠ ਕਾਂਡ ਹਨ। ਸਾਮਵੇਦ ਗੰਧਰਵ ਅਰਥਾਤ ਰਾਗੀਆਂ ਦਾ ਵੇਦ ਵੀ ਮੰਨਿਆ ਜਾਂਦਾ ਹੈ। ਹਿੰਦੂ ਰਿਸ਼ੀਆਂ ਨੇ ਸੰਗੀਤ ਤੇ ਰਾਗ ਸਬੰਧੀ ਜੋ ਕੁੱਝ ਲਿਖਿਆ ਹੈ ਉਸ ਦਾ ਆਧਾਰ ਵੀ ਸਾਮਵੇਦ ਨੂੰ ਹੀ ਸਮਝਿਆ ਜਾਂਦਾ ਹੈ।

**ਯਜੁਰਵੇਦ :** ਯਜੁਰ ਸ਼ਬਦ 'ਯਜੁ' ਧਾਤੂ ਤੋਂ ਬਣਿਆ ਹੈ। ਜਿਸ ਦੇ ਅਰਥ ਬਣਦੇ ਹਨ ਯੱਗ ਕਰਨਾ, ਪੂਜਾ ਜਾਂ ਹੋਮ ਕਰਨਾ। ਇਸ ਤਰ੍ਹਾਂ ਇਸ ਵੇਦ ਦਾ ਸਬੰਧ ਯੱਗ ਸਬੰਧੀ ਮੰਤਰਾਂ ਨਾਲ ਹੈ। ਇਸ ਦੀਆਂ ਦੋ ਸੰਹਿਤਾ ਹਨ-ਤੈਤ੍ਰੀਯ ਜਾਂ ਕ੍ਰਿਸ਼ਣ ਸੰਹਿਤਾ ਅਤੇ ਦੂਸਰੀ ਵਾਜਸਨੇਯੀ ਜਾਂ ਸ਼ੁਕਲ ਸੰਹਿਤਾ। ਪੰਡਤ ਜੈ ਦੇਵ ਨੇ ਆਪਣੇ ਟੀਕੇ ਵਿਚ ਇਸ ਸੰਹਿਤਾ ਦਾ ਨਾਮ ਤੈਤ੍ਰੀਯ ਪੈਣ ਦਾ ਕਾਰਨ ਬਿਆਨਦਿਆਂ ਲਿਖਿਆ ਹੈ ਕਿ ਇਕ ਵਾਰ ਯਾਗਵਲਕ ਰਿਸ਼ੀ ਦੇ ਗੁਰੂ ਵੈਸਯੰ ਪਾਨ ਕੋਲੋਂ ਆਪਣੇ ਭਾਣਜੇ ਦੀ ਹੱਤਿਆ ਹੋ ਗਈ ਸੀ। ਉਹ ਇਸ ਦਾ ਪ੍ਰਾਸ਼ਚਿਤ ਕਰਨਾ ਚਾਹੁੰਦਾ ਸੀ। ਜਦੋਂ ਉਸ ਨੇ ਇਸ ਬਾਬਤ ਆਪਣੇ ਸ਼ਗਿਰਦਾਂ ਨਾਲ ਗੱਲ ਕੀਤੀ ਤਾਂ ਯਾਗਵਲਕ ਨੇ ਬੜੇ ਹੀ ਹੰਕਾਰ ਭਰੇ ਲਹਿਜੇ ਵਿਚ ਕਿਹਾ ਕਿ ਇਹ ਕੰਮ ਤਾਂ ਵੇਦ-ਮੰਤਰਾਂ ਦੇ ਜਾਪ ਅਤੇ ਕਰਮ-ਕਾਂਡ ਨਾਲ ਮੈਂ ਇਕੱਲਾ ਹੀ ਕਰ ਸਕਦਾ ਹਾਂ। ਇਹ ਗੱਲ ਸੁਣ ਕੇ ਵੈਸਯੰ ਪਾਨ ਗੁੱਸੇ ਵਿਚ ਆ ਗਿਆ। ਉਸ ਨੇ ਯਾਗਵਲਕ ਨੂੰ ਕਿਹਾ, "ਤੂੰ ਹੰਕਾਰੀ ਹੋ ਗਿਆ ਹੈਂ, ਜੋ ਵਿਦਿਆ ਤੂੰ ਮੇਰੇ ਕੋਲੋਂ ਪੜ੍ਹੀ ਹੈ, ਉਹ ਮੈਨੂੰ ਵਾਪਸ ਕਰ ਦੇ।" ਇਸ 'ਤੇ ਯਾਗਵਲਕ ਨੇ ਯਾਦ ਕੀਤੇ ਹੋਏ ਮੰਤਰ ਗਲੱਛ ਦਿੱਤੇ, ਜਿਨ੍ਹਾਂ ਨੂੰ ਵੈਸਯੰ ਪਾਨ ਅਤੇ ਉਸ ਦੇ ਚੇਲਿਆਂ ਨੇ ਤਿੱਤਰ ਬਣ ਕੇ ਚੁੱਗ ਲਿਆ। ਦੂਸਰੇ ਭਾਗ ਵਾਜਸਨੇਯੀ ਬਾਰੇ ਕਿਹਾ ਜਾਂਦਾ ਹੈ ਕਿ ਯਾਗਵਲਕ ਰਿਸ਼ੀ ਨੇ ਸੂਰਜ ਦੀ ਅਰਾਧਨਾ ਕਰ ਕੇ ਯੁਜਰ ਵੇਦ ਨੂੰ ਹਾਸਲ ਕੀਤਾ ਹੈ। ਉਸ ਦੀ ਸ਼ਰਧਾ-ਭਾਵਨਾ ਤੋਂ ਖ਼ੁਸ਼ ਹੋ ਕੇ ਸੂਰਜ ਦੇਵਤੇ ਨੇ ਵਾਜ (ਘੋੜੇ) ਦਾ ਰੂਪ ਧਾਰ ਲਿਆ ਅਤੇ ਉਸ ਨੂੰ ਵੇਦ-ਮੰਤਰ ਬਖ਼ਸ਼ ਦਿੱਤੇ। ਇਸ ਕਰਕੇ ਹੀ ਇਸ ਸੰਹਿਤਾ ਨੂੰ ਵਾਜਸਨੇਯੀ ਸੰਹਿਤਾ ਕਿਹਾ ਜਾਂਦਾ ਹੈ। ਯੁਜਰ ਦੇ 40 ਕਾਂਡ ਹਨ। ਯਜੁਰਵੇਦ ਵਿਚ ਮਨੁੱਖੀ ਇੱਛਾਵਾਂ ਦੀ ਪੂਰਤੀ ਹਿੱਤ ਯੱਗ ਤੇ ਹਵਨ ਕਰਨ ਬਾਰੇ ਵਿਸ਼ੇਸ਼ ਜਾਣਕਾਰੀ ਦਿੱਤੀ ਗਈ ਹੈ। **(ਚੱਲਦਾ)** •

# ਭਾਈ ਘਨੱਈਆ ਜੀ



(ਭਾਈ ਘਨੱਈਆ ਜੀ ਦੇ ਜਨਮ ਅਸਥਾਨ ਦਾ ਨਾਂ-ਸੌਦਰ ਸੋਹਦਰਾ ਅਤੇ ਹੁਣ ਸੋਧਰਾ (ਪਾਕਿਸਤਾਨ)

## ਨਦਰਿ ਨਾਨਕ ਦੀ

ਭਾਈ ਘਨੱਈਆ ਦੀ ਨਈਆ ਦਾ, ਡੂਗਰ ਪੰਧ ਲੰਮੇਰਾ,
ਪੰਧ ਕੱਟਣ ਨੂੰ ਗੁਰਾਂ ਵਿਖਾਇਆ, ਨਨੂੰਏਂ ਭਗਤ ਦਾ ਡੇਰਾ।
ਪੁੱਛਦਾ ਪਿਆ ਫਕੀਰ ਸਾਈਂ ਦਾ, ਕੀਕਣ ਗੋਬਿੰਦ ਮਿਲਸੀ
ਗੋਬਿੰਦ ਦੇ ਦਰ ਕੀਕਣ ਹੋਸੀ, ਏਸ ਜਨਮ ਵਿਚ ਫੇਰਾ।
ਗੋਬਿੰਦ ਦੇ ਰਾਹਾਂ ਨੂੰ ਤੜਪਾਂ, ਗੋਬਿੰਦ ਦਾ ਦਰ ਚਾਵ੍ਹਾਂ,
ਐ ਨਨੂੰਆਂ ਸੁਣੋ, ਸੁਣਾਵੋ, ਗੋਬਿੰਦ ਦਾ ਸਿਰਨਾਵਾਂ,
ਛਾਵਾਂ, ਛਾਇਆ ਮਾਇਆ ਜਾਪਣ, ਨਿਹਚਲ ਮਹਿਲ ਨਾ ਲੱਭੇ,
ਨਿਹਚਲ ਮਹਿਲ ਜਣਾਓ ਜਿੱਥੇ, ਮਨ ਦੀ ਭੇਦ ਚੜ੍ਹਾਵਾਂ।
ਕੀ ਜੁਗਤੀ ਗੋਬਿੰਦ ਮਿਲਣ ਦੀ, ਕੀ ਮੁਕਤੀ ਦੀਆਂ ਰਾਹਵਾਂ
ਕਰੋ ਨਿਗਾਵ੍ਹਾਂ ਪਾਵਾਂ ਮੈਂ ਵੀ, ਗੋਬਿੰਦ ਦੀਆਂ ਨਿਗਾਹਵਾਂ
ਨਜ਼ਰ ਫਜ਼ਰ ਗੋਬਿੰਦ ਦੇ ਲੱਭੇ, ਮੈਂ ਵੀ ਕਿਧਰੇ ਪਹੁੰਚਾਂ
ਪਿਤਾ ਗੋਬਿੰਦ ਦੀ ਗੋਦੀ ਬਹਿ ਕੇ, ਗਲ ਵਿਚ ਪਾਵਾਂ ਬਾਹਵਾਂ
ਅੱਖੀਆਂ ਵਿਚੋਂ ਨਹਿਰ ਨਿਕਲਕੇ, ਸ਼ਹੁ ਸਾਗਰ ਨੂੰ ਚਾਵ੍ਹੇ
ਐਪਰ ਗੱਲਾਂ 'ਤੇ ਸੁੱਕ ਜਾਵੇ, ਰਾਹ ਖਹਿੜਾ ਤੜਪਾਵੇ
ਬਰਸਾਤਾਂ ਵਿਚ ਡਿੱਗ ਨਾ ਜਾਵੇ, ਕੱਚਾ ਤਨ ਦਾ ਕੋਠਾ
ਤਾਂ ਇਹ ਵਿਛੜੀ ਕੂੰਜ ਬਰੇਤੀ, ਤੜਪੇ ਤੇ ਤੜਪਾਵੇ।

## ਭਗਤ ਨਨੂੰਆ ਜੀ

ਘਟ ਘਟ ਅੰਦਰ ਬ੍ਰਹਮ ਲੁਕਾਇਆ, ਬ੍ਰਹਮ ਵੇਖੇ, ਬ੍ਰਹਮ ਬੋਲੇ
ਸਾਹੋ ਸਾਹੀ ਭੱਜ ਭੱਜ ਬਾਹਰੋਂ, ਮ੍ਰਿਗ ਕਥੂਰੀ ਟੋਲੇ
ਭਗਤਾਂ ਦੀਆਂ ਕਥਾਵਾਂ ਕਹਿ ਕਹਿ, ਨਨੂੰਆਂ ਜੀ ਸਮਝਾਇਆ
ਆਪਣਾ ਆਪ ਗਵਾਵਣ ਪਿੱਛੋਂ, ਭਗਤਾਂ ਗੋਬਿੰਦ ਪਾਇਆ
ਭਗਤ ਧਰੂ ਨੇ ਰਾਜ ਭਾਗ ਨੂੰ ਕਾਹਤੋਂ ਠੋਕਰ ਮਾਰੀ?
ਭਗਤੂ ਧਰੂ ਦੀ ਖਰੀ ਮੁਸ਼ੱਕਤ, ਨਨੂੰਆਂ ਭਗਤ ਉਚਾਰੀ।
ਇਸ ਅਵਸਥਾ ਦੇ ਵਿਚ ਅੱਪੜੋ, ਅੱਪੜ ਕੇ ਦਰ ਪਾਓ,
ਘਰ ਵਿਚ ਘਰਿ ਦਿਖਲਾਵਣ ਹਾਰਾ ਤਾਂ ਆਪਣੇ ਘਰ ਪਾਓ।
ਗੋਬਿੰਦ ਦੀ ਹੈ ਖਰੀ ਅਮਾਨਤ, ਭਾਵੇਂ ਮਨ ਤੇ ਕਾਇਆ,
ਪਰ ਗੋਬਿੰਦ ਨੂੰ ਭਾ ਜਾਵਣ ਦਾ, ਰਾਹ ਵਿਰਲੇ ਨੂੰ ਆਇਆ
ਨਨੂੰਆਂ ਭਗਤ ਬੈਰਾਗੀ ਹੋਏ, ਕਹਿ ਬੈਰਾਗ ਕਥਾਵਾਂ,
ਭਾਈ ਘਨੱਈਆ ਭਏ ਬੈਰਾਗੀ, ਸੁਣ ਬੈਰਾਗੀ ਰਾਹਵਾਂ।
ਅੱਖੀਆਂ ਦੇ ਦਰਿਆ ਜਦ ਛਲਕੇ, ਹੜ੍ਹ ਬਿਰਹਾ ਦਾ ਆਇਆ,
ਭਾਈ ਘਨੱਈਆ ਦੀ ਇਸ ਹੜ੍ਹ ਵਿਚ, ਨ੍ਹਾ ਕੇ ਨਿੱਖਰੀ ਕਾਇਆ।
ਹਰ ਪਲ ਗੋਬਿੰਦ, ਹਰ ਛਿਣ ਗੋਬਿੰਦ, ਘੜੀ ਘੜੀ ਮਨ ਚਾਹੇ,
ਭਾਈ ਘਨੱਈਆ ਦਮ ਦਮ ਲੋਚੇ, ਗੁਰਦਰਸ਼ਨ ਦੇ ਲਾਹੇ।
ਵਕਤ ਪਿਆ ਕੁਝ ਨਨੂੰਆਂ ਜੀ ਦੀ ਭਈ ਯਾਤਰਾ ਪੂਰੀ,
ਭਾਈ ਘਨੱਈਆ ਭਏ ਸੋਧਰੇ, ਲੈ ਕੇ ਆਸ ਅਧੂਰੀ।
ਹੋਰ ਵੀ ਸਿਰ 'ਤੇ ਭਾਰ ਆਇਆ, ਪਿਤਾ ਜੀ ਛੱਡ ਗਏ ਚੋਲਾ,
ਘਰ ਵਿਚ ਵੱਡਿਆਂ ਹੋਵਣ ਸਦਕਾ, ਫਸ ਗਿਆ ਪੰਛੀ ਭੋਲਾ।

ਮੋਬਾਈਲ : 90419-19908

ਚਲਦਾ..

# ਧੰਨ ਦੀ ਕਮਾਈ



ਧਰਮ ਸ਼ਾਸਤਰਾਂ ਵਿਚ ਲਿਖਿਆ ਹੈ ਕਿ ਮਨੁੱਖ ਦੇ ਪਾਪਾਂ ਦੀ ਕਮਾਈ ਤਾਂ ਆਪਣੇ ਆਪ ਹੀ ਵਧਦੀ ਰਹਿੰਦੀ ਹੈ, ਜਦਕਿ ਪੁੰਨ ਦੀ ਕਮਾਈ ਵਧਾਉਣ ਲਈ ਮਨੁੱਖ ਨੂੰ ਧਰਮ ਦਾ ਆਸਰਾ ਲੈਣਾ ਪੈਂਦਾ ਹੈ ਅਤੇ ਇਹ ਆਸਰਾ ਉਸ ਵੱਲੋਂ ਨਿਰਮਲ ਅਤੇ ਪਵਿੱਤਰ ਮਨ ਨਾਲ ਭਗਵਾਨ ਦੀ ਭਗਤੀ ਕਰਨ ਨਾਲ ਹੀ ਪ੍ਰਾਪਤ ਹੋ ਸਕਦਾ ਹੈ। ਧਰਮ ਸ਼ਾਸਤਰਾਂ ਵਿਚ ਇਹ ਵੀ ਲਿਖਿਆ ਗਿਆ ਹੈ ਕਿ ਜਿਸ ਤਰ੍ਹਾਂ ਕਿਸੇ ਮਨੁੱਖ ਨੂੰ ਪਿਆਸ ਲੱਗਣ ਦੀ ਸੂਰਤ ਵਿਚ ਪਾਣੀ ਦੀ ਮਹੱਤਤਾ ਦਾ ਪਤਾ ਲੱਗਦਾ ਹੈ, ਉਸੇ ਤਰ੍ਹਾਂ ਭਗਵਾਨ ਦੇ ਚਰਨਾਂ ਵਿਚ ਸਥਾਨ ਪ੍ਰਾਪਤ ਕਰਨ ਲਈ ਦਿਲ ਤੋਂ ਪ੍ਰਭੂ ਨੂੰ ਯਾਦ ਕਰਨ ਦੀ ਜ਼ਰੂਰਤ ਹੈ। ਭਗਵਾਨ ਨਿਰੰਕਾਰ ਹੋਣ ਕਰਕੇ ਕਿਸੇ ਨੂੰ ਦਿਖਾਈ ਤਾਂ ਨਹੀ ਦਿੰਦੇ ਪਰ ਸੱਚੇ ਮਨ ਨਾਲ ਭਗਤੀ ਕਰਨ ਵਾਲਿਆਂ ਨੂੰ ਭਗਵਾਨ ਦੀ ਹੋਂਦ ਦਾ ਜ਼ਰੂਰ ਅਹਿਸਾਸ ਹੋ ਜਾਂਦਾ ਹੈ ਅਤੇ ਉਸ ਸਮੇਂ ਸਾਰੇ ਵਿਕਾਰ ਨਸ਼ਟ ਹੋ ਜਾਂਦੇ ਹਨ।

ਸੱਚੀ ਭਗਤੀ ਬਾਰੇ ਇਹ ਵੀ ਕਿਹਾ ਗਿਆ ਹੈ ਕਿ ਜਿਸਨੂੰ ਇਕ ਵਾਰੀ ਸੱਚੀ ਭਗਤੀ ਦਾ ਸਵਾਦ ਲੱਗ ਗਿਆ, ਉਹ ਸਦਾ ਲਈ ਅਨੰਦਤ ਹੋ ਜਾਂਦਾ ਹੈ, ਤਾਹੀਓਂ ਤਾਂ ਧਰਮ ਸ਼ਾਸਤਰ ਕਹਿੰਦੇ ਹਨ ਕਿ ਭਗਵਾਨ ਦੇ ਚਰਨਾਂ ਵਿਚ ਹੀ ਅਸਲ ਸੁੱਖ ਅਤੇ ਸਾਰੀਆਂ ਸਮੱਸਿਆਵਾਂ ਦਾ ਹੱਲ ਹੈ। ਧਰਮ ਸ਼ਾਸਤਰ ਮਨੁੱਖਤਾ ਨੂੰ ਪਾਣੀ ਦੀ ਉਦਾਹਰਨ ਦੇ ਕੇ ਸਮਝਾਉਂਦੇ ਹਨ ਕਿ ਜਿਵੇਂ ਪਾਣੀ ਦਾ ਆਧਾਰ ਸਮੁੰਦਰ ਹੈ, ਠੀਕ ਉਸੇ ਤਰ੍ਹਾਂ ਜੀਵਾਂ ਦਾ ਆਧਾਰ ਪਰਮਾਤਮਾ ਹੈ। ਭਗਵਾਨ ਨੂੰ ਖ਼ੁਸ਼ ਕਰਨ ਲਈ ਦੁਨਿਆਵੀ ਪਦਾਰਥਾਂ ਦੀ ਲੋੜ ਨਹੀਂ ਹੈ, ਸਿਰਫ਼ ਸਮਰਪਣ ਦੀ ਜ਼ਰੂਰਤ ਹੈ। ਸੋ ਜੀਵਨ ਨੂੰ ਸਾਰਥਕ ਬਣਾਉਣ ਲਈ ਸਤਿਸੰਗ ਨਾਲ ਜੁੜਨਾ ਬਹੁਤ ਜ਼ਰੂਰੀ ਹੈ ਕਿਉਂਕਿ ਇਥੋਂ ਹੀ ਭਗਤੀ ਦੇ ਸੱਚੇ ਸੁਆਦ ਦੀ ਸ਼ੁਰੂਆਤ ਹੁੰਦੀ ਹੈ ਅਤੇ ਇਹ ਸੱਚਾ ਸੁਆਦ ਹੀ ਮਨੁੱਖ ਨੂੰ ਚੰਗੇ ਕ੍ਰਮ ਕਰਨ ਵਾਲੇ ਪਾਸੇ ਨੂੰ ਲੈ ਜਾਂਦਾ ਹੈ, ਜਿਹੜੇ ਕਿ ਹਮੇਸ਼ਾ ਉਸਦੀ ਰੱਖਿਆ ਕਰਦੇ ਹਨ ਅਤੇ ਜੀਵਨ ਤੋਂ ਬਾਅਦ ਵੀ ਸਹਾਈ ਹੁੰਦੇ ਹਨ।

• ਸੁਰਿੰਦਰ ਮਾਣੂੰਕੇ ਗਿੱਲ
ਮੋ : 8872321000

# ਸੈਮਸੰਗ ਨੇ ਆਪਣੇ ਪ੍ਰੀਮੀਅਮ ਐਕਸਪੀਰੀਅੰਸ ਸਟੋਰ ਦਾ ਉਦਘਾਟਨ ਕੀਤਾ

**ਚੰਡੀਗੜ੍ਹ, 17 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

: ਸੈਮਸੰਗ, ਭਾਰਤ ਦੀ ਸਭ ਤੋਂ ਵੱਡੀ ਖਪਤਕਾਰ ਇਲੈਕਟ੍ਰੋਨਿਕਸ ਕੰਪਨੀ, ਨੇ ਚੰਡੀਗੜ੍ਹ ਦੇ Nexus Elante Mall ਵਿਖੇ ਇੱਕ ਨਵੇਂ ਪ੍ਰੀਮੀਅਮ ਐਕਸਪੀਰੀਅੰਸ ਸਟੋਰ ਦਾ ਉਦਘਾਟਨ ਕੀਤਾ ਹੈ, ਜੋ ਕਿ ਪੰਜਾਬ ਰਾਜ ਵਿੱਚ ਆਪਣਾ ਪਹਿਲਾ ਹੈ। ਵਿਕਰੀ ਅਤੇ ਸੇਵਾ ਲਈ ਇੱਕ ਵਨ-ਸਟਾਪ ਸ਼ਾਪ ਹੋਣ ਲਈ ਤਿਆਰ ਕੀਤਾ ਗਿਆ, ਪ੍ਰੀਮੀਅਮ ਅਨੁਭਵ ਸਟੋਰ ਖਪਤਕਾਰਾਂ ਨੂੰ ਮਨਮੋਹਕ ਅਨੁਭਵ ਪ੍ਰਦਾਨ ਕਰੇਗਾ ਅਤੇ ਕਈ ਤਰ੍ਹਾਂ ਦੀਆਂ ਦਿਲਚਸਪ ਗਤੀਵਿਧੀਆਂ ਦੀ ਮੇਜ਼ਬਾਨੀ ਵੀ ਕਰੇਗਾ। ਪ੍ਰੋਗਰਾਮ ਦੇ ਹਿੱਸੇ ਵਜੋਂ ਕਈ ਤਰ੍ਹਾਂ ਦੀਆਂ ਗਲੈਕਸੀ ਵਰਕਸ਼ਾਪਾਂ ਦੀ ਮੇਜ਼ਬਾਨੀ ਕਰੇਗਾ, ਜੋ ਕਿ ਤਕਨੀਕੀ-ਸਮਝਦਾਰ ਉਪਭੋਗਤਾਵਾਂ, ਖਾਸ ਕਰਕੇ Gen Z ਅਤੇ Millennials ਲਈ ਤਿਆਰ ਕੀਤਾ ਗਿਆ ਹੈ। ਇਸ ਵਿੱਚ 19-ਅਧਾਰਿਤ ਪੋਰਟਰੇਟ ਫੋਟੋਗ੍ਰਾਫੀ, ਨਾਈਟਗ੍ਰਾਫੀ ਅਤੇ ਫੋਟੋ ਸੰਪਾਦਨ ਸੈਸ਼ਨਾਂ ਵਰਗੇ ਖਪਤਕਾਰਾਂ ਦੇ ਜਨੂੰਨ ਬਿੰਦੂਆਂ 'ਤੇ ਕੇਂਦਰਿਤ 19 ਸਿੱਖਿਆ ਦੇ ਆਲੇ-ਦੁਆਲੇ ਵਰਕਸ਼ਾਪਾਂ ਸ਼ਾਮਲ ਹੋਣਗੀਆਂ। ਸਟੋਰ ਵਿੱਚ ਆਉਣ ਵਾਲੇ ਖਪਤਕਾਰਾਂ ਨੂੰ ਲਾਂਚ ਤੋਂ ਬਾਅਦ ਪਹਿਲੇ ਹਫ਼ਤੇ ਵਿੱਚ ਚੁਣੇ ਗਏ Galaxy ਡਿਵਾਈਸਾਂ ਦੇ ਨਾਲ BX ਲੌਏਲਟੀ ਪੁਆਇੰਟ (INR 15000 ਤੋਂ ਉੱਪਰ ਦੇ ਸਾਰੇ ਲੈਣ-ਦੇਣ 'ਤੇ) ਉਤਪਾਦ ਅਤੇ Galaxy Buds 65 2999 ਰੁਪਏ ਵਿੱਚ ਮਿਲਣਗੇ। INR 20000 ਦੇ ਸੈਮਸੰਗ ਉਤਪਾਦਾਂ ਦੀ ਖਰੀਦ 'ਤੇ, ਪਹਿਲੇ 200 ਗਾਹਕਾਂ ਨੂੰ ਅਰਲੀ ਬਰਡ ਗਿਫਟਿੰਗ ਮਿਲੇਗਾ। ਇਸ ਤੋਂ ਇਲਾਵਾ, ਉਪਭੋਗਤਾ ਹੋਰ ਵਿਸ਼ੇਸ਼ ਲਾਭ ਵੀ ਲੈ ਸਕਦੇ ਹਨ ਜਿਵੇਂ ਕਿ ਸਮਾਰਟਫ਼ੋਨਾਂ, ਟੈਬਾਂ, ਲੈਪਟਾਪਾਂ ਅਤੇ ਸਮਾਰਟਵਾਚਾਂ 'ਤੇ 10% ਤੱਕ ਵਿਦਿਆਰਥੀ ਛੋਟ, 22.5% ਤੱਕ ਕੈਸ਼ਬੈਕ ਅਤੇ ਵਾਧੂ ਲਾਭਾਂ ਵਿੱਚ 22000 ਰੁਪਏ ਤੱਕ ਛੋਟ। ਭਾਰਤ ਦੇ ਹੋਰ ਹਿੱਸਿਆਂ ਵਿੱਚ ਸ਼ਾਨਦਾਰ ਹੁੰਗਾਰੇ ਤੋਂ ਬਾਅਦ ਅਸੀਂ ਚੰਡੀਗੜ੍ਹ ਵਿੱਚ ਆਪਣਾ ਪ੍ਰੀਮੀਅਮ ਐਕਸਪੀਰੀਅੰਸ ਸਟੋਰ ਪੇਸ਼ ਕਰਕੇ ਬਹੁਤ ਖੁਸ਼ ਹਾਂ। ਸਾਡਾ ਉਦੇਸ਼ ਸਥਾਨਕ ਖਰੀਦਦਾਰਾਂ ਨੂੰ ਇਮਰਸਿਵ ਅਤੇ ਵਿਲੱਖਣ ਤੌਰ 'ਤੇ ਤਿਆਰ ਉਤਪਾਦ ਅਨੁਭਵਾਂ ਨਾਲ ਮੋਹਿਤ ਕਰਨਾ ਹੈ। ਨਵੀਨਤਮ ਸਟੋਰ 'ਲਰਨ 0 ਸੈਮਸੰਗ' ਵਰਕਸ਼ਾਪਾਂ ਦੀ ਮੇਜ਼ਬਾਨੀ ਕਰਕੇ, ਚੰਡੀਗੜ੍ਹ ਦੇ ਵਿਭਿੰਨ ਉਪਭੋਗਤਾ ਅਧਾਰ ਨੂੰ ਸ਼ਾਮਲ ਕਰਨ ਲਈ ਸਮਰਪਿਤ ਹੈ ਜੋ ਉਤਪਾਦਕਤਾ ਮਾਸਟਰ ਕਲਾਸ, ਪੋਰਟਰੇਟ ਫੋਟੋਗ੍ਰਾਫੀ, ਨਾਈਟਗ੍ਰਾਫੀ ਅਤੇ ਫੋਟੋ ਐਡੀਟਿੰਗ ਸੈਸ਼ਨਾਂ ਸਮੇਤ ਵੱਖ-ਵੱਖ ਜਨੂੰਨ ਬਿੰਦੂਆਂ ਨੂੰ ਪੂਰਾ ਕਰਦਾ ਹੈ। ਸਟੋਰ ਦਾ ਗਤੀਸ਼ੀਲ ਪ੍ਰਚੂਨ ਬਾਜ਼ਾਰ ਸਾਨੂੰ ਆਪਣੇ ਗਾਹਕਾਂ ਨਾਲ ਜੁੜਨ ਅਤੇ ਯਾਦਗਾਰੀ ਭੂਮਿਕਾਵਾਂ ਨੂੰ ਬਣਾਉਣ ਲਈ ਇੱਕ ਆਦਰਸ਼ ਪਿਛੋਕੜ ਪ੍ਰਦਾਨ ਕਰਦਾ ਹੈ, ਕਹਿੰਦੇ ਸੁਮਿਤ ਵਾਲੀਆ, ਸੀਨੀਅਰ ਡਾਇਰੈਕਟਰ, 423 ਬਿਜ਼ਨਸ, ਸੈਮਸੰਗ ਇੰਡੀਆ।

# ਫਸਲਾਂ ਨੂੰ ਐਫਿਡ ਸੰਕਰਮਣ ਤੋਂ ਬਚਾਓ : ਕੋਰਟੇਵਾ

**ਸੰਗਰੂਰ, 17 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕੀੜਿਆਂ ਦਾ ਸੰਕਰਮਣ ਕਿਸਾਨਾਂ ਲਈ ਉਨ੍ਹਾਂ ਦੀ ਉਤਪਾਦਕਤਾ ਅਤੇ ਮੁਨਾਫੇ ਨੂੰ ਪ੍ਰਭਾਵਿਤ ਕਰਨ ਵਾਲੀ ਇੱਕ ਸਦੀਵੀ ਚੁਣੌਤੀ ਬਣਿਆ ਹੋਇਆ ਹੈ। ਕੋਰਟੇਵਾ ਦੇ ਅਨੁਸਾਰ ਇਹ ਫਸਲਾਂ ਦੀ ਪੈਦਾਵਾਰ ਅਤੇ ਗੁਣਵੱਤਾ ਲਈ ਲਗਾਤਾਰ ਖ਼ਤਰੇ ਵਜੋਂ ਉੱਭਰੀ ਹੈ। ਕਈ ਕੀੜਿਆਂ ਵਿੱਚੋਂ, ਐਫਿਡਜ਼ ਛੋਟੇ, ਰਸ ਚੂਸਣ ਵਾਲੇ ਕੀੜਿਆਂ ਦੇ ਰੂਪ ਵਿੱਚ ਸਾਹਮਣੇ ਆਉਂਦੇ ਹਨ ਜੋ ਵਾਇਰਲ ਰੋਗ ਫੈਲਾ ਕੇ ਫਸਲਾਂ ਨੂੰ ਤਬਾਹ ਕਰ ਦਿੰਦੇ ਹਨ। ਇਹ ਕੀੜੇ ਪੌਦਿਆਂ ਦੀ ਸਿਹਤ ਨੂੰ ਪ੍ਰਭਾਵਿਤ ਕਰਦੇ ਹਨ, ਜਿਸ ਦੇ ਸਿੱਟੇ ਵਜੋਂ ਪੱਤੇ ਮੁੜ ਜਾਂਦੇ ਹਨ ਅਤੇ ਪੀਲੇ ਪੈ ਜਾਂਦੇ ਹਨ, ਉਹ ਵਧ ਵੀ ਨਹੀਂ ਸਕਦੇ ਅਤੇ ਇੱਥੋਂ ਤੱਕ ਕਿ ਬੀਜ ਵੀ ਨਸ਼ਟ ਹੋ ਜਾਂਦੇ ਹਨ।ਸੰਤੁਲਿਤ ਖਾਦ: ਖਾਦਾਂ ਦੀ ਦੱਸੀ ਗਈ ਖੁਰਾਕ ਲਾਗੂ ਕਰੋ। ਕੁਦਰਤੀ ਹਮਲਾਵਰ: ਐਫਿਡਜ਼ ਦੇ ਕੁਦਰਤੀ ਦੁਸ਼ਮਣਾਂ, ਜਿਵੇਂ ਕਿ ਲੇਡੀ ਬੀਟਲਜ਼, ਲੇਸਵਿੰਗਜ਼, ਸਿਰਫਿਡ ਫਲਾਈ ਲਾਰਵਾ ਅਤੇ ਪਰਜੀਵੀ ਤਤੈਆ ਨੂੰ ਪ੍ਰਭਾਵਿਤ ਕਰੋ। ਨਦੀਨਾਂ ਅਤੇ ਮਲਬੇ ਦਾ ਪ੍ਰਬੰਧਨ: ਨਦੀਨਾਂ ਅਤੇ ਮਲਬੇ ਨੂੰ ਸਾਫ਼ ਕਰੋ, ਕਿਉਂਕਿ ਇਹ ਐਫਿਡ ਅਤੇ ਹੋਰ ਕੀੜਿਆਂ ਲਈ ਛੁਪਣ ਦੀ ਤਾਂ ਵਜੋਂ ਕੰਮ ਕਰਦੇ ਹਨ।ਸਹਿਯੋਗੀ ਪੌਦੇ: ਐਫਿਡਜ਼ ਨੂੰ ਕੁਦਰਤੀ ਰੂਪ ਵਿੱਚ ਰੋਕਣ ਅਤੇ ਆਪਣੇ ਬਗੀਚੇ ਦੀ ਸੁਰੱਖਿਆ ਲਈ ਗੇਂਦਾ ਅਤੇ ਲੈਵੈਂਡਰ ਵਰਗੇ ਸਾਥੀ ਪੌਦਿਆਂ ਦੇ ਨਾਲ ਪੌਦੇ ਉਗਾਓਣ। ਵਾਟਰ ਸਟ੍ਰੀਮ ਐਪਲੀਕੇਸ਼ਨ: ਪੌਦਿਆਂ ਤੋਂ ਐਫਿਡਸ ਨੂੰ ਹਟਾਉਣ ਲਈ ਪਾਣੀ ਦੀ ਇੱਕ ਮਜ਼ਬੂਤ ਧਾਰਾ ਦੀ ਵਰਤੋਂ ਕਰੋ। ਇਹ ਵਿਧੀ ਮੌਜੂਦ ਹਨੀਡਿਊ ਜਾਂ ਕਾਲਿਖ ਦੀ ਉੱਲੀ ਨੂੰ ਧੋਣ ਲਈ ਪ੍ਰਭਾਵਸ਼ਾਲੀ ਹੈ।

# ਸੋਨੀਆ ਗਾਂਧੀ ਨੇ ਰਾਜਸਥਾਨ ਤੋਂ ਰਾਜ ਸਭਾ ਲਈ ਕਾਗਜ਼ ਭਰੇ

**ਜੈਪੁਰ, 17 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਨੇਤਾ ਸੋਨੀਆ ਗਾਂਧੀ ਨੇ ਰਾਜ ਸਭਾ ਚੋਣਾਂ ਲਈ ਅੱਜ ਇਥੇ ਨਾਮਜ਼ਦਗੀ ਪੱਤਰ ਦਾਖਲ ਕੀਤੇ। ਇਸ ਤੋਂ ਪਹਿਲਾਂ ਰਾਜ ਦੇ ਸਾਬਕਾ ਮੁੱਖ ਮੰਤਰੀ ਅਸ਼ੋਕ ਗਹਿਲੋਤ ਅਤੇ ਹੋਰ ਨੇਤਾਵਾਂ ਨੇ ਜੈਪੁਰ ਵਿੱਚ ਸੋਨੀਆ ਗਾਂਧੀ ਦਾ ਸਵਾਗਤ ਕੀਤਾ। ਪਾਰਟੀ ਦੀ ਜਨਰਲ



ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ ਅਤੇ ਪਾਰਟੀ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਵੀ ਲਈ ਜੈਪੁਰ ਪੁੱਜੇ ਹਨ।

# ਸੀਟੂ ਆਗੂਆਂ ਨੇ ਭਾਰਤ ਬੰਦ ਲਈ ਲੋਕਾਂ ਨੂੰ ਕੀਤਾ ਲਾਮਬੰਦ



**ਮਾਛੀਵਾੜਾ ਸਾਹਿਬ, 17 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਯੁਕਤ ਕਿਸਾਨ ਮੋਰਚਾ ਅਤੇ ਕੇਂਦਰੀ ਟਰੇਡ ਯੂਨੀਅਨਾਂ ਦੇ ਸੱਦੇ ਤੇ ਭਾਰਤ ਬੰਦ ਨੂੰ ਕਾਮਯਾਬ ਕਰਨ ਲਈ ਸੀਟੂ ਆਗੂਆਂ ਵੱਲੋਂ ਵੱਖ ਵੱਖ ਪਿੰਡਾਂ ਵਿਚ ਨੁੱਕੜ ਮੀਟਿੰਗਾਂ ਕਰਕੇ ਲੋਕਾਂ ਨੂੰ ਲਾਮਬੰਦ ਕੀਤਾ ਗਿਆ। ਇਸ ਮੌਕੇ ਸੀਟੂ ਪੰਜਾਬ ਦੇ ਸੂਬਾ ਸਕੱਤਰ ਅਤੇ ਮਨਰੇਗਾ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾਈ ਜਨਰਲ ਸਕੱਤਰ ਸਾਥੀ ਅਮਰਨਾਥ ਕੂੰਮਕਲਾਂ ਅਤੇ ਮਨਰੇਗਾ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਕਮੇਟੀ ਮੈਂਬਰ ਸਾਥੀ ਸਿਕੰਦਰ ਬਖ਼ਸ਼ ਮੰਡ ਚੌਂਤਾ ਅਤੇ ਹਰੀ ਰਾਮ ਭੱਟੀ ਨੇ ਰਤਨਗੜ੍ਹ ਵਿਖੇ ਮਨਰੇਗਾ ਮਜ਼ਦੂਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕੇਂਦਰ ਦੀ ਮੋਦੀ ਸਰਕਾਰ ਵਲੋਂ ਮਜ਼ਦੂਰ, ਕਿਸਾਨ ਵਿਰੋਧੀ ਨੀਤੀਆਂ ਲਾਗੂ ਕੀਤੀਆਂ ਜਾ ਰਹੀਆਂ ਹਨ, ਪੈਟਰੋਲ, ਡੀਜ਼ਲ, ਘਰੇਲੂ ਗੈਸ ਦੀਆਂ ਕੀਮਤਾਂ ਵਿੱਚ ਵਾਧਾ ਕਰਕੇ ਲੋਕਾਂ ਦਾ ਜੀਵਨ ਬਤੀਤ ਕਰਨ ਲਈ ਹਰ ਰੋਜ਼ ਮੁਸ਼ਕਲਾਂ ਵਿਚ ਵਾਧਾ ਕੀਤਾ ਜਾ ਰਿਹਾ ਹੈ। ਸਮੁੱਚਾ ਪਬਲਿਕ ਸੈਕਟਰ ਵੇਚ ਦਿੱਤਾ ਗਿਆ ਹੈ, ਕਿਸਾਨਾਂ ਮਜ਼ਦੂਰਾਂ ਦੇ ਕਰਜ਼ਾ ਮੁਆਫ਼ ਨਹੀਂ ਕੀਤਾ ਜਾ ਰਿਹਾ .ਦੂਜੇ ਪਾਸੇ ਵਿਜੇ ਮਾਲਿਆ,ਨੀਰਵ ਮੋਦੀ ਵਰਗੇ ਕਾਰਪੋਰੇਟ ਘਰਾਣਿਆਂ ਦੇ ਕਰੋੜਾਂ ਰੁਪਏ ਦੇ ਕਰਜ਼ੇ ਮਾਫ਼ ਕਰ ਦਿੱਤੇ ਹਨ। ਸਾਰੇ ਸਕੀਮ ਵਰਕਰਾਂ ਆਂਗਨਵਾੜੀ ਵਰਕਰਾਂ, ਮਨਰੇਗਾ ਮਜ਼ਦੂਰਾਂ, ਆਸ਼ਾ ਵਰਕਰਾਂ,ਮਿੱਡ ਡੇ ਮੀਲ, ਪੇਂਡੂ ਚੌਕੀਦਾਰਾਂ ਦੇ ਬਜ਼ਟ ਵਿਚ ਕਟੌਤੀਆਂ ਕਰ ਦਿੱਤੀਆਂ ਹਨ।ਐਮ. ਐਸ. ਪੀ, ਲਖੀਮਪੁਰ ਖੀਰੀ ਦੇ ਦੋਸ਼ੀਆਂ ਨੂੰ ਸਜ਼ਾ ਦੇਣ, ਬਿਜਲੀ ਬਿੱਲ 2020 ਰੱਦ ਕਰਨ ਦਾ ਵਾਅਦਾ ਮੋਦੀ ਸਰਕਾਰ ਵਲੋਂ ਸੰਯੁਕਤ ਕਿਸਾਨ ਮੋਰਚੇ ਨਾਲ ਲਿਖਤੀ ਸਮਝੌਤਾ ਕੀਤਾ ਗਿਆ ਸੀ ਜਿਸ ਨੂੰ ਲਾਗੂ ਕਰਨ ਲਈ ਮੋਦੀ ਸਰਕਾਰ ਤਿਆਰ ਨਹੀਂ।ਜਿਸ ਦੇ ਵਿਰੁੱਧ ਲਾਮਿਸਾਲ ਭਾਰਤ ਬੰਦ ਹੋਵੇਗਾ। ਉਨ੍ਹਾਂ ਮੰਗ ਕੀਤੀ ਕਿ ਮਿਨੀਮਮ ਵੇਜ ਵਿਚ ਵਾਧਾ ਕੀਤਾ ਜਾਵੇ, ਸਾਰੇ ਸਕੀਮ ਵਰਕਰਾਂ ਦੀ ਤਨਖਾਹ ਘੱਟੋ ਘੱਟ 26000/ਹਜ਼ਾਰ ਰੁਪਏ ਪ੍ਰਤੀ ਮਹੀਨਾ ਦਿਤਾ ਜਾਵੇ, ਠੇਕੇਦਾਰੀ ਸਿਸਟਮ ਬੰਦ ਕੀਤਾ ਜਾਵੇ, ਕੱਚੇ ਵਰਕਰਾਂ ਨੂੰ ਪੱਕੇ ਕੀਤਾ ਜਾਵੇ। ਸੀਟੂ ਆਗੂਆਂ ਨੇ ਲੋਕਾਂ ਨੂੰ ਪੁਰਜ਼ੋਰ ਅਪੀਲ ਕਰਦੇ ਹੋਏ ਕਿਹਾ ਕਿ 17 ਫਰਵਰੀ ਦੇ ਭਾਰਤ ਬੰਦ ਨੂੰ ਸਫ਼ਲ ਕਰਨ ਲਈ ਕੋਈ ਵੀ ਕਸਰ ਬਾਕੀ ਨਾ ਛੱਡੀ ਜਾਵੇ।

# 1੮ ਨੂੰ ਖਾਲੜਾ ਤੋ ਭਿੱਖੀਵਿੰਡ ਤਕ ਹੋਵੇਗੀ ਪੈਦਲ ਇਨਸਾਫ਼ ਯਾਤਰਾ ਹੋਵੇਗੀ : ਵਡਾਲਾ

**ਤਰਨਤਾਰਨ, 17 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਅਜ ਤਰਨਤਾਰਨ ਵਿਖੇ ਸਿੱਖ ਸਦਭਾਵਨਾ ਦਲ (ਰਜਿ:) ਕੌਮੀ ਪ੍ਰਧਾਨ ਭਾਈ ਬਲਦੇਵ ਸਿੰਘ ਵਡਾਲਾ ਵੱਲੋ ਇਕ ਕਾਨਫਰੰਸ ਕਰਕੇ ਦੱਸਿਆ ਕੀ 18ਨੂੰ ਕਸਬਾ ਖਾਲੜਾ ਤੋ ਭਿੱਖੀਵਿੰਡ ਤਕ ਇਕ ਪੈਦਲ ਯਾਤਰਾ ਕੀਤੀ ਜਾ ਰਹੀ ਹੈ।ਪੈਦਲ ਯਾਤਰਾ ਮੁਖ ਮਕਸਦ ਇਹ ਹੋਵੇਗਾ ਕਿ ਉਹ ਸਹੀਦ ਭਾਈ ਜਸਵੰਤ ਸਿੰਘ ਜੀ ਦੀ ਸ਼ਹਾਦਤ ਨੂੰ ਸਮਰਪਿਤ ਹੋਵੇਗੀ ਅਤੇ ਉਹਨਾ ਉਪਰ ਢਾਹੇ ਗਾਏ ਅਣ =ਮਨੁੱਖੀ ਤਸੱਦਦ ਦੇ ਇਨਸਾਫ ਲਈ ਹੋਵੇਗੀ।

ਉਹਨਾ ਕਿਹਾ ਕਿ ਜੇਕਰ ਪੰਜਾਬ ਦੇ ਲੋਕਾਂ ਗੁਰੂ ਨਾਨਕ ਸਾਹਿਬ ਜੀ ਦੇ ਪਾਵਨ ਬਚਨ ਪਾਉਣ ਗੁਰੂ ਵਿਚ ਧਿਆਨ ਨਾ ਰੱਖ ਕੇ ਵਾਤਾਵਰਣ ਵਲ ਧਿਆਨ ਨਾ ਦਿੱਤਾ ਤਾ ਉਹ ਦਿਨ ਦੂਰ ਨਹੀ ਜਿਸ ਦਿਨ ਪੰਜਾਬ ਵਿਚ ਰਹਿਣ ਵਾਲੇ ਲੋਕ ਛਾਂ ਸਾਹਿਬ ਫਲ ਫੁਲ ਮੰਜੇ ਪੀੜੇ ਦੇ ਨਾਲ ਨਾਲ ਮਰਨ ਵਾਲੇ ਢਾਈ ਕੁਇੰਟਲ ਨੂੰ ਵੀ ਤਰਸਣਗੇ।

ਵਡਾਲਾ ਨੇ ਕਿਹਾ ਕਿ ਪੰਜਾਬ ਦੇ ਵਿਕਾਸ ਨੂੰ ਮੋਹਰਾ ਬਣਾ ਕੇ ਪੰਜਾਬ ਦੇ ਵਾਤਾਵਰਣ ਦਾ ਵਿਨਾਸ ਕਰ ਰਹੇ ਹਨ।ਇਸ ਮੋਕੇ ਤੇ ਵਕੀਲ ਕਰਨਬੀਰ ਸਿੰਘ ਪੰਨੂ /ਭਾਈ ਅਰਵਿੰਦ ਸਿੰਘ ਅੰਤ੍ਰਿੰਗ ਸਭਾ ਭਾਈ ਹਰਮਨ ਸਿੰਘ ਭਿੱਖੀਵਿੰਡ ਜਿਲਾ ਪ੍ਰਧਾਨ ਸਿਖ ਸਦਭਾਵਨਾ ਭਾਈ ਕੁਲਵੰਤ ਸਿੰਘ ਪੰਨੂ, ਭਾਈ ਸੁਖਜੀਤ ਸਿੰਘ ਖੋਸੇ ਭਾਈ ਦਰਸ਼ਨ ਸਿੰਘ, ਭਾਈ ਬਲਰਾਜ ਸਿੰਘ, ਬੀਬੀ ਭੁਪਿੰਦਰ ਕੌਰ, ਭਾਈ ਦਰਸ਼ਨ ਸਿੰਘ ਕਲਿਆਣ, ਭਾਈ ਭਜਨ ਸਿੰਘ ਸਮੇਤ ਸ਼ਾਮਿਲ ਸਨ।

# ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵੱਲੋਂ ਵਰਚੂਅਲ ਇੰਟਰਵਿਊ 17 ਫਰਵਰੀ ਨੂੰ

**ਪਟਿਆਲਾ, 17 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਪਟਿਆਲਾ ਵੱਲੋਂ ਆਈ.ਟੀ.ਐਮ ਸਕਿੱਲ ਅਕੈਡਮੀ ਫ਼ਾਰ ਐਕਸੀਸ ਬੈਂਕ ਦਾ ਪਲੇਸਮੈਂਟ ਕੈਂਪ ਮਿਤੀ 15-2-2024 (ਦਿਨ ਵੀਰਵਾਰ) ਸਵੇਰੇ 10 ਵਜੇ ਲਗਾਇਆ ਜਾ ਰਿਹਾ ਹੈ। ਇਸ ਪਲੇਸਮੈਂਟ ਕੈਂਪ ਵਿੱਚ ਆਈ.ਟੀ.ਐਮ ਸਕਿੱਲ ਅਕੈਡਮੀ ਵੱਲੋਂ ਐਕਸੀਸ ਬੈਂਕ ਲਈ ਸੇਲਜ਼ ਅਫ਼ਸਰ ਦੀ ਅਸਾਮੀ ਦੀ ਆਨਲਾਈਨ ਇੰਟਰਵਿਊ ਲਈ ਜਾਵੇਗੀ।

ਇਸ ਕੈਂਪ ਵਿਚ ਗ੍ਰੈਜੂਏਟ ਪਾਸ ਪ੍ਰਾਰਥੀ ਯੋਗ ਉਮੀਦਵਾਰ (ਲੜਕੇ ਅਤੇ ਲੜਕੀਆਂ) ਜਿਨ੍ਹਾਂ ਦੀ ਉਮਰ 18 ਸਾਲ ਤੋਂ 28 ਸਾਲ ਹੋਵੇ, ਉਹ ਵਰਚੂਅਲ ਲਿੰਕ https://meet.google.com/kew--gfqf-jzb ਰਾਹੀ ਭਾਗ ਲੈ ਸਕਦੇ ਹਨ।

ਜ਼ਿਲ੍ਹਾ ਰੋਜ਼ਗਾਰ ਉਤਪਤੀ ਹੁਨਰ ਵਿਕਾਸ ਅਤੇ ਸਿਖਲਾਈ ਦੇ ਡਿਪਟੀ ਡਾਇਰੈਕਟਰ ਅਨੁਰਾਗ ਗੁਪਤਾ ਨੇ ਨੌਕਰੀ ਦੇ ਚਾਹਵਾਨ ਉਮੀਦਵਾਰਾਂ ਨੂੰ ਇਸ ਆਨਲਾਈਨ/ਵਰਚੂਅਲ ਕੈਂਪ ਵਿੱਚ ਵੱਧ ਤੋਂ ਵੱਧ ਭਾਗ ਲੈਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਇਸ ਸਬੰਧੀ ਵਧੇਰੇ ਜਾਣਕਾਰੀ ਲਈ ਪ੍ਰਾਰਥੀ ਜ਼ਿਲ੍ਹਾ ਰੋਜ਼ਗਾਰ ਬਿਊਰੋ ਦੇ ਹੈਲਪ ਲਾਈਨ ਨੰਬਰ 9877610877 'ਤੇ ਸੰਪਰਕ ਕਰ ਸਕਦੇ ਹਨ।

# ਜ਼ਿਲ੍ਹਾ ਭਾਜਪਾ ਨੇ ਮਨੀਸ਼ ਸਹਿਗਲ ਨੂੰ ਲੋਕਲ ਬਾਡੀ ਸੈੱਲ ਦਾ ਕਨਵੀਨਰ ਨਿਯੁਕਤ ਕੀਤਾ

**ਜਲੰਧਰ, 17 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਜਨਤਾ ਪਾਰਟੀ) ਜ਼ਿਲਾ ਪ੍ਰਧਾਨ ਸੁਸ਼ੀਲ ਸ਼ਰਮਾ ਨੇ ਸੀਨੀਅਰ ਲੀਡਰਸ਼ਿਪ ਅਤੇ ਜ਼ਿਲਾ ਇੰਚਾਰਜ ਸੰਜੀਵ ਖੰਨਾ, ਜ਼ਿਲਾ ਕੋ-ਇੰਚਾਰਜ ਅਤੇ ਸੂਬਾ ਲੋਕਲ ਬਾਡੀ ਸੈੱਲ ਦੇ ਕਨਵੀਨਰ ਕੇ.ਕੇ.ਮਲਹੋਤਰਾ ਨਾਲ ਗੱਲਬਾਤ ਕਰਨ ਤੋਂ ਬਾਅਦ ਮਨੀਸ਼ ਸਹਿਗਲ ਨੂੰ ਲੋਕਲ ਬਾਡੀ ਸੈੱਲ ਦਾ ਜ਼ਿਲਾ ਕਨਵੀਨਰ ਨਿਯੁਕਤ ਕੀਤਾ ਹੈ।



ਸੁਸ਼ੀਲ ਸ਼ਰਮਾ ਨੇ ਉਨ੍ਹਾਂ ਨੂੰ ਇਸ ਨਿਯੁਕਤੀ 'ਤੇ ਤਹਿ ਦਿਲੋਂ ਵਧਾਈ ਦਿੱਤੀ ਅਤੇ ਕਿਹਾ ਕਿ ਅਸੀਂ ਕੇਂਦਰ ਸਰਕਾਰ ਦੀਆਂ ਨੀਤੀਆਂ ਨੂੰ ਹਰ ਘਰ ਤੱਕ ਪਹੁੰਚਾਉਣਾ ਹੈ ਅਤੇ ਇਸ ਲਈ ਸਾਨੂੰ ਅੱਜ ਤੋਂ ਹੀ ਪਾਰਟੀ ਪ੍ਰਤੀ ਵਚਨਬੱਧਤਾ ਨਾਲ ਆਪੋ-ਆਪਣੇ ਵਾਰਡਾਂ 'ਚ ਇਕਜੁੱਟ ਹੋ ਕੇ ਕੰਮ ਕਰਨਾ ਹੋਵੇਗਾ ਅਤੇ ਆਉਣ ਵਾਲੀਆਂ ਲੋਕ ਸਭਾ ਚੋਣਾਂ 'ਚ ਵੀ. ਸਭਾ ਚੋਣਾਂ।ਭਾਜਪਾ ਦਾ ਝੰਡਾ ਲਹਿਰਾਉਣ ਲਈ ਪਾਰਟੀ ਨੂੰ ਪੂਰਾ ਜ਼ੋਰ ਲਾਉਣਾ ਪੈ ਰਿਹਾ ਹੈ।ਇਸ ਮੌਕੇ ਮਨੀਸ਼ ਸਹਿਗਲ ਨੇ ਭਾਜਪਾ ਹਾਈਕਮਾਂਡ ਦਾ ਧੰਨਵਾਦ ਕਰਦਿਆਂ ਜ਼ਿਲ੍ਹਾ ਪ੍ਰਧਾਨ ਸੁਸ਼ੀਲ ਸ਼ਰਮਾ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ 'ਤੇ ਭਰੋਸਾ ਕਰਕੇ ਜੋ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਗਈ ਹੈ, ਉਸ ਨੂੰ ਉਹ ਤਨਦੇਹੀ ਨਾਲ ਨਿਭਾਉਣਗੇ।

ਉਨ੍ਹਾਂ ਕਿਹਾ ਕਿ ਉਹ ਪੂਰੇ ਸ਼ਹਿਰ ਵਿੱਚ ਪਾਰਟੀ ਦੀ ਮਜ਼ਬੂਤੀ ਲਈ ਕੰਮ ਕਰਨਗੇ ਅਤੇ ਮੋਦੀ ਸਰਕਾਰ ਦੀ ਹਰ ਸਕੀਮ ਨੂੰ ਘਰ-ਘਰ ਪਹੁੰਚਾਉਣਗੇ।

# ਹਰ ਹਰ ਮਹਾਦੇਵ ਦੇ ਜੈਕਾਰਿਆਂ ਨਾਲ਼ ਪੈਦਲ ਕਾਵੜ ਯਾਤਰਾ ਸ਼੍ਰੀ ਗਗੋਂਤਰੀ ਧਾਮ ਨੂੰ ਹੋਈ ਰਵਾਨਾ

**ਗੋਨੇਆਣਾ, 17 ਫਰਵਰੀ**
**-ਪ੍ਰੈਸ ਕੀ ਤਾਕਤ ਬਿਊਰ-**

ਅੱਜ ਸ਼੍ਰੀ ਦੂਰਗਾ ਮੰਦਿਰ ਵਿਖੇ ਅਸ਼ੋਕ ਕੁਮਾਰ ਬੌਬੀ ਮਹਿਮੇ ਵਾਲਿਆਂ ਦੀ ਪ੍ਰਧਾਨਗੀ ਹੇਠ ਪੈਦਲ ਕਾਵੜ ਯਾਤਰਾ ਹਰ ਹਰ ਮਹਾਦੇਵ ਦੇ ਜੈਕਾਰਿਆਂ ਨਾਲ ਰਵਾਨਾ ਹੋਈ, ਇਹ ਯਾਤਰਾ ਸਿੱਦੀ ਗਗੋਂਤਰੀ ਧਾਮ ਤੋਂ ਜਲ ਭਰਕੇ ਸ਼੍ਰੀ ਕਾਂਸ਼ੀ ਵਿਸ਼ਵਨਾਥ ਵਿੱਖੇ ਜਲ ਚੜਾ ਕੇ ਓਥੋਂ ਵਾਪਿਸ ਗੋਨੇਆਣਾ ਪਹੁੰਚੇਗੀ,

ਇਸ ਮੌਕੇ ਤੇ ਸ਼੍ਰੀ ਦੂਰਗਾ ਮੰਦਿਰ ਦੇ ਪੁਜਾਰੀ ਘਨਸ਼ਾਮ ਦਾਸ ਤ੍ਰਿਪਾਠੀ ਨੇ ਸਭ ਨੂੰ ਅਸ਼ੀਰਵਾਦ ਦਿੱਤਾ ਅਤੇ ਸ਼੍ਰੀ ਦੁਰਗਾ ਮੰਦਰ ਦੇ ਪ੍ਰਧਾਨ ਰਾਮ ਕੁਮਾਰ ਚੋਧਰੀ ਨੇ ਸਭ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਹੋਰਨਾਂ ਤੋ ਇਲਾਵਾ ਇਸ ਮੌਕੇ ਵਿਪਨ ਕੁਮਾਰ, ਮਨੀਸ਼ ਕੁਮਾਰ ਕਦੂ, ਨਰੇਸ਼ ਕੁਮਾਰ ਗੌਰਾ ਬਾਬਾ, ਪ੍ਰੀਤ ਬਾਬਾ ਨਿਹਾਲ ਸਿੰਘ ਵਾਲਾ ਤੋਂ, ਅਨਮੋਲ ਬਾਂਸਲ, ਕਮਲ ਬਾਬਾ, ਰਾਕੇਸ਼ ਕੁਮਾਰ ਅੰਬਾਲਾ ,ਨਰਿੰਦਰ ਐਡਵੋਕੇਟ ਆਦਿ ਹਾਜ਼ਿਰ ਸਨ

# ਸਾਬਕਾ ਸੈਨਿਕਾਂ ਦੀਆਂ ਪੈਨਸ਼ਨ ਸਬੰਧੀ ਮੁਸ਼ਕਲਾਂ ਦੇ ਹੱਲ ਲਈ 21 ਤੇ 22 ਫਰਵਰੀ ਨੂੰ ਲੱਗੇਗਾ ਵਿਸ਼ੇਸ਼ ਕੈਂਪ

**ਪਟਿਆਲਾ, 17 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਰੱਖਿਆ ਮੰਤਰਾਲੇ ਵੱਲੋਂ ਜ਼ਿਲ੍ਹਾ ਪਟਿਆਲਾ ਅਤੇ ਇਸ ਦੇ ਨੇੜਲੇ ਜ਼ਿਲ੍ਹਿਆਂ ਵਿੱਚ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਿਕ ਨੂੰ ਪੈਨਸ਼ਨ ਸਬੰਧੀ ਆ ਰਹੀਆਂ ਮੁਸ਼ਕਲਾਂ ਨੂੰ ਦੂਰ ਕਰਨ ਲਈ ਮਿਤੀ 21 ਅਤੇ 22 ਫਰਵਰੀ 2024 ਨੂੰ ਫ਼ਸਟ ਆਰਮਡ ਡਿਵੀਜ਼ਨ ਦੀ 601 ਈ.ਐਮ.ਈ ਬੀ.ਐਨ (ਫੁੱਟਬਾਲ ਫ਼ੀਲਡ) ਪਟਿਆਲਾ (ਪੰਜਾਬ) ਵਿਖੇ ਦਫ਼ਤਰ ਰੱਖਿਆ ਲੇਖਾ ਪ੍ਰਧਾਨ ਕੰਟਰੋਲਰ (ਪੈਨਸ਼ਨ) ਪ੍ਰਯਾਗਰਾਜ ਦੁਆਰਾ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ ਹੈ। ਸਮੂਹ ਡਿਫੈਂਸ ਪੈਨਸ਼ਨਰਜ਼ ਨੂੰ ਰੱਖਿਆ ਸੇਵਾਵਾਂ ਵਿਭਾਗ ਵੱਲੋਂ ਅਪੀਲ ਕੀਤੀ ਗਈ ਹੈ ਕਿ ਜੇਕਰ ਉਨ੍ਹਾਂ ਨੂੰ ਆਪਣੀ ਪੈਨਸ਼ਨ ਸਬੰਧੀ ਕੋਈ ਸ਼ਿਕਾਇਤ/ਮੁਸ਼ਕਿਲ ਆ ਰਹੀ ਹੈ ਤਾਂ ਉਹ ਉਪਰੋਕਤ ਕੈਂਪ ਵਿੱਚ ਹਾਜ਼ਰ ਹੋ ਕੇ ਹੱਲ ਕਰਵਾ ਸਕਦੇ ਹਨ।

ਪੈਨਸ਼ਨ ਪ੍ਰਾਪਤ ਕਰਤਾ ਸਾਬਕਾ ਸੈਨਿਕ/ਵਿਧਵਾਵਾਂ ਆਪਣੀ ਮੁਸ਼ਕਿਲ ਸਬੰਧੀ ਪ੍ਰਤੀ ਬੇਨਤੀ/ਪ੍ਰੋਫਾਰਮਾ ਜਿਸ ਵਿੱਚ ਆਪਣਾ ਨਾਮ, ਰੈਂਕ, ਗਰੁੱਪ, ਆਰਮੀ ਨੰਬਰ, ਰਿਕਾਰਡ ਦਫ਼ਤਰ ਦਾ ਨਾਮ, ਪਤਾ ਤੇ ਪਿੰਨ ਕੋਡ, ਰਿਟਾਇਰਮੈਂਟ ਦੀ ਮਿਤੀ, ਪੀ.ਪੀ.ਓ ਨੰਬਰ, ਬੈਂਕ/ਡੀ.ਪੀ.ਡੀਓ ਦਾ ਨਾਮ ਅਤੇ ਪਤਾ, ਬੈਂਕ ਖਾਤਾ ਨੰ, ਮੋਬਾਇਲ ਨੰਬਰ, ਪੈਨਸ਼ਨ ਸਬੰਧੀ ਆ ਰਹੀ ਮੁਸ਼ਕਿਲ ਸਮੇਤ ਆਪਣਾ ਪੂਰਾ ਪਤਾ, ਮੋਬਾਇਲ ਨੰਬਰ ਅਤੇ ਈ.ਮੇਲ ਆਈ ਡੀ ਜ਼ਰੂਰ ਲਿਖੀ ਜਾਵੇ। ਇਹ ਪ੍ਰੋਫਾਰਮਾ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫ਼ਤਰ, ਅਤੇ ਡੀ.ਪੀ.ਡੀ.ਓ ਦਫ਼ਤਰ ਪਟਿਆਲਾ ਵਿਚੋਂ ਪ੍ਰਾਪਤ ਕੀਤਾ ਜਾ ਸਕਦਾ ਹੈ। ਸਪਰਸ਼ ਰਾਹੀਂ ਪੈਨਸ਼ਨ ਪ੍ਰਾਪਤ ਕਰ ਰਹੇ ਪੈਨਸ਼ਨਰਜ਼ ਨੂੰ ਆਪਣਾ ਰਜਿਸਟਰਡ ਫ਼ੋਨ ਨੰ ਨਾਲ ਲੈ ਕੇ ਆਉਣਾ ਲਾਜ਼ਮੀ ਹੈ।

# ਆਲ ਇੰਡੀਆ ਫੈਡਰੇਸ਼ਨ ਦੇ ਦਿਸ਼ਾ ਤੇ ਪੰਜਾਬ ਵਿੱਚ ਡੀਪੂ ਹੋਲਡਰਾਂ ਨੂੰ ਲਾਮਬੰਦ ਕਰਕੇ ਸੰਘਰਸ਼ ਤੇਜ ਕੀਤਾ ਜਾਵੇਗਾ : ਸਿੱਧੂ

**ਬਰਨਾਲਾ, 17 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਪਤਾ ਸਥਾਨਕ ਗੁਰੂ ਘਰ ਤਪ ਅਸਥਾਨ ਬੀਬੀ ਪ੍ਰਧਾਨ ਕੌਰ ਵਿੱਖੇ ਪੰਜਾਬ ਰਾਜ ਡੀਪੂ ਹੋਲਡਰ ਯੂਨੀਅਨ ਦੀ ਸਟੇਟ ਬਾਡੀ ਦੀ ਮੀਟਿੰਗ ਸੂਬਾ ਪ੍ਰਧਾਨ ਅਤੇ ਆਲ ਇੰਡੀਆ ਦੇ ਮੀਤ ਪ੍ਰਧਾਨ ਇੰਜ ਗੁਰਜਿੰਦਰ ਸਿੰਘ ਸਿੱਧੂ ਦੀ ਪ੍ਰਧਾਨਗੀ ਹੇਠ ਹੋਈ।

ਇਹ ਜਾਣਕਾਰੀ ਆਲ ਇੰਡੀਆ ਦੇ ਸਕੱਤਰ ਕਰਮਜੀਤ ਸਿੰਘ ਅੜੈਚਾ ਨੇ ਪ੍ਰੈਸ ਦੇ ਨਾਂ ਜਾਰੀ ਕਰਦਿਆ ਦੱਸਿਆ ਕਿ ਇਸ ਮੀਟਿੰਗ ਨੂੰ ਸਬੋਧਨ ਕਰਦਿਆ ਸਿੱਧੂ ਨੇ ਕਿਹਾ ਕਿ ਆਲ ਇੰਡੀਆ ਫੈਡਰੇਸ਼ਨ ਦੇ ਦਿਸ਼ਾ ਤੇ ਪੰਜਾਬ ਵਿੱਚ ਡੀਪੂ ਹੋਲਡਰਾ ਨੂੰ ਲਾਮਵੰਦ ਕਰਕੇ ਸੰਘਰਸ਼ ਤੇਜ ਕੀਤਾ ਜਾਵੇਗਾ ਸਟੇਟ ਬਾਡੀ ਨੇ ਫੈਸਲਾ ਲਿਆ ਕੇ ਯੂਨੀਅਨ ਸੂਬੇ ਦੇ ਰਾਜਪਾਲ ਸ੍ਰੀ ਬਨਵਾਰੀ ਲਾਲ ਪ੍ਰੋਹਿਤ ਨੂੰ ਆਟਾ ਸਕੀਮ ਦੇ ਕੀ ਨੁਕਸਾਨ ਹਨ ਅਤੇ ਲੋਕਾਂ ਦੀ ਸਿਹਤ ਲਈ ਇਹ ਆਟਾ ਕਿਵੇਂ ਹਾਨੀਕਾਰਕ ਹੈ ਕਿਵੇਂ ਸੂਬਾ ਸਰਕਾਰ ਐਨ ਐਫ ਐਸ ਏ NFSA ਕਣਕ ਦੀ ਬਿਨਾ ਮਸ਼ੀਨਾਂ ਤੋ ਵੰਡ ਕੇ ਦੁਰਵਰਤੋਂ ਕਰ ਰਹੀ ਅਤੇ ਕਿਵੇਂ ਕੁੱਝ ਫਲੋਰ ਮਿਲ ਮਾਲਕਾ ਨੂੰ ਫਾਇਦਾ ਪਚਾਉਣ ਲਈ ਪੰਜਾਬ ਸਰਕਾਰ ਗਰੀਬਾਂ ਨਾਲ ਵੱਡਾ ਧੋਖਾ ਕਰ ਰਹੀ ਹੈ ਸਾਡੀ ਫੈਡਰੇਸ਼ਨ ਆਗੂਆਂ ਨੇ ਸ੍ਰੀ ਬਿਸਮਬ੍ਰ ਬਾਸੂ ਦੀ ਅਗਵਾਈ ਹੇਠ ਕੇਂਦਰੀ ਫੂਡ ਸਪਲਾਈ ਮੰਤਰੀ ਸ੍ਰੀ ਪੀਯੂਸ਼ ਗੋਇਲ ਨਾਲ ਮੀਟਿੰਗ ਕੀਤੀ ਹੈ ਜਿਸ ਵਿਚ ਪੰਜਾਬ ਦੀ ਆਟਾ ਸਕੀਮ ਬਾਬਤ ਵਿਸੇਸ ਚਰਚਾ ਕੀਤੀ ਹੈ ਸਾਰੀਆ ਮੰਗਾ ਬਾਬਤ ਸ੍ਰੀ ਪੀਯੂਸ਼ ਗੋਇਲ ਨੇ 15 ਦਿਨਾਂ ਦੇ ਅੰਦਰ ਅੰਦਰ ਸਾਰੀਆ ਮੰਗਾ 15 ਦਿਨ ਦੇ ਅੰਦਰ ਅੰਦਰ ਹੱਲ ਕਰਨ ਦਾ ਭਰੋਸਾ ਦਿੱਤਾ ਇਸ ਮੌਕੇ ਕਰਮਜੀਤ ਸਿੰਘ ਬ੍ਰਮ ਦਾਸ ਰਣਜੀਤ ਸਿੰਘ ਖੋਸਾ ਰਾਜ ਕੁਮਾਰ ਮਿੰਟੂ ਬਲਕਾਰ ਸਿੰਘ ਸਤੀਸ਼ ਕੁਮਾਰ ਰਣਜੀਤ ਸਿੰਘ ਵਕੀਲ ਸਿੰਘ ਰੱਲੀ ਗੁਰਦੇਵ ਸਿੰਘ ਨਿਰਭੈ ਸਿੰਘ ਗੁਰਮੇਲ ਸਿੰਘ ਜੰਗ ਸਿੰਘ ਰਾਮ ਗੋਪਾਲ ਨਰਿੰਦਰ ਸ਼ਰਮਾ ਦਰਬਾਰਾ ਸਿੰਘ ਰਾਜ ਸਿੰਘ ਲਖਵਿੰਦਰ ਸਿੰਘ ਗੁਰਦੇਵ ਸਿੰਘ ਮੱਕੜ ਆਦਿ ਆਗੂ ਹਾਜ਼ਰ ਸਨ।

# ਕਿਸਾਨਾਂ 'ਤੇ ਜਬਰ ਕਰਨ ਵਾਲੇ ਖੱਟੜ ਨੇ ਅਰੰਗਜੇਬ ਨੂੰ ਵੀ ਮਾਤ ਪਾਈ : ਗਿੱਲ

**ਲੁਧਿਆਣਾ, 17 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਕਿਸਾਨਾ ਤੇ ਜਬਰ ਢਹਾਉਣ ਤੇ ਮੋਦੀ ਦੇ ਚਹੇਤੇ ਖੱਟੜ ਨੇ ਅਰੰਗਜੇਬ ਨੂੰ ਵੀ ਮਾਤ ਪਾਈ ਗਿੱਲ ਬੇਰਕਲਾ ਬਲਾਕ ਕਾਗਰਸ ਮਲੋਦ ਦੇ ਪ੍ਰਧਾਨ ਤੇ ਬਲਾਕ ਸੰਮਤੀ ਮੈਂਬਰ ਗੁਰਮੇਲ ਸਿੰਘ ਗਿੱਲ ਬੇਰਕਲਾ ਨੇ ਕਿਹਾ ਕਿ ਬਲਾਕ ਕਾਗਰਸ ਮਲੋਦ ਕਿਸਾਨ ਵਰਗ ਦੇ ਦਿੱਲੀ ਵਿਖੇ ਚੱਲ ਰਹੇ ਸੰਘਰਸ਼ ਦੀ ਡੱਟ ਕੇ ਹਮਾਇਤ ਕਰੇਗੀ ਉਹਨਾ ਮੋਦੀ ਦੇ ਚਹੇਤੇ ਮੁੱਖ ਮੰਤਰੀ ਖੱਟੜ ਦੀ ਤੁਲਨਾ ਅਰੰਗਜੇਬ ਨਾਲ ਕੀਤੀ ਉਹਨਾ ਕਿਹਾ ਕਿ ਪਹਿਲਾ ਵੀ ਹਰਿਆਣੇ ਦੇ ਮੁੱਖ ਮੰਤਰੀ ਨੇ ਪੰਜਾਬ ਦੇ ਕਿਸਾਨਾ ਤੇ ਕਹਿਰ ਢਾਹ ਕੇ ਵੇਖ ਲਿਆ ਸੀ ਪਰ ਕਿਸਾਨ ਜਿੱਤ ਦੇ ਝੰਡੇ ਗੱਡ ਕੇ ਵਾਪਸ ਮੁੜੇ ਸਨ ਹੁਣ ਵੀ ਜਿੱਤ ਕਿਸਾਨ ਦੀ ਹੀ ਹੋਵੇਗੀ ਪ੍ਰਧਾਨ ਗਿੱਲ ਬੇਰਕਲਾ ਨੇ ਕਿਹਾ ਕਿ ਹਰਿਆਣੇ ਅੱਥਰੂ ਗੈਸ ਦੇ ਗੋਲੇ ਲਗਣ ਨਾਲ ਜਖਮੀ ਹੋਏ ਕਿਸਾਨਾ ਦੀ ਸਾਰ ਲੈਣ ਲਈ ਪੰਜਾਬ ਕਾਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਬੜਿੰਗ ਤਾ ਪਹੁੰਚੇ ਪਰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਨਾ ਤਾ ਕਿਸੇ ਕਿਸਾਨ ਦੀ ਸਾਰ ਲਈ ਨਾ ਹੀ ਜਖਮੀ ਕਿਸਾਨਾ ਦੀ ਮਦਤ ਲਈ ਕੋਈ ਪ੍ਰਬੰਧ ਕੀਤਾ ਇਸ ਤੋ ਪੰਜਾਬ ਸਰਕਾਰ ਦੀ ਨੀਤੀ ਅਤੇ ਨੀਅਤ ਦਾ ਪਤਾ ਚੱਲਦਾ ਹੈ ਉਹਨਾ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੂੰ ਕਿਸਾਨਾ ਦੇ ਸੰਘਰਸ ਦੀ ਹਮਾਇਤ ਕਰਨੀ ਚਾਹੀਦੀ ਹੈ ਉਹ ਐਬੂਲੈਂਸ ਗੱਡੀਆ ਡਾਕਟਰ ਅਤੇ ਦਵਾਈਆ ਕਿਸਾਨਾਂ ਲਈ ਉਪਲਬਧ ਕਰਵਾਉਣ ਤਾ ਜੋ ਕਿਸੇ ਕਿਸਾਨ ਨੂੰ ਦਿੱਕਤ ਨਾ ਆਵੇ ਕੈਪਸਨ ਬਲਾਕ ਕਾਗਰਸ ਮਲੋਦ ਦੇ ਪ੍ਰਧਾਨ ਗੁਰਮੇਲ ਸਿੰਘ ਗਿੱਲ ਬੇਰਕਲਾ ਕਿਸਾਨ ਵਰਗ ਦੇ ਸੰਘਰਸ਼ ਦੀ ਹਮਾਇਤ ਦਾ ਐਲਾਨ ਕਰਨ ਸਮੇ।

ਇਸ ਮੌਕੇ ਹੋਰਨਾ ਤੋ ਇਲਾਵਾ ਹਰਪ੍ਰੀਤ ਸਿੰਘ ਹੈਪੀ ਸਰਪੰਚ ਕੂਹਲੀ ਕਲਾ, ਕੁਲਵੰਤ ਸਿੰਘ ਸਿਉੜਾ, ਭਗਤ ਸਿੰਘ ਮਿੰਟੂ ਸਿਉੜਾ, ਪਵਨਦੀਪ ਸਿੰਘ ਕੂਹਲੀ ਖੁਰਦ, ਬਲਰਾਮ ਕੂਹਲੀ ਖੁਰਦ ਹਾਜਰ ਸਨ।

# ਸਕੂਲੀ ਬੱਚਿਆਂ ਨੂੰ ਟਰੈਫਿਕ ਨਿਯਮਾਂ ਸਬੰਧੀ ਜਾਣਕਾਰੀ ਦੇਣ ਲਈ ਸੈਮੀਨਾਰ ਆਯੋਜਿਤ



ਡੀ ਏ ਵੀ ਸਕੂਲ ਵਿਖੇ ਆਯੋਜਿਤ ਟਰੈਫਿਕ ਨਿਯਮਾਂ ਸਬੰਧੀ ਜਾਣਕਾਰੀ ਦੇਣ ਲਈ ਆਯੋਜਿਤ ਸੈਮੀਨਾਰ ਦਾ ਇਕ ਦ੍ਰਿਸ਼

**ਜੈਤੋਂ, 17 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਚੁੰਨੀਲਾਲ ਸਚਦੇਵਾ ਡੀ.ਏ.ਵੀ ਸਕੂਲ ਜੈਤੋ ਵਿਖੇ ਸੀਨੀਅਰ ਪੁਲਿਸ ਕਪਤਾਨ ਜ਼ਿਲਾ ਫਰੀਦਕੋਟ ਦੇ ਆਦੇਸ਼ਾਂ ਅਨੁਸਾਰ, ਸੜਕ ਸੁਰੱਖਿਆ ਨਿਯਮਾਂ ਬਾਰੇ ਬੱਚਿਆ ਨੂੰ ਜਾਣੂ ਕਰਵਾਉਣ ਸਬੰਧੀ ਸਕੂਲ ਵਿਖੇ ਇਕ ਸੈਮੀਨਾਰ ਕਰਵਾਇਆ ਗਿਆ। ਟ੍ਰੈਫਿਕ ਪੁਲਿਸ ਦੇ ਕਰਮਚਾਰੀਆ ਬਲਕਾਰ ਸਿੰਘ, ਮਨਦੀਪ ਸਿੰਘ ਅਤੇ ਭੋਲਾ ਸਿੰਘ ਹੌਲਦਾਰ ਆਦਿ ਵੱਲੋਂ ਸੜਕ ਸੁਰੱਖਿਆ ਨਿਯਮਾਂ ਬਾਰੇ ਬੱਚਿਆ ਨੂੰ ਵਿਸਥਾਰ ਪੂਰਬਕ ਜਾਣਕਾਰੀ ਦਿੱਤੀ ਗਈ। ਜਿਸ ਵਿੱਚ ਵਿਦਿਆਰਥੀਆਂ ਨੂੰ ਦੋ ਪਹੀਆ ਵਾਹਨ ਤੋਂ ਲੈ ਕੇ ਹਰੇਕ ਤਰ੍ਹਾਂ ਦੇ ਵਾਹਨ ਚਲਾਉਣ ਦੇ ਨਿਯਮਾਂ ਬਾਰੇ ਦੱਸਿਆ ਗਿਆ। ਓਹਨਾ ਦੱਸਿਆ ਕਿ ਕਿਸ ਤਰ੍ਹਾਂ ਚੱਲਦੇ ਵਕਤ ਸੱਜੇ ਪਾਸੇ ਅਤੇ ਖੱਬੇ ਪਾਸੇ ਦਾ ਧਿਆਨ ਰੱਖਣਾ ਚਾਹੀਦਾ ਹੈ। ਇਸ ਤੋਂ ਇਲਾਵਾ ਵਾਹਨ ਦੇ ਡਾਕੂਮੈਂਟ ਪੂਰੇ ਕਰਕੇ ਹੀ ਵਾਹਨ ਚਲਾਉਣਾ ਚਾਹੀਦਾ ਹੈ। ਓਵਰ ਸਪੀਡ ਗੱਡੀ ਨਹੀਂ ਚਲਾਉਣੀ ਚਾਹੀਦੀ, ਨਸ਼ਾ ਕਰਕੇ ਵਾਹਨ ਨਾ ਚਲਾਓ,ਵਾਹਨ ਚਲਾਉਂਦੇ ਸਮੇਂ ਮੋਬਾਇਲ ਫੋਨ ਦੀ ਵਰਤੋਂ ਨਹੀਂ ਕਰਨੀ ਚਾਹੀਦੀ ,ਹੈਲਮਟ ਦੀ ਵਰਤੋਂ ਜ਼ਰੂਰੀ ਹੈ, ਸੀਟ ਬੈਲਟ ਲਗਾ ਕੇ ਰੱਖਣੀ ਚਾਹੀਦੀ ਹੈ।

ਓਹਨਾ ਇਹ ਵੀ ਦਸਿਆ ਕਿ ਘੁਮਾਓਦਾਰ ਸੜਕਾਂ ਤੇ ਵਾਹਨ ਕਿਵੇਂ ਚਲਾਉਣਾ ਚਾਹੀਦਾ ਹੈ। ਅੰਡਰਪਾਸ ਅਤੇ ਓਵਰ ਬਰਿੱਜ ਆਦਿ ਬਾਰੇ ਵੀ ਬੱਚਿਆਂ ਨੂੰ ਜਾਣਕਾਰੀ ਦਿੱਤੀ ਗਈ। ਇਸ ਦੇ ਨਾਲ ਹੀ ਡਰਾਈਵਰਾਂ ਨੂੰ ਇੰਡਿਕੇਟਰ ਛੱਡਣ ਅਤੇ ਪਾਰਕਿੰਗ ਲਾਈਟਾਂ ਨਾ ਛੱਡਣ ਬਾਰੇ ਵੀ ਜਾਣਕਾਰੀ ਦਿੱਤੀ ਗਈ। ਸਕੂਲ ਦੇ ਮੁੱਖ ਅਧਿਆਪਕ ਸ਼੍ਰੀ ਮਾਨ ਮੋਹਿਤ ਗਰੋਵਰ ਜੀ ਨੇ ਇਸ ਟੀਮ ਦਾ ਤਹਿ ਦਿਲੋਂ ਧੰਨਵਾਦ ਕੀਤਾ।

# ਜ਼ਿਲ੍ਹਾ ਅਥਲੈਟਿਕ ਟੀਮ ਨੂੰ ਰਵਾਨਾ ਕਰਨ ਸੰਬੰਧੀ

**ਲੁਧਿਆਣਾ, 17 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਅਥਲੈਟਿਕਸ ਅਸੋਸੀਏਸ਼ਨ ਪਟਿਆਲਾ ਵੱਲੋਂ 19ਵੀਂ ਨੈਸ਼ਨਲ ਅੰਤਰ ਜ਼ਿਲ੍ਹਾ ਜੂਨੀਅਰ ਅਥਲੈਟਿਕਸ ਮੁਕਾਬਲੇ ਜੋ ਕਿ 16-18 ਤੋਂ ਫਰਵਰੀ 2024 ਨੂੰ ਅਹਿਮਦਾਬਾਦ (ਗੁਜਰਾਤ) ਵਿਖੇ ਹੋ ਰਹੇ ਹਨ। ਪਟਿਆਲਾ ਜ਼ਿਲ੍ਹੇ ਦੀ ਅਥਲੈਟਿਕਸ ਟੀਮ ਨੂੰ ਰਵਾਨਾ ਕੀਤਾ ਗਿਆ।

ਜ਼ਿਲ੍ਹਾ ਅਥਲੈਟਿਕਸ ਅਸੋਸੀਏਸ਼ਨ ਪਟਿਆਲਾ ਦੀ ਪ੍ਰਧਾਨ ਉਲੀਪੀਅਨ ਹਰਵੰਤ ਕੌਰ ਪੀ.ਪੀ.ਐਸ ਦੀ ਅਗਵਾਈ ਅਧੀਨ ਖਿਡਾਰੀਆਂ ਨੂੰ ਟਰੈਕ ਸੂਟ ਤਸਕੀਮ ਕੀਤੇ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਅੰਤਰ-14 ਲੜਕੇ ਅਤੇ ਲੜਕੀਆਂ (ਸੰਜੈ, ਜਸਕਰਨਜੋਤ ਸਿੰਘ, ਪ੍ਰਭਲੀਨ ਕੌਰ ਅਤੇ ਅਰੋਈ) ਉਮਰ ਵਰਗ-16 ਲੜਕੇ ਅਤੇ ਲੜਕੀਆਂ (ਹਰਸ਼ਦੀਪ ਸਿੰਘ, ਰਿਹਾਨ, ਗੁਰਮਨਦੀਪ ਕੌਰ ਅਤੇ ਅਦਿੱਤੀ) ਭਾਗ ਲੈਣਗੇ।

ਇਨ੍ਹਾਂ ਦੀ ਅਗਵਾਈ ਕੋਚ ਵਜੋਂ ਗੁਰਪਾਲ ਸਿੰਘ ਅਥਲੈਟਿਕਸ ਕੋਚ ਅਤੇ ਮੈਨੇਜਰ ਵਜੋਂ ਰਮਨਦੀਪ ਕੌਰ ਅਗਵਾਈ ਕਰਨਗੇ। ਇਹ ਜਾਣਕਾਰੀ ਜਨਰਲ ਸਕੱਤਰ ਹਰਭਜਨ ਸਿੰਘ ਸੰਧੂ ਜ਼ਿਲ੍ਹਾ ਅਥਲੈਟਿਕਸ ਐਸੋਸੀਏਸ਼ਨ ਪਟਿਆਲਾ ਵੱਲੋਂ ਦਿੱਤੀ ਗਈ। ਟੀਮ ਨੂੰ ਰਵਾਨਾ ਕਰਨ ਸਮੇਂ ਗੁਰਮੁੱਖ ਸਿੰਘ ਰਿਟਾਇਡ ਇੰਸਪੈਕਟਰ ਪੰਜਾਬ ਪੁਲੀਸ ਅਤੇ ਪਰਮਿੰਦਰ ਸਿੰਘ ਗਰੇਵਾਲ ਹਾਜ਼ਰ ਸਨ।

# ਆਉਣ ਵਾਲੀਆਂ ਚੋਣਾਂ ਵਿੱਚ ਲੋਕ ਆਮ ਆਦਮੀ ਪਾਰਟੀ ਨਾਲ ਖੜੇ ਹਨ : ਅੰਗਰੇਜ ਸਿੰਘ



**ਦਿਆਲਪੁਰਾ, 17 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਮ ਸਭਾ ਹਲਕਾ ਖੇਮਕਰਨ ਦੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅੰਗਰੇਜ ਸਿੰਘ ਅਕਬਰਪੁਰਾ ਨੇ ਕਿਹਾ ਕਿ ਪਿਛਲੇ ਦਿਨੀ ਹੋਈ ਵਿਸ਼ਾਲ ਰੈਲੀ ਵਿੱਚ ਲੋਕਾਂ ਦਾ ਠਾਠਾ ਮਾਰਦਾ ਇਕੱਠ ਦੇਖ ਕੇ ਵਿਰੋਧੀ ਪਾਰਟੀਆਂ ਦੀਆਂ ਨੀਂਦਾਂ ਉੱਡ ਗਈਆਂ ਹਨ। ਉਹਨਾਂ ਕਿਹਾ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਵੱਡੇ ਫਰਕ ਨਾਲ ਜਿੱਤ ਹਾਸਿਲ ਕਰੇਗੀ।

ਉਹਨਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਚੰਗੇ ਕੰਮਾਂ ਨੂੰ ਦੇਖ ਕੇ ਲੋਕ ਵੱਡੇ ਪੱਧਰ ਤੇ ਆਮ ਆਦਮੀ ਪਾਰਟੀ ਦੇ ਨਾਲ ਜੁੜ ਰਹੇ ਹਨ ਉਨ੍ਹਾਂ ਕਿਹਾ ਕਿ ਮਾਨ ਦੀ ਸਰਕਾਰ ਨੇ ਇਨ੍ਹਾਂ ਦੋ ਸਾਲ ਵਿੱਚ ਜੋ ਕੰਮ ਕਰਕੇ ਦਿਖਾਏ ਨੇ ਉਹ ਪਿਛਲੇ 70 ਸਾਲਾਂ ਵਿੱਚ ਨਹੀਂ ਹੋਏ ਸਨ ਉਨ੍ਹਾਂ ਕਿਹਾ ਕਿ ਹਲਕਾ ਖੇਮਕਰਨ ਵਿੱਚ ਵੀ ਵਿਧਾਇਕ ਸਰਵਨ ਸਿੰਘ ਧੁੰਨ ਦੀ ਰਹਿਨੁਮਾਈ ਹੇਠ ਪਿੰਡਾਂ ਵਿੱਚ ਚੰਗੇ ਹੋ ਰਹੇ ਵਿਕਾਸ ਕਾਰਜਾਂ ਨੂੰ ਵੇਖਦੇ ਹੋਏ ਲੋਕ ਬੇਹਦ ਖੁਸ਼ ਨਜ਼ਰ ਆ ਰਹੇ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਨਾਰਾ ਬੁਲੰਦ ਕਰਨਗੇ। ਇਸ ਮੌਕੇ ਅਮਰਜੀਤ ਸਿੰਘ, ਦਿਲਬਾਗ ਸਿੰਘ, ਰਣਜੀਤ ਸਿੰਘ ਵਪਾਰੀ ਬਲਵੰਤ ਸਿੰਘ ਯੋਧਵੀਰ ਸਿੰਘ ਪਰਮਿੰਦਰ ਸਿੰਘ ਜਸਬੀਰ ਸਿੰਘ ਆਦਿ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਕਿਸ਼ੋਰ ਅਵਸਥਾ ਵਿਚ ਹੀ ਵਿਦਿਆਰਥੀਆਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨਾ ਸਮੇਂ ਦੀ ਮੁੱਖ ਲੋੜ : ਟਿਵਾਣਾ

**ਪਟਿਆਲਾ, 17 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਜ ਸੇਵੀ ਸੰਸਥਾ ਯੂਵਕ ਸੇਵਾਵਾਂ ਕਲੱਬ ਦੀਪ ਨਗਰ ਅਤੇ ਪਾਵਰ ਹਾਊਸ ਯੂਥ ਕਲੱਬ ਵੱਲੋਂ ਸਰਕਾਰੀ ਕਾਲਜ ਕਰਮਸਰ ਰਾੜਾ ਸਾਹਿਬ ਦੇ ਰੈਡ ਰਿਬਨ ਕਲੱਬ, ਐਨ ਐਸ ਐਸ ਦੇ ਵਿਦਿਆਰਥੀਆਂ ਦੇ ਸਹਿਯੋਗ ਨਾਲ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲਾ ਭਾਰਤ ਸਰਕਾਰ ਵੱਲੋਂ ਸ਼ੁਰੂ ਕੀਤੇ ਗਏ ਨਸਾ ਮੁਕਤ ਭਾਰਤ ਅਭਿਆਨ ਅਤੇ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ ਮਿਸ਼ਨ ਤੰਦਰੁਸਤ ਪੰਜਾਬ ਤਹਿਤ ਨਸ਼ਿਆਂ ਵਿਰੋਧੀ ਜਾਗਰੂਕਤਾ ਸੈਮੀਨਾਰ ਦਾ ਆਯੋਜਨ ਪਟਿਆਲਾ ਵਿਖੇ ਕੀਤਾ ਗਿਆ। ਇਸ ਵਿਚ ਮੁੱਖ ਮਹਿਮਾਨ ਡੀ ਐਸ ਐਸ ਓ ਵਰਿੰਦਰ ਸਿੰਘ ਟਿਵਾਣਾ ਅਤੇ ਦਵਿੰਦਰ ਸਿੰਘ ਲੋਟੇ ਅਸਿਸਟੈਂਟ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਪ੍ਰਧਾਨਗੀ ਡਾ ਮਹੁੰਮਦ




ਇਰਫਾਨ ਪ੍ਰਿਸੀਪਲ ਸਰਕਾਰੀ ਕਾਲਜ ਕਰਮਸਰ ਰਾੜਾ ਸਾਹਿਬ ਅਤੇ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕੀਤੀ। ਵਿਸ਼ੇਸ਼ ਤੌਰ 'ਤੇ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਰੁਪਿੰਦਰ ਕੌਰ ਪ੍ਰਧਾਨ ਪਾਵਰ ਹਾਊਸ ਯੂਥ ਕਲੱਬ, ਰੁਦਰਪ੍ਰਤਾਪ ਸਿੰਘ ਪ੍ਰਧਾਨ ਯੂਵਕ ਸੇਵਾਵਾਂ ਕਲੱਬ ਦੀਪ ਨਗਰ, ਜਪਨੀਤ ਸਿੰਘ, ਜਸ਼ਨਜੋਤ ਸਿੰਘ ਨੇ ਸ਼ਿਰਕਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆ ਡੀ ਐਸ ਐਸ ਓ ਵਰਿੰਦਰ ਸਿੰਘ ਟਿਵਾਣਾ ਅਤੇ ਯੂਵਕ ਸੇਵਾਵਾਂ ਲੁਧਿਆਣਾ ਦੇ ਐਸਟਿਟ ਡਾਇਰੈਕਟਰ ਦਵਿੰਦਰ ਸਿੰਘ ਲੋਟੇ ਨੇ ਕਿਹਾ ਕਿ ਕਿਸ਼ੋਰ ਅਵਸਥਾ ਵਿਚ ਹੀ ਨੋਜਵਾਨਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨਾ ਚਾਹੀਦਾ ਹੈ ਤਾਂ ਜੋ ਉਹੋ ਨਸ਼ਿਆਂ ਦੀ ਦਲਦਲ ਵਿਚੋਂ ਫਸਣ ਤੋਂ ਬੱਚ ਸਕਣ। ਉਨ੍ਹਾਂ ਕਿਹਾ ਕਿ ਨਸ਼ਿਆਂ ਕਾਰਨ ਹਰ ਰੋਜ਼ ਨੌਜਵਾਨਾਂ ਦੀਆਂ ਮੌਤਾ ਹੋ ਰਹੀਆਂ ਹਨ ਜੋ ਕਿ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਕਿਹਾ ਕਿ ਐਨ ਐਸ ਐਸ ਅਤੇ ਰੈੱਡ ਰਿਬਨ ਕਲੱਬ ਦੇ ਵਿਦਿਆਰਥੀਆਂ ਵਲੋਂ ਨਸ਼ਿਆਂ ਵਿਰੁੱਧ ਲਾਮਬੰਦ ਹੋਣਾ ਬਹੁਤ ਹੀ ਪ੍ਰਸੰਸਾਯੋਗ ਹੈ। ਉਹਨਾਂ ਕਿਹਾ ਕਿ ਨਸ਼ੇ ਸਾਡੇ ਸਮਾਜ ਨੂੰ ਘੁਣ ਵਾਂਗ ਖੋਖਲਾ ਕਰਦੇ ਜਾ ਰਹੇ ਹਨ। ਇਸ ਲਈ ਸਾਨੂੰ ਸਾਰਿਆਂ ਨੂੰ ਇੱਕਮੁੱਠ ਹੋ ਕੇ ਨਸ਼ਿਆਂ ਵਿਰੁੱਧ ਲੜਨਾ ਚਾਹੀਦਾ ਹੈ ਤਾਂ ਹੀ ਅਸੀਂ ਨਸ਼ਿਆਂ ਨੂੰ ਜੜ੍ਹੋਂ ਖ਼ਤਮ ਕਰ ਸਕਾਂਗੇ। ਇਸ ਮੌਕੇ ਨੋਜਵਾਨਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਪ੍ਰਚਾਰ ਸਮੱਗਰੀ ਵੀ ਵੰਡੀ ਗਈ, ਇਸ ਮੌਕੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਵਲੋਂ ਨੋਜਵਾਨਾਂ ਨੂੰ ਨਸ਼ਿਆਂ ਵਿਰੁੱਧ ਚੱਲਣ ਲਈ ਸੋਹ ਵੀ ਚੁਕਾਈ ਗਈ।

# ਹੀਰੋ ਮੋਟੋਕਾਰਪ ਨੇ ਦੇਸ਼ ਭਰ ਦੇ ਗਾਹਕਾਂ ਲਈ ਬੁਕਿੰਗ ਖੋਲ੍ਹੀ

**ਲੁਧਿਆਣਾ, 17 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਾਈ ਪ੍ਰੀਮੀਅਮ ਸੈਗਮੈਂਟ ਵਿੱਚ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਕਰਦੇ ਹੋਏ, ਹੀਰੋ ਮੋਟੋਕਾਰਪ, ਦੁਨੀਆ ਦੀ ਸਭ ਤੋਂ ਵੱਡੀ ਸਕੂਟਰ ਅਤੇ ਮੋਟਰਸਾਈਕਲ ਨਿਰਮਾਤਾ, ਆਪਣੇ ਫਲੈਗਸ਼ਿਪ ਮੋਟਰਸਾਈਕਲ - Maverick 440 ਲਈ ਅੱਜ ਯਾਨੀ 17 ਫਰਵਰੀ 2024 ਤੋਂ ਬੁਕਿੰਗ ਸ਼ੁਰੂ ਕਰੇਗੀ। ਗ੍ਰਾਹਕ ਮਨੋਨੀਤ ਹੀਰੋ ਮੋਟੋਕਾਰਪ ਗਾਹਕ ਆਊਟਲੈਟਸ 'ਤੇ ਜਾ ਕੇ ਆਪਣੇ ਮੋਟਰਸਾਈਕਲ ਬੁੱਕ ਕਰ ਸਕਦੇ ਹਨ। ਜਾਂ ਮੋਟਰਸਾਈਕਲ ਨੂੰ www.heromotocorp.com 'ਤੇ ਡਿਜੀਟਲ ਰੂਪ ਵਿੱਚ ਵੀ ਬੁੱਕ ਕੀਤਾ ਜਾ ਸਕਦਾ ਹੈ। ਮੋਟਰਸਾਈਕਲ ਦੀ ਡਿਲਿਵਰੀ ਅਪ੍ਰੈਲ ਤੋਂ ਸ਼ੁਰੂ ਹੋਵੇਗੀ। ਸਾਲ ਦੀ ਸਭ ਤੋਂ ਵੱਧ ਉਡੀਕੀ ਜਾਣ ਵਾਲੀ ਮੋਟਰਸਾਈਕਲ ਦੇਸ਼ ਭਰ ਵਿੱਚ ਹੀਰੋ ਮੋਟੋਕਾਰਪ ਡੀਲਰਸ਼ਿਪਾਂ 'ਤੇ ਤਿੰਨ ਰੂਪਾਂ ਵਿੱਚ ਉਪਲਬਧ ਹੋਵੇਗੀ- ਬੇਸ (199,000 ਰੁਪਏ), ਮਿਡ (214,000 ਰੁਪਏ) ਅਤੇ ਟਾਪ (224,000 ਰੁਪਏ ਆਕਰਸ਼ਕ ਕੀਮਤ) ਵਿੱਚ। . *ਕੀਮਤਾਂ ਪੂਰੇ ਭਾਰਤ ਵਿੱਚ ਐਕਸ-ਸ਼ੋਰੂਮ ਹਨ। Hero MotoCorp 'ਵੈਲਕਮ ਟੂ ਮੈਵਰਿਕ ਕਲੱਬ ਆਫਰ' ਵੀ ਲਾਂਚ ਕਰ ਰਿਹਾ ਹੈ ਜੋ 15 ਮਾਰਚ ਤੋਂ ਪਹਿਲਾਂ Maverick 440 ਬੁੱਕ ਕਰਨ ਵਾਲੇ ਗਾਹਕਾਂ ਲਈ ਉਪਲਬਧ ਹੋਵੇਗਾ ਅਤੇ 10,000 ਰੁਪਏ ਦੇ ਸਮਾਨ ਅਤੇ ਵਪਾਰਕ ਸਮਾਨ ਦੀ ਵਿਸ਼ੇਸ਼ ਕਿੱਟ ਮਿਲੇਗੀ। ਨਿਰੰਜਨ ਗੁਪਤਾ, ਮੁੱਖ ਕਾਰਜਕਾਰੀ ਅਧਿਕਾਰੀ (ਸੀ.ਈ.ਓ.), ਹੀਰੋ ਮੋਟੋਕਾਰਪ, ਨੇ ਕਿਹਾ, ਸਾਡੀ ਪ੍ਰੀਮੀਅਮ ਯਾਤਰਾ ਉਹਨਾਂ ਗਾਹਕਾਂ ਲਈ ਬੁਕਿੰਗਾਂ ਦੇ ਨਾਲ ਪੂਰੇ ਜੋਸ਼ ਨਾਲ ਜਾਰੀ ਹੈ ਜੋ Maverick 440 ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹਨ। Harley-Davidson XDD@, Karizma The Maverick 440, ਇੱਕ ਵਿਲੱਖਣ ਏਕੀਕਰਨ। ਇੱਕ ਮਾਸਪੇਸ਼ੀ ਅਤੇ ਨੌਜਵਾਨ ਆਧੁਨਿਕ ਰੋਡਸਟਰ ਦਾ, ਹੁਣ ਪ੍ਰੀਮੀਅਮ ਹਿੱਸੇ ਵਿੱਚ ਸਾਡੀ ਯਾਤਰਾ ਨੂੰ ਹੋਰ ਤੇਜ਼ ਕਰੇਗਾ।

ਇਹ ਵਿਸਤਾਰ ਬੇਮਿਸਾਲ ਉਤਪਾਦ ਪ੍ਰਦਾਨ ਕਰਨ ਦੀ ਸਾਡੀ ਵਚਨਬੱਧਤਾ ਨੂੰ ਦਰਸਾਉਂਦਾ ਹੈ ਜੋ ਮੋਟਰਸਾਈਕਲ ਸਵਾਰਾਂ ਦੀਆਂ ਵਧਦੀਆਂ ਲੋੜਾਂ ਨੂੰ ਪੂਰਾ ਕਰਦੇ ਹਨ। ਅਸੀਂ ਆਪਣੇ ਵਫ਼ਾਦਾਰ ਗਾਹਕਾਂ ਦੀਆਂ ਵਿਭਿੰਨ ਲੋੜਾਂ ਨੂੰ ਪੂਰਾ ਕਰਨ ਲਈ ਲਗਾਤਾਰ ਯਤਨਸ਼ੀਲ ਹਾਂ।

# ਕਿਸਾਨਾਂ ਦੇ 'ਭਾਰਤ ਬੰਦ' ਦੇ ਸੱਦੇ ਨੂੰ ਭਰਵਾਂ ਹੁੰਗਾਰਾ

## ਦਿਹਾਤੀ ਖੇਤਰ ਦੀਆਂ ਮਾਰਕੀਟਾਂ ਰਹੀਆਂ ਬੰਦ ਅਤੇ ਸ਼ਹਿਰੀ ਆਵਾਜਾਈ ਹੋਈ ਠੱਪ, ਕਿਸਾਨਾਂ ਨੇ ਪੰਜਾਬ ਵਿੱਚ 100 ਤੋਂ ਵੱਧ ਥਾਵਾਂ 'ਤੇ ਦਿੱਤੇ ਧਰਨੇ

**ਚੰਡੀਗੜ੍ਹ, 17 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਯੁਕਤ ਕਿਸਾਨ ਮੋਰਚਾ ਵੱਲੋਂ ਅੱਜ ਖੇਤੀ ਨੂੰ ਬਚਾਉਣ ਲਈ ਅਤੇ ਪੂੰਜੀਪਤੀਆਂ ਵੱਲੋਂ ਕੀਤੀ ਜਾ ਰਹੀ ਲੁੱਟ ਦੇ ਖਿਲਾਫ ਦਿੱਤੇ ਭਾਰਤ ਬੰਦ ਦੇ ਸੱਦੇ ਨੂੰ ਭਰਵਾਂ ਹੁੰਗਾਰਾ ਮਿਲਿਆ ਹੈ। ਕਿਸਾਨ ਜਥੇਬੰਦੀਆਂ ਵੱਲੋਂ ਪੰਜਾਬ ਵਿੱਚ 100 ਤੋਂ ਵੱਧ ਥਾਵਾਂ 'ਤੇ ਰੋਸ ਪ੍ਰਦਰਸ਼ਨ ਕਰਕੇ ਆਵਾਜਾਈ ਠੱਪ ਕੀਤੀ ਗਈ ਹੈ। ਉਸੇ ਦੌਰਾਨ ਦਿਹਾਤੀ ਖੇਤਰ ਦੀਆਂ ਮਾਰਕੀਟਾਂ ਵੀ ਸਵੇਰ ਤੋਂ ਬੰਦ ਰਹੀਆਂ। ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਪਿੰਡਾਂ ਤੋਂ ਸ਼ਹਿਰਾਂ ਵਿੱਚ ਕੀਤੀ ਜਾਣ ਵਾਲੀ ਸਬਜ਼ੀਆਂ ਦੀ ਸਪਲਾਈ, ਫਲਾਂ ਦੀ ਸਪਲਾਈ ਅਤੇ ਹੋਰ ਸਾਰੀ ਸਪਲਾਈ ਵੀ ਰੋਕ ਦਿੱਤੀ ਗਈ ਹੈ।

ਇਸੇ ਦੌਰਾਨ ਕਾਂਗਰਸ ਪਾਰਟੀ ਵੱਲੋਂ ਪੰਜਾਬ ਵਿੱਚ ਕੁਝ ਥਾਵਾਂ 'ਤੇ ਭਾਜਪਾ ਆਗੂਆਂ ਦੇ ਘਰਾਂ ਦਾ ਵੀ ਘਿਰਾਓ ਕੀਤਾ ਗਿਆ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਅਗਵਾਈ ਹੇਠ ਕਾਂਗਰਸੀ ਵਰਕਰਾਂ ਨੇ ਚੰਡੀਗੜ੍ਹ ਦੇ ਸੈਕਟਰ ਤਿੰਨ ਵਿੱਚ ਸਥਿਤ ਹਰਿਆਣਾ ਭਾਜਪਾ ਦੇ ਦਫਤਰ ਦਾ ਘਿਰਾਓ ਕੀਤਾ। ਇਸ ਦੌਰਾਨ ਚੰਡੀਗੜ੍ਹ ਪੁਲਿਸ ਵੱਲੋਂ ਪ੍ਰਦਰਸ਼ਨਕਾਰੀਆਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਗਈ ਤਾਂ ਉੱਥੇ ਮਾਮੂਲੀ ਖਿੱਚ ਧੂ ਵੀ ਹੋਈ ਹੈ।





ਇਸੇ ਦੌਰਾਨ ਪੰਜਾਬ ਭਰ 'ਚ ਜਾਮ ਲੱਗਣ ਕਾਰਨ ਯਾਤਰੀਆਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਬੱਸਾਂ ਦਾ ਵੀ ਚੱਕਾ ਮੁਕੰਮਲ ਜਾਮ ਰਿਹਾ।
ਸੰਯੁਕਤ ਕਿਸਾਨ ਮੋਰਚਾ ਅਤੇ ਰਾਸ਼ਟਰੀ ਟਰੇਡ ਯੂਨੀਅਨਾਂ ਵੱਲੋਂ ਭਾਰਤ ਬੰਦ ਨੂੰ ਲੈ ਦਿੱਤੇ ਸੱਦੇ ਅਨੁਸਾਰ ਗੁਰਦਾਸਪੁਰ ਸਮੇਤ ਸਰਹੱਦੀ ਖੇਤਰ ਦੇ ਇਲਾਕੇ ਦੀਨਾਨਗਰ, ਦੌਰਾਂਗਲਾ, ਬਹਿਰਾਮਪੁਰ, ਨਰੋਟ ਸਿੰਘ ਜੈਮਲ ਸਮੇਤ ਤਾਰਗੜ, ਧਾਰੀਵਾਲ ਆਦਿ ਇਲਾਕੇ ਅੰਦਰ ਭਾਰਤ ਬੰਦ ਦੀ ਕਾਲ ਨੂੰ ਪੂਰਨ ਹੰਗਾਰਾ ਵੇਖਣ ਨੂੰ ਮਿਲ ਰਿਹਾ ਹੈ। ਇਸੇ ਨਾਲ ਜੇਕਰ ਪੈਟਰੋਲ ਪੰਪਾਂ ਦੀ ਗੱਲ ਕੀਤੀ ਜਾਵੇ ਤਾਂ ਕੁੱਝ ਥਾਵਾਂ ਤੇ ਪੈਟਰੋਲ ਪੰਪਾਂ ਵੀ ਬੰਦ ਮਿਲ ਰਹੇ ਹਨ ਪਰ ਰੋਜ਼ਾਨਾ ਲੋੜਵੰਦ ਦੁਕਾਨਾਂ ਮੈਡੀਕਲ ਸਟੋਰ, ਸ਼ਬਜੀਆਂ ਵਾਲੀ ਦੁਕਾਨ ਸਮੇਤ ਡੇਅਰੀ ਫਾਰਮ ਆਮ ਦਿਨਾਂ ਦੀ ਤਰ੍ਹਾਂ ਖੁੱਲੇ ਹਨ। ਸਰਕਾਰੀ ਅਤੇ ਪ੍ਰਾਈਵੇਟ ਬੱਸਾਂ ਬੰਦ ਹੋਣ ਕਾਰਨ ਆਮ ਲੋਕ ਨੂੰ ਰੋਜ਼ਾਨਾ ਦੀ ਤਰਾਂ ਜ਼ਰੂਰੀ ਕੰਮਕਾਰ 'ਤੇ ਆਉਣ ਜਾਣ 'ਚ ਕਾਫ਼ੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਸ ਕਾਰਨ ਲੋਕਾਂ ਨੂੰ ਖੱਜਲ-ਖੁਆਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਦੂਜੇ ਪਾਸੇ ਇਸ ਸੰਬੰਧੀ ਗੱਲਬਾਤ ਕਰਦੇ ਹੋਏ ਕਿਰਤੀ ਕਿਸਾਨ ਯੂਨੀਅਨ ਦੇ ਆਗੂ ਸਤਿਬੀਰ ਸਿੰਘ ਸੁਲਤਾਨੀ ਅਤੇ ਕੇਂਦਰੀ ਟਰੇਡ ਯੂਨੀਅਨ ਦੇ ਸੂਬਾ ਪ੍ਰਧਾਨ ਬਲਬੀਰ ਸਿੰਘ ਬੈਂਸ ਦੀ ਅਗਵਾਈ ਹੇਠਾਂ ਸਰਹੱਦੀ ਖੇਤਰ ਦੇ ਕਸਬਾ ਬਹਿਰਾਮਪੁਰ ਤੋਂ ਇਕ ਮੋਟਰਸਾਈਕਲ ਮਾਰਚ ਸ਼ੁਰੂ ਕੀਤਾ ਗਿਆ, ਜੋ ਇਲਾਕੇ ਦੇ ਕਰੀਬ 25 ਪਿੰਡਾਂ ਤੋਂ ਹੁੰਦਾ ਹੋਇਆ ਮੁੜ ਪਿੰਡ ਸੁਲਤਾਨੀ ਵਿਖੇ ਸਮਾਪਤ ਹੋਵੇਗਾ। ਦੀਨਾਨਗਰ ਸ਼ਹਿਰ ਮਾਝਾ ਕਿਸਾਨ ਸੰਘਰਸ਼ ਕਮੇਟੀ ਦੇ ਸੂਬਾ ਵਾਇਸ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ ਹੇਠਾਂ ਜਥੇਬੰਦੀ ਦੇ ਆਗੂ ਵੱਲੋਂ ਜੋ ਦੁਕਾਨਦਾਰ ਵੱਲੋਂ ਦੁਕਾਨਾਂ ਖੋਲ੍ਹੀਆਂ ਗਈਆਂ ਸਨ, ਉਨ੍ਹਾਂ ਨੂੰ ਬੰਦ ਕਰਵਾਇਆ ਗਿਆ ਹੈ।

ਇਸ ਮੌਕੇ ਗੁਰਦਾਸਪੁਰ ਬਾਈਪਾਸ 'ਤੇ ਕਿਸਾਨਾਂ ਵੱਲੋਂ ਵਿਸ਼ਾਲ ਧਰਨਾ ਵੀ ਦਿੱਤਾ ਗਿਆ। ਇਸ ਮੌਕੇ ਇਲਾਕੇ ਦੇ ਵੱਡੀ ਗਿਣਤੀ ਵਿਚ ਕਿਸਾਨ ਹਾਜ਼ਰ ਸਨ। ਦੂਜੇ ਪਾਸੇ ਪੁਲਸ ਪ੍ਰਸ਼ਾਸ਼ਨ ਵੱਲੋਂ ਸੁਰੱਖਿਆ ਨੂੰ ਲੈ ਚੱਪੇ-ਚੱਪੇ 'ਤੇ ਪੁਲਸ ਫੋਰਸ ਤਾਇਨਾਤ ਕੀਤੀ ਗਈ ਹੈ। ਇਸ ਮੌਕੇ ਥਾਣਾ ਮੁੱਖੀ ਦੀਨਾਨਗਰ ਮਨਦੀਪ ਸੰਲਗੋਰਤਾ ਨੇ ਦੱਸਿਆ ਕਿ ਪੁਲਸ ਪਾਰਟੀ ਵੱਲੋਂ ਇਲਾਕੇ ਅੰਦਰ ਪੂਰੀ ਤਾਂ ਨਾਲ ਨਜ਼ਰ ਰੱਖੀ ਜਾ ਰਹੀ ਹੈ ਕਿ ਕਿਸੇ ਤਰ੍ਹਾਂ ਦੇ ਕਿਸੇ ਸ਼ਰਾਰਤੀ ਅਨਸਰ ਵੱਲੋਂ ਕੋਈ ਗਲਤ ਹਰਕਤ ਕਰਨ ਦੀ ਕੋਸ਼ਿਸ਼ ਨਾ ਕੀਤੀ ਜਾਵੇ। ਵਿਆਹ ਸ਼ਾਦੀ ਸਮੇਤ ਹੋਰ ਜ਼ਰੂਰੀ ਕੰਮਕਾਰ ਵਾਲੇ ਵਾਹਨਾਂ ਨੂੰ ਪੂਰੀ ਤਾਂ ਸੁਰੱਖਿਅਤ ਆਪਣੀ ਮੰਜ਼ਿਲ 'ਤੇ ਪਹੁੰਚਣ ਲਈ ਪੁਲਸ ਫੋਰਸਾਂ ਦੀਆ ਟੀਮਾਂ ਗਸ਼ਤ ਕਰ ਰਹੀਆਂ ਹਨ। ਇਸੇ ਤਰ੍ਹਾਂ ਹੀ ਕਸਬਾ ਧਾਰੀਵਾਲ ਵਿਚ ਸਫਾਈ ਸੇਵਕਾਂ ਯੂਨੀਅਨ ਵੱਲੋਂ ਕੇਂਦਰ ਸਰਕਾਰ ਖ਼ਿਲਾਫ਼ ਰੋਸ ਮਾਰਚ ਕਰਕੇ ਰੋਸ ਪ੍ਰਦਰਸ਼ਨ ਕੀਤਾ ਗਿਆ, ਇਸ ਮੌਕੇ ਵੱਡੀ ਗਿਣਤੀ ਵਿਚ ਕਿਸਾਨ ਆਗੂ ਅਤੇ ਕਿਸਾਨ ਬੀਬੀਆਂ ਹਾਜ਼ਰ ਸਨ।

## ਲੁਧਿਆਣਾ 'ਚ ਕਿਸਾਨਾਂ ਨੇ ਫਰੀ ਕੀਤਾ ਲਾਡੋਵਾਲ ਟੋਲ ਪਲਾਜ਼ਾ




**ਲੁਧਿਆਣਾ, 17 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਨੈਸ਼ਨਲ ਹਾਈਵੇਅ 'ਤੇ ਸਥਿਤ ਲਾਡੋਵਾਲ ਟੋਲ ਪਲਾਜ਼ਾ 'ਤੇ ਅੱਜ ਭਾਰਤੀ ਕਿਸਾਨ ਯੂਨੀਅਨ ਚਢੂਨੀ ਦੇ ਕਾਰਕੁੰਨਾਂ ਵਲੋਂ 'ਭਾਰਤ ਬੰਦ' ਦੇ ਸੱਦੇ 'ਤੇ ਟੋਲ ਪਲਾਜ਼ਾ ਨੂੰ ਫਰੀ ਕਰ ਦਿੱਤਾ ਗਿਆ।

ਇਸ ਮੌਕੇ 'ਤੇ ਰੌਸ਼ਨ ਸਿੰਘ ਸਾਗਰ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਅੱਜ ਭਾਰਤੀ ਕਿਸਾਨ ਯੂਨੀਅਨ ਚਢੂਨੀ ਵਲੋਂ 4 ਘੰਟਿਆਂ ਲਈ ਟੋਲ ਪਲਾਜ਼ਾ ਫਰੀ ਕਰਾਇਆ ਗਿਆ ਹੈ। ਇਸ ਦੌਰਾਨ ਕਿਸੇ ਵੀ ਵਾਹਨ ਚਾਲਕ ਤੋਂ ਕੋਈ ਵੀ ਟੋਲ ਟੈਕਸ ਵਸੂਲ ਨਹੀਂ ਕਰਨ ਦਿੱਤਾ ਜਾਵੇਗਾ। ਟੋਲ ਟੈਕਸ ਦੁਪਹਿਰ 12 ਵਜੇ ਤੋਂ ਫਰੀ ਕੀਤਾ ਗਿਆ, ਜੋ ਕਿ ਸ਼ਾਮ 4 ਵਜੇ ਤੱਕ ਫਰੀ ਰਿਹਾ।

## ਪੰਜਾਬ ਦੇ ਮੁੱਖ ਚੋਣ ਅਧਿਕਾਰੀ ਵੱਲੋਂ ਸਾਰੇ ਡਿਪਟੀ ਕਮਿਸ਼ਨਰਾਂ ਨੂੰ 'ਇਸ ਵਾਰ 70 ਪਾਰ' ਵੋਟ ਪ੍ਰਤੀਸ਼ਤ ਦਾ ਟੀਚਾ

### ਲੋਕ ਸਭਾ ਚੋਣਾਂ 2024 ਦੀਆਂ ਤਿਆਰੀਆਂ ਬਾਬਤ ਸਿਬਿਨ ਸੀ. ਵੱਲੋਂ ਡੀਸੀਜ਼ ਨਾਲ ਸਮੀਖਿਆ ਮੀਟਿੰਗ




**ਚੰਡੀਗੜ੍ਹ, 17 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ. ਨੇ ਲੋਕ ਸਭਾ ਚੋਣਾਂ-2024 ਦੀਆਂ ਤਿਆਰੀਆਂ ਬਾਬਤ ਸੂਬੇ ਦੇ ਸਾਰੇ ਡਿਪਟੀ ਕਮਿਸ਼ਨਰਾਂ-ਕਮ-ਜ਼ਿਲ੍ਹਾ ਚੋਣ ਅਧਿਕਾਰੀਆਂ ਨਾਲ ਅੱਜ ਵੀਡੀਓ ਕਾਨਫਰੰਸਿੰਗ ਜ਼ਰੀਏ ਇਕ ਅਹਿਮ ਮੀਟਿੰਗ ਕੀਤੀ। ਉਨ੍ਹਾਂ ਸਾਰੇ ਡਿਪਟੀ ਕਮਿਸ਼ਨਰਾਂ ਨੂੰ 'ਇਸ ਵਾਰ 70 ਪਾਰ' ਵੋਟ ਪ੍ਰਤੀਸ਼ਤ ਦਾ ਟੀਚਾ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ।

ਸਿਬਿਨ ਸੀ. ਨੇ ਕਿਹਾ ਕਿ ਸਾਰੇ ਡਿਪਟੀ ਕਮਿਸ਼ਨਰ 70 ਫੀਸਦੀ ਤੋਂ ਜ਼ਿਆਦਾ ਵੋਟਾਂ ਪਵਾਉਣ ਲਈ ਕੋਸ਼ਿਸ਼ਾਂ ਤੇਜ਼ ਕਰਨ। ਉਨ੍ਹਾਂ ਕਿਹਾ ਕਿ ਪਿਛਲੀਆਂ ਚੋਣਾਂ ਦੌਰਾਨ ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਵਿਚੋਂ ਜਿਨ੍ਹਾਂ ਇਲਾਕਿਆਂ ਵਿਚ ਵੋਟ ਪ੍ਰਤੀਸ਼ਤ ਘੱਟ ਰਹੀ ਸੀ, ਉਨ੍ਹਾਂ ਖੇਤਰਾਂ ਦੀ ਨਿਸ਼ਾਨਦੇਹੀ ਕਰਕੇ ਉੱਥੇ ਵੋਟ ਪ੍ਰਤੀਸ਼ਤ ਵਧਾਉਣ ਲਈ ਕੰਮ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਇਹ ਟੀਚਾ ਪ੍ਰਾਪਤ ਕਰਨ ਲਈ ਚੋਣ ਕਮਿਸ਼ਨ ਵੱਲੋਂ ਭੇਜੀਆਂ ਪਬਲੀਸਿਟੀ ਮੋਬਾਈਲ ਵੈਨਾਂ, ਜਾਗਰੂਕ ਮੁਹਿੰਮਾਂ ਅਤੇ ਹੋਰ ਸਾਧਨਾਂ ਦੀ ਮਦਦ ਲਈ ਜਾਵੇ। ਉਨ੍ਹਾਂ ਨਿਰਦੇਸ਼ ਦਿੱਤੇ ਕਿ ਵੋਟ ਪ੍ਰਤੀਸ਼ਤਤਾ ਵਧਾਉਣ ਲਈ ਗਤੀਵਿਧੀਆਂ ਹੋਰ ਤੇਜ਼ ਕੀਤੀਆਂ ਜਾਣ। ਲੋਕਾਂ ਨੂੰ ਵੱਧ ਤੋਂ ਵੱਧ ਵੋਟ ਅਧਿਕਾਰ ਦੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ ਜਾਵੇ।

ਉਨ੍ਹਾਂ ਅੱਗੇ ਕਿਹਾ ਕਿ ਚੋਣਾਂ ਵਾਲੇ ਦਿਨਾਂ ਵਿਚ ਪ੍ਰਾਪਤ ਹੋਈ ਕਿਸੇ ਵੀ ਪ੍ਰਕਾਰ ਦੀ ਸ਼ਿਕਾਇਤ ਦਾ ਨਿਪਟਾਰਾ ਭਾਰਤੀ ਚੋਣ ਕਮਿਸ਼ਨ ਵੱਲੋਂ ਨਿਰਧਾਰਿਤ ਸਮਾਂ ਸੀਮਾ ਅੰਦਰ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸਾਰੇ ਜ਼ਿਲ੍ਹੇ ਸਮੇਂ-ਸਮੇਂ 'ਤੇ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗਾਂ ਕਰਦੇ ਰਹਿਣ ਅਤੇ ਉਨ੍ਹਾਂ ਨੂੰ ਚੋਣ ਕਮਿਸ਼ਨ ਦੇ ਨਿਯਮਾਂ ਅਤੇ ਹਦਾਇਤਾਂ ਬਾਰੇ ਜਾਣੂੰ ਕਰਵਾਉਣ, ਇਸ ਨਾਲ ਸ਼ਿਕਾਇਤਾਂ ਵਿਚ ਕਮੀ ਆਵੇਗੀ।

ਮੁੱਖ ਚੋਣ ਅਧਿਕਾਰੀ ਨੇ ਡਿਪਟੀ ਕਮਿਸ਼ਨਰਾਂ ਨੂੰ ਕਿਹਾ ਕਿ ਜ਼ਿਲ੍ਹੇ ਦੇ ਅਹਿਮ ਲੋਕਾਂ ਦੀਆਂ ਵੋਟਾਂ ਚੈੱਕ ਕਰ ਲਈਆਂ ਜਾਣ ਕਿ ਵੋਟਾਂ ਬਣੀਆਂ ਹੋਈਆਂ ਹਨ ਜਾਂ ਨਹੀਂ ਤਾਂ ਜੋ ਚੋਣ ਪ੍ਰਕਿਰਿਆ ਦੌਰਾਨ ਇਸ ਬਾਬਤ ਕੋਈ ਦਿੱਕਤ ਨਾ ਆਵੇ। ਉਨ੍ਹਾਂ ਦੱਸਿਆ ਕਿ ਚੋਣਾਂ ਨੂੰ ਸੁਚਾਰੂ ਢੰਗ ਨਾਲ ਨੇਪਰੇ ਚੜ੍ਹਾਉਣ ਲਈ 12 ਤੋਂ 17 ਫਰਵਰੀ ਤੱਕ ਪੰਜਾਬ ਦੇ ਸਾਰੇ 117 ਵਿਧਾਨ ਸਭਾ ਹਲਕਿਆਂ ਦੇ ਸਹਾਇਕ ਰਿਟਰਨਿੰਗ ਅਧਿਕਾਰੀਆਂ (ਏਆਰਓ) ਦੀ ਚੰਡੀਗੜ੍ਹ ਅਤੇ ਅੰਮ੍ਰਿਤਸਰ ਵਿਖੇ ਸਿਖਲਾਈ ਕਰਵਾਈ ਗਈ ਹੈ।

ਸਿਬਿਨ ਸੀ. ਨੇ ਸਾਰੇ ਡਿਪਟੀ ਕਮਿਸ਼ਨਰਾਂ-ਕਮ-ਜ਼ਿਲ੍ਹਾ ਚੋਣ ਅਧਿਕਾਰੀਆਂ ਨੂੰ ਲੋਕ ਸਭਾ ਚੋਣਾਂ-2024 ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਨੇਪਰੇ ਚੜ੍ਹਾਉਣ ਲਈ ਵੀ ਪ੍ਰੇਰਿਤ ਕੀਤਾ। ਉਨ੍ਹਾਂ ਚੋਣਾਂ ਨਾਲ ਸਬੰਧਤ ਸਾਰੇ ਪਹਿਲੂਆਂ ਦੀ ਸਮੀਖਿਆ ਕੀਤੀ ਅਤੇ ਡੀਸੀਜ਼ ਤੋਂ ਉਨ੍ਹਾਂ ਦੀ ਫੀਡਬੈਕ ਲਈ ਅਤੇ ਵਿਚਾਰ ਜਾਣੇ।

ਬਹੁਤੇ ਡਿਪਟੀ ਕਮਿਸ਼ਨਰਾਂ ਨੇ ਚੋਣ ਤਿਆਰੀਆਂ ਮੁਕੰਮਲ ਹੋਣ ਦੀ ਗੱਲ ਕਹੀ ਅਤੇ ਜਿਨ੍ਹਾਂ ਜ਼ਿਲ੍ਹਿਆਂ ਵਿਚ ਥੋੜ੍ਹੀ ਕਮੀ-ਪੇਸ਼ੀ ਹੈ ਉਨ੍ਹਾਂ ਜਲਦ ਇਸ ਨੂੰ ਦੂਰ ਕਰਨ ਦਾ ਭਰੋਸਾ ਦਿੱਤਾ। ਮੀਟਿੰਗ ਦੌਰਾਨ ਵਧੀਕ ਮੁੱਖ ਚੋਣ ਅਧਿਕਾਰੀ ਅਭਿਜੀਤ ਕਪਲਿਸ਼ ਅਤੇ ਸੀਈਓ ਦਫਤਰ ਦੇ ਹੋਰ ਉੱਚ ਅਧਿਕਾਰੀ ਹਾਜ਼ਰ ਸਨ।

## ਰਿਸ਼ਵਤ ਦੇ ਮਾਮਲੇ ਵਿੱਚ ਖੇਤਰੀ ਪਾਸਪੋਰਟ ਅਫਸਰ ਅਤੇ ਦੋ ਸਹਾਇਕ ਪਾਸਪੋਰਟ ਅਫਸਰਾਂ

**ਚੰਡੀਗੜ੍ਹ, 17 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀਬੀਆਈ ਨੇ ਰਿਸ਼ਵਤ ਦੇ ਮਾਮਲੇ ਵਿੱਚ ਖੇਤਰੀ ਪਾਸਪੋਰਟ ਅਫਸਰ ਅਤੇ ਦੋ ਸਹਾਇਕ ਪਾਸਪੋਰਟ ਅਫਸਰਾਂ ਨੂੰ ਗ੍ਰਿਫਤਾਰ ਕੀਤਾ; ਤਲਾਸ਼ੀ ਦੌਰਾਨ 20 ਲੱਖ ਰੁਪਏ ਦੀ ਨਕਦੀ ਬਰਾਮਦ ਹੋਈ

ਕੇਂਦਰੀ ਜਾਂਚ ਬਿਊਰੋ (ਸੀਬੀਆਈ) ਨੇ ਇੱਕ ਸ਼ਿਕਾਇਤ 'ਤੇ ਪਾਸਪੋਰਟ ਜਾਰੀ ਕਰਨ ਨਾਲ ਸਬੰਧਤ ਰਿਸ਼ਵਤ ਦੇ ਮਾਮਲੇ ਵਿੱਚ ਖੇਤਰੀ ਪਾਸਪੋਰਟ ਦਫਤਰ, ਜਲੰਧਰ ਦੇ ਤਿੰਨ ਅਧਿਕਾਰੀਆਂ ਨੂੰ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ ਵਿੱਚ ਇੱਕ ਖੇਤਰੀ ਪਾਸਪੋਰਟ ਅਫਸਰ (ਆਰਪੀਓ) ਅਤੇ ਦੋ ਸਹਾਇਕ ਪਾਸਪੋਰਟ ਅਫਸਰ (ਏਪੀਓ) ਸ਼ਾਮਲ ਹਨ।
ਸੀਬੀਆਈ ਨੇ ਇੱਕ ਸ਼ਿਕਾਇਤ 'ਤੇ ਖੇਤਰੀ ਪਾਸਪੋਰਟ ਦਫ਼ਤਰ, ਜਲੰਧਰ ਦੇ ਇੱਕ ਸਹਾਇਕ ਪਾਸਪੋਰਟ ਅਧਿਕਾਰੀ ਵਿਰੁੱਧ ਕੇਸ ਦਰਜ ਕੀਤਾ ਹੈ। ਦੋਸ਼ ਸੀ ਕਿ ਸ਼ਿਕਾਇਤਕਰਤਾ ਨੇ ਆਪਣੀ ਪੋਤੀ ਅਤੇ ਪੋਤੇ ਦੇ ਸਬੰਧ ਵਿੱਚ ਨਵੇਂ ਪਾਸਪੋਰਟ ਲਈ ਅਪਲਾਈ ਕੀਤਾ ਸੀ। ਜਦੋਂ ਸ਼ਿਕਾਇਤਕਰਤਾ ਉਕਤ ਦੋ ਪਾਸਪੋਰਟਾਂ ਦੀ ਸਥਿਤੀ ਦੀ ਜਾਂਚ ਕਰਨ ਲਈ ਮੁਲਜ਼ਮ ਏਪੀਓ ਨੂੰ ਮਿਲਿਆ ਤਾਂ ਮੁਲਜ਼ਮਾਂ ਨੇ ਪਾਸਪੋਰਟ ਜਾਰੀ ਕਰਨ ਬਦਲੇ ਕਥਿਤ ਤੌਰ 'ਤੇ 25,000/- ਰੁਪਏ ਦੀ ਰਿਸ਼ਵਤ ਦੀ ਮੰਗ ਕੀਤੀ। ਇਹ ਵੀ ਦੋਸ਼ ਲਾਇਆ ਗਿਆ ਹੈ ਕਿ ਮੁਲਜ਼ਮਾਂ ਨੇ ਸ਼ਿਕਾਇਤਕਰਤਾ ਨੂੰ ਦੱਸਿਆ ਕਿ ਰਿਸ਼ਵਤ ਦੀ ਰਕਮ ਆਰਪੀਓ ਅਤੇ ਇੱਕ ਹੋਰ ਏਪੀਓ ਦੇ ਨਿਰਦੇਸ਼ਾਂ 'ਤੇ ਸਵੀਕਾਰ ਕੀਤੀ ਜਾਂਦੀ ਹੈ ਅਤੇ ਇਹ ਉਨ੍ਹਾਂ ਦਰਮਿਆਨ ਸਾਂਝੀ ਕੀਤੀ ਜਾਂਦੀ ਹੈ। ਸੀਬੀਆਈ ਨੇ ਜਾਲ ਵਿਛਾ ਕੇ ਮੁਲਜ਼ਮ ਏਪੀਓ ਨੂੰ 25,000/- ਰੁਪਏ ਦੀ ਰਿਸ਼ਵਤ ਦੀ ਮੰਗ ਕਰਦੇ ਅਤੇ ਸਵੀਕਾਰ ਹੋਏ ਰੰਗੇ ਹੱਥੀਂ ਗ੍ਰਿਫਤਾਰ ਕਰ ਲਿਆ। ਇਸ ਤੋਂ ਬਾਅਦ ਖੇਤਰੀ ਪਾਸਪੋਰਟ ਦਫ਼ਤਰ, ਜਲੰਧਰ ਦੇ ਆਰਪੀਓ ਅਤੇ ਇੱਕ ਹੋਰ ਏਪੀਓ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ।
ਮੁਲਜ਼ਮਾਂ ਦੇ ਰਿਹਾਇਸ਼ੀ ਸਥਾਨਾਂ ਅਤੇ ਦਫ਼ਤਰਾਂ ਦੀ ਤਲਾਸ਼ੀ ਲਈ ਜਾ ਰਹੀ ਹੈ। ਹੁਣ ਤੱਕ ਲਗਭਗ 20 ਲੱਖ ਰੁਪਏ ਦੀ ਨਕਦੀ (ਲਗਭਗ) ਅਤੇ ਇਤਰਾਜ਼ਯੋਗ ਦਸਤਾਵੇਜ਼ ਜ਼ਬਤ ਕੀਤੇ ਗਏ ਹਨ।

## ਕੌਮੈਡਕੇ - ਕਰਨਾਟਕ ਦੀ ਪ੍ਰਮੁੱਖ ਇੰਜੀਨੀਅਰਿੰਗ ਦਾਖਲਾ ਪ੍ਰੀਖਿਆ ਲਈ ਅਰਜ਼ੀਆਂ ਖੁੱਲ੍ਹੀਆਂ




**ਚੰਡੀਗੜ੍ਹ, 17 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿਛਲੇ ਪੰਜ ਦਹਾਕਿਆਂ ਵਿੱਚ ਕਰਨਾਟਕ ਉੱਚ ਸਿੱਖਿਆ ਦੇ ਖੇਤਰ ਵਿੱਚ ਇੱਕ ਥੰਮ ਵਜੋਂ ਖੜ੍ਹਾ ਰਿਹਾ ਹੈ। ਇੰਜੀਨੀਅਰਿੰਗ ਵਿੱਚ ਆਪਣਾ ਕਰੀਅਰ ਬਣਾਉਣ ਦੀ ਇੱਛਾ ਰੱਖਣ ਵਾਲਿਆਂ ਲਈ ਇਹ ਹਮੇਸ਼ਾ ਤੋਂ ਇੱਕ ਪਸੰਦੀਦਾ ਸਥਾਨ ਬਣਿਆ ਹੋਇਆ ਹੈ। ਇਸ ਦਾ ਕਾਰਨ ਕਿ ਇਸਦੇ ਵਿਭਿੰਨਤਾਪੂਰਣ ਕਾਲਜਾਂ ਦੀ ਵਿਸ਼ਾਲ ਸ਼੍ਰੇਣੀ, ਸ਼ਾਨਦਾਰ ਵਿੱਦਿਅਕ ਸਹੂਲਤਾਂ ਅਤੇ ਗ੍ਰੈਜੂਏਸ਼ਨ ਤੋਂ ਬਾਅਦ ਉੱਚ ਜਾੱਬ ਪਲੇਸਮੈਂਟ ਦਰ ਦਾ ਸ਼ਾਨਦਾਰ ਟਰੈਕ ਰਿਕਾਰਡ ਹੈ। ਉੱਚ ਸਿੱਖਿਆ ਪ੍ਰਤੀ ਰਾਜ ਦੀ ਪ੍ਰਤੀਬੱਧਤਾ ਨੇ ਹੁਨਰਮੰਦ ਪੇਸ਼ੇਵਰਾਂ ਦਾ ਇੱਕ ਵੱਡਾ ਪੂਲ ਤਿਆਰ ਕੀਤਾ ਹੈ, ਜਿਸ ਨੇ ਵਿਸ਼ਵ ਪੱਧਰ 'ਤੇ ਮਹੱਤਵਪੂਰਨ ਮੰਗ ਨੂੰ ਆਪਣੇ ਵੱਲ ਆਕਰਸ਼ਿਤ ਕੀਤਾ ਹੈ। ਕੌਮੈਡਕੇ ਯੂਜੀਈਟੀ ਅਤੇ ਯੂਨੀਗੇਜ਼ ਦਾਖ਼ਲਾ ਪ੍ਰੀਖਿਆ ਐਤਵਾਰ, ਮਈ 12, 2024 ਨੂੰ ਇੱਕ ਸੰਯੁਕਤ ਪ੍ਰੀਖਿਆ ਦੇ ਰੂਪ ਵਿੱਚ ਆਯੋਜਿਤ ਹੋਣ ਵਾਲੀ ਹੈ ਜਿਸ ਵਿੱਚ ਕ੍ਰਮਵਾਰ: ਕਰਨਾਟਕ ਦੇ 150 ਤੋਂ ਵੱਧ ਇੰਜਨੀਅਰਿੰਗ ਕਾਲਜਾਂ ਅਤੇ ਭਾਰਤ ਭਰ ਦੀਆਂ 50+ ਤੋਂ ਵੱਧ ਨਾਮਵਰ ਨਿੱਜੀ ਅਤੇ ਡੀਮਡ ਯੂਨੀਵਰਸਿਟੀਆਂ ਵਿੱਚ ਦਾਖ਼ਲੇ ਲਈ ਅਪਲਾਈ ਕੀਤਾ ਜਾ ਸਕਦਾ ਹੈ।ਇਹ ਏਕੀਕ੍ਰਿਤ ਪ੍ਰੀਖਿਆ ਕਰਨਾਟਕ ਅਨਏਡਿਡ ਪ੍ਰਾਈਵੇਟ ਇੰਜੀਨੀਅਰਿੰਗ ਕਾਲਜ ਐਸੋਸੀਏਸ਼ਨ (ਕੁਪੇਕਾ) ਅਤੇ ਯੂਨੀਗੇਜ ਮੈਂਬਰ ਯੂਨੀਵਰਸਿਟੀਆਂ ਨਾਲ ਸੰਬੰਧਿਤ ਕਾਲਜਾਂ ਲਈ ਵਿਸੇਸ਼ ਰੂਪ ਵਿੱਚ ਤਿਆਰ ਕੀਤੀ ਗਈ ਹੈ, ਜੋ ਬੀਈ/ਬੀਟੈੱਕ ਪ੍ਰੋਗਰਾਮ ਪੇਸ਼ ਕਰਦੇ ਹਨ। ਔਨਲਾਈਨ ਪ੍ਰੀਖਿਆ ਭਾਰਤ ਦੇ 200+ ਸ਼ਹਿਰਾਂ ਵਿੱਚ 400+ ਪ੍ਰੀਖਿਆ ਕੇਂਦਰਾਂ 'ਤੇ ਆਯੋਜਿਤ ਕੀਤੀ ਜਾਵੇਗੀ। ਇਸ ਸਾਲ, ਉਮੀਦ ਹੈ ਕਿ 1,00,000 ਤੋਂ ਵੱਧ ਵਿਦਿਆਰਥੀ ਪ੍ਰੀਖਿਆ ਵਿੱਚ ਸ਼ਾਮਲ ਹੋਣਗੇ।ਪੂਰੇ ਭਾਰਤ ਦੇ ਉਮੀਦਵਾਰ ਪ੍ਰੀਖਿਆ ਲਈ ਅਰਜ਼ੀ ਦੇ ਸਕਦੇ ਹਨ।

## ਪ੍ਰਧਾਨ ਮੰਤਰੀ ਨੇ ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼ (ਏਮਜ਼) ਦਾ ਨੀਂਹ ਪੱਥਰ ਰੱਖਿਆ



**ਰੇਵਾੜੀ (ਹਰਿਆਣਾ), 17 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁੱਕਰਵਾਰ ਨੂੰ ਇੱਥੇ ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼ (ਏਮਜ਼) ਦਾ ਨੀਂਹ ਪੱਥਰ ਰੱਖਿਆ। ਉਸਨੇ ਰਾਸ਼ਟਰ ਨੂੰ ਸਮਰਪਿਤ ਕੀਤਾ ਅਤੇ 9,770 ਕਰੋੜ ਰੁਪਏ ਤੋਂ ਵੱਧ ਦੇ ਸ਼ਹਿਰੀ ਆਵਾਜਾਈ, ਸਿਹਤ, ਰੇਲ ਅਤੇ ਸੈਰ-ਸਪਾਟਾ ਖੇਤਰ ਨਾਲ ਸਬੰਧਤ ਕਈ ਵਿਕਾਸ ਪ੍ਰਾਜੈਕਟਾਂ ਦਾ ਨੀਂਹ ਪੱਥਰ ਵੀ ਰੱਖਿਆ। ਲਗਪਗ 1,650 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲਾ ਏਮਜ਼-ਰੇਵਾੜੀ ਪਿੰਡ ਮਾਜਰਾ ਭਲਖੀ ਵਿੱਚ 203 ਏਕੜ ਜ਼ਮੀਨ ਵਿੱਚ ਵਿਕਸਤ ਕੀਤਾ ਜਾਵੇਗਾ। ਅਧਿਕਾਰੀਆਂ ਨੇ ਕਿਹਾ ਕਿ ਹਰਿਆਣਾ ਅਤੇ ਆਸ-ਪਾਸ ਦੇ ਰਾਜਾਂ ਰਾਜਸਥਾਨ, ਦਿੱਲੀ ਅਤੇ ਉੱਤਰ ਪ੍ਰਦੇਸ਼ ਦੇ ਨਾਗਰਿਕਾਂ ਨੂੰ ਏਮਜ਼-ਰੇਵਾੜੀ ਵਿਖੇ ਮੁਹੱਈਆ ਕਰਵਾਈਆਂ ਜਾਣ ਵਾਲੀਆਂ ਰਿਆਇਤੀ ਸਿਹਤ ਸੰਭਾਲ ਸਹੂਲਤਾਂ ਦਾ ਬਹੁਤ ਲਾਭ ਹੋਵੇਗਾ। ਇਸ ਵਿੱਚ 720 ਬਿਸਤਰੇ, 100 ਸੀਟਾਂ ਵਾਲਾ ਇੱਕ ਮੈਡੀਕਲ ਕਾਲਜ, 60 ਸੀਟਾਂ ਵਾਲਾ ਇੱਕ ਨਰਸਿੰਗ ਕਾਲਜ, 30 ਬਿਸਤਰਿਆਂ ਵਾਲਾ ਇੱਕ ਆਯੂਸ਼ ਬਲਾਕ, ਫੈਕਲਟੀ ਅਤੇ ਸਟਾਫ਼ ਲਈ ਰਿਹਾਇਸ਼, ਅੰਡਰ-ਗਰੈਜੂਏਟ ਅਤੇ ਪੋਸਟ-ਗ੍ਰੈਜੂਏਟ ਵਿਦਿਆਰਥੀਆਂ ਲਈ ਹੋਸਟਲ ਦੀ ਰਿਹਾਇਸ਼, ਇੱਕ ਰੈਣ ਬਸੇਰਾ ਅਤੇ ਏ. ਗੈਸਟ ਹਾਊਸ ਆਦਿ ਪ੍ਰਧਾਨ ਮੰਤਰੀ ਸਵਾਸਥ ਸੁਰੱਖਿਆ ਯੋਜਨਾ ਦੇ ਤਹਿਤ ਸਥਾਪਿਤ ਏਮਜ਼-ਰੇਵਾੜੀ ਹਰਿਆਣਾ ਦੇ ਲੋਕਾਂ ਨੂੰ ਵਿਆਪਕ, ਗੁਣਵੱਤਾ ਅਤੇ ਸੰਪੂਰਨ ਤੀਸਰੀ-ਸੰਭਾਲ ਸਿਹਤ ਸੇਵਾਵਾਂ ਪ੍ਰਦਾਨ ਕਰੇਗਾ।

## ਸ਼ੰਭੂ ਮੋਰਚੇ 'ਚ ਕਿਸਾਨ ਦੀ ਮੌਤ; ਗੁਰਦਾਸਪੁਰ ਜ਼ਿਲ੍ਹੇ ਦੇ ਚਾਚੋਕੇ ਦਾ ਵਸਨੀਕ ਸੀ ਬਜ਼ੁਰਗ



**ਪਟਿਆਲਾ, 17 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਕੂਚ ਦੇ ਸੱਦੇ ਤਹਿਤ ਚਾਰ ਦਿਨਾਂ ਤੋਂ ਸ਼ੰਭੂ ਵਿਖੇ ਡੇਰੇ ਲਾਈ ਬੈਠੇ ਕਿਸਾਨਾਂ ਦੇ ਵੱਡੇ ਕਾਫਲੇ ਵਿੱਚੋਂ ਅੱਜ ਵੱਡੇ ਤੜਕੇ ਇੱਕ ਕਿਸਾਨ ਦੀ ਮੌਤ ਹੋ ਗਈ। ਜਿਸ ਦੀ ਪਛਾਣ 63 ਸਾਲਾ ਗਿਆਨ ਸਿੰਘ ਵਾਸੀ ਪਿੰਡ ਚਾਚੋਕੇ ਜ਼ਿਲਾ ਗੁਰਦਾਸਪੁਰ ਵਜੋਂ ਹੋਈ ਹੈ। ਜਾਣਕਾਰੀ ਅਨੁਸਾਰ ਅੱਜ ਤੜਕੇ ਸਾਢੇ ਤਿਨ ਵਜੇ ਉਸ ਨੂੰ ਸਾਹ ਲੈਣ 'ਚ ਤਕਲੀਫ ਹੋਈ ਜਿਸ ਮਗਰੋਂ ਉਸ ਨੂੰ ਸਿਵਲ ਹਸਪਤਾਲ ਰਾਜਪੁਰਾ ਵਿਖੇ ਲਜਾਇਆ ਗਿਆ ਪ੍ਰੰਤੂ ਹਾਲਤ ਠੀਕ ਨਾ ਹੋਣ ਕਾਰਨ ਉਸ ਨੂੰ ਉਥੋਂ ਜਲਦੀ ਹੀ ਸਰਕਾਰੀ ਰਜਿੰਦਰਾ ਹਸਪਤਾਲ ਪਟਿਆਲਾ ਦੀ ਰੈਫਰ ਕਰ ਦਿੱਤਾ ਗਿਆ ਪਰ ਪਟਿਆਲਾ ਆਉਣ 'ਤੇ ਉਹ ਦਮ ਤੋੜ ਗਿਆ। ਇਸੇ ਦੌਰਾਨ ਇਸ ਮੋਰਚੇ ਦੀ ਅਗਵਾਈ ਕਰ ਰਹੇ ਸਰਵਣ ਸਿੰਘ ਪੰਧੇਰ ਅਤੇ ਜਗਜੀਤ ਸਿੰਘ ਡੱਲੇਵਾਲ ਸਮੇਤ ਕਈ ਹੋਰਾਂ ਨੇ ਇਸ ਕਿਸਾਨ ਦੀ ਮੌਤ ਤੇ ਦੁੱਖ ਜ਼ਾਹਿਰ ਕੀਤਾ ਹੈ। ਸਰਕਾਰੀ ਰਜਿੰਦਰਾ ਹਸਪਤਾਲ ਪਟਿਆਲਾ ਦੇ ਡਾਕਟਰਾਂ ਵੱਲੋਂ ਦਿੱਤੀ ਗਈ ਮੁੱਢਲੀ ਜਾਣਕਾਰੀ ਮੁਤਾਬਕ ਕਿਸਾਨ ਦੀ ਮੌਤ ਦਿਲ ਦਾ ਦੌਰਾ ਪੈਣ ਕਾਰਨ ਹੋਈ ਹੈ।

## ਕਾਂਗਰਸ ਕੋਲ ਇਕ ਹੀ ਏਜੰਡਾ 'ਮੋਦੀ ਵਿਰੋਧ' : ਮੋਦੀ

**ਜੈਪੁਰ, 17 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਾਂਗਰਸ ਪਾਰਟੀ 'ਤੇ ਨਿਸ਼ਾਨਾ ਵਿੰਨ੍ਹਦੇ ਹੋਏ ਸ਼ੁੱਕਰਵਾਰ ਨੂੰ ਕਿਹਾ ਕਿ ਉਹ ਨਾ ਤਾਂ ਭਵਿੱਖ ਦਾ ਅੰਦਾਜ਼ਾ ਲਗਾ ਸਕਦੀ ਹੈ ਅਤੇ ਨਾ ਹੀ ਭਵਿੱਖ ਲਈ ਉਸ ਕੋਲ ਕੋਈ ਕਾਰਜ ਯੋਜਨਾ ਹੈ। ਪੀ.ਐੱਮ. ਮੋਦੀ ਨੇ ਕਿਹਾ ਕਿ ਕਾਂਗਰਸ ਕੋਲ ਇਕ ਹੀ ਏਜੰਡਾ 'ਮੋਦੀ ਵਿਰੋਧ' ਹੈ ਅਤੇ ਅੱਜ ਹਰ ਕੋਈ ਕਾਂਗਰਸ ਦਾ ਸਾਥ ਛੱਡ ਰਿਹਾ ਹੈ, ਕਿਉਂਕਿ ਉੱਥੇ ਸਿਰਫ਼ ਇਕ ਪਰਿਵਾਰ ਹੀ ਦਿੱਸਦਾ ਹੈ। ਪੀ.ਐੱਮ. ਮੋਦੀ ਨੇ 'ਵਿਕਸਿਤ ਭਾਰਤ-ਵਿਕਸਿਤ ਰਾਜਸਥਾਨ' ਪ੍ਰੋਗਰਾਮ ਨੂੰ ਵੀਡੀਓ ਕਾਨਫਰੈਂਸਿੰਗ ਰਾਹੀਂ ਸੰਬੋਧਨ ਕੀਤਾ। ਇਸ ਮੌਕੇ ਉਨ੍ਹਾਂ ਕਿਹਾ,''ਕਾਂਗਰਸ ਕੋਲ ਇਕ ਹੀ ਏਜੰਡਾ ਹੈ, ਮੋਦੀ ਵਿਰੋਧ, ਅਤਿਅੰਤ ਮੋਦੀ ਵਿਰੋਧ। ਮੋਦੀ ਵਿਰੋਧ 'ਚ ਇਹ ਅਜਿਹੀ-ਅਜਿਹੀਆਂ ਗੱਲਾਂ ਫੈਲਾਉਂਦੇ ਹਨ, ਜਿਸ ਨਾਲ ਸਮਾਜ ਵੰਡਿਆ ਜਾਵੇ। ਜਦੋਂ ਕੋਈ ਪਾਰਟੀ ਪਰਿਵਾਰਵਾਦ ਦੇ ਵੰਸ਼ਵਾਦ ਦੀ ਰਾਜਨੀਤੀ ਦੇ ਚੱਕਰ 'ਚ ਫਸ ਜਾਂਦੀ ਹੈ ਤਾਂ ਉਸ ਨਾਲ ਅਜਿਹਾ ਹੀ ਹੁੰਦਾ ਹੈ।''
ਉਨ੍ਹਾਂ ਕਿਹਾ,''ਅੱਜ ਹਰ ਕੋਈ ਕਾਂਗਰਸ ਦਾ ਸਾਥ ਛੱਡ ਰਿਹਾ ਹੈ, ਸਿਰਫ਼ ਇਕ ਪਰਿਵਾਰ ਹੀ ਉੱਥੇ ਦਿੱਸਦਾ ਹੈ। ਅਜਿਹੀ ਰਾਜਨੀਤੀ ਨੌਜਵਾਨ ਭਾਰਤ ਨੂੰ ਬਿਲਕੁੱਲ ਪ੍ਰੇਰਿਤ ਨਹੀਂ ਕਰਦੀ।''
ਉਨ੍ਹਾਂ ਕਿਹਾ,''ਵਿਕਸਿਤ ਭਾਰਤ ਬਣਾਉਣ ਲਈ ਅਸੀਂ ਦੇਸ਼ ਦੇ ਚਾਰ ਵਰਗਾਂ ਨੂੰ ਮਜ਼ਬੂਤ ਬਣਾਉਣ 'ਚ ਲੱਗੇ ਹਾਂ। ਇਹ ਹਨ- ਨੌਜਵਾਨ, ਔਰਤਾਂ, ਕਿਸਾਨ ਅਤੇ ਗਰੀਬ। ਸਾਡੇ ਲਈ ਇਹੀ ਚਾਰ ਸਭ ਤੋਂ ਵੱਡੀਆਂ ਜਾਤੀਆਂ ਹਨ।''
ਪ੍ਰਧਾਨ ਮੰਤਰੀ ਨੇ ਕਿਹਾ,''ਮੈਨੂੰ ਖੁਸ਼ੀ ਹੈ ਕਿ ਇਨ੍ਹਾਂ ਵਰਗਾਂ ਦੇ ਸਸ਼ਕਤੀਕਰਨ ਲਈ ਮੋਦੀ ਨੇ ਜੋ ਗਾਰੰਟੀ ਦਿੱਤੀ ਸੀ, ਉਨ੍ਹਾਂ ਨੂੰ 'ਡਬਲ ਇੰਜਣ' ਸਰਕਾਰ ਪੂਰਾ ਕਰ ਰਹੀ ਹੈ। ਆਪਣੇ ਪਹਿਲੇ ਬਜਟ 'ਚ ਹੀ ਰਾਜਸਥਾਨ ਦੀ ਭਾਜਪਾ ਸਰਕਾਰ ਨੇ ਨੌਜਵਾਨਾਂ ਨੇ 70 ਹਜ਼ਾਰ ਭਰਤੀਆਂ ਕੱਢੀਆਂ ਹਨ।'' ਰਾਜਸਥਾਨ ਵਿਧਾਨ ਸਭਾ ਚੋਣਾਂ 'ਚ ਕਾਂਗਰਸ ਦੀ ਹਾਰ ਵੱਲ ਇਸ਼ਾਰਾ ਕਰਦੇ ਹੋਏ ਪੀ.ਐੱਮ. ਮੋਦੀ ਨੇ ਕਿਹਾ,''ਜਦੋਂ ਮੋਦੀ ਤੁਹਾਨੂੰ ਦਿੱਤੀਆਂ ਗਈਆਂ ਅਜਿਹੀਆਂ ਗਾਰੰਟੀਆਂ ਪੂਰੀ ਕਰਦਾ ਹੈ ਤਾਂ ਕੁਝ ਲੋਕਾਂ ਦੀ ਨੀਂਦ ਉੱਡ ਜਾਂਦੀ ਹੈ। ਤੁਸੀਂ ਕਾਂਗਰਸ ਦੀ ਸਥਿਤੀ ਦੇ ਰਹੇ ਹੋ। ਤੁਸੀਂ ਹਾਲ ਹੀ 'ਚ ਕਾਂਗਰਸ ਨੂੰ ਸਬਕ ਸਿਖਾਇਆ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਵਿਕਸਿਤ ਭਾਰਤ ਲਈ ਵਿਕਸਿਤ ਰਾਜਸਥਾਨ ਦਾ ਨਿਰਮਾਣ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਰਾਜਸਥਾਨ ਦੀ 'ਡਬਲ ਇੰਜਣ' ਸਰਕਾਰ ਨੇ ਤੇਜ਼ੀ ਨਾਲ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਅੱਜ ਰਾਜਸਥਾਨ ਦੇ ਵਿਕਾਸ ਲਈ ਕਰੀਬ 17 ਹਜ਼ਾਰ ਕਰੋੜ ਰੁਪਏ ਦੇ ਪ੍ਰਾਜੈਕਟਾਂ ਦਾ ਉਦਘਾਟਨ ਅਤੇ ਨੀਂਹ ਪੱਥਰ ਰੱਖਿਆ ਗਿਆ। ਇਹ ਪ੍ਰਾਜੈਕਟ ਰੇਲ, ਸੜਕ, ਸੌਰ ਊਰਜਾ ਅਤੇ ਪਾਣੀ ਵਰਗੇ ਵਿਕਾਸ ਪ੍ਰੋਗਰਾਮਾਂ ਨਾਲ ਜੁੜੇ ਹਨ। ਇਹ ਪ੍ਰਾਜੈਕਟ ਰਾਜਸਥਾਨ ਦੇ ਹਜ਼ਾਰਾਂ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਵਾਲੇ ਹਨ। ਪੀ.ਐੱਮ. ਮੋਦੀ ਨੇ ਕਿਹਾ,''ਮੈਂ ਲਾਲ ਕਿਲ੍ਹੇ ਤੋਂ ਕਿਹਾ ਸੀ ਕਿ ਇਹੀ ਸਮਾਂ ਹੈ ਸਹੀ ਸਮਾਂ ਹੈ। ਆਜ਼ਾਦੀ ਤੋਂ ਬਾਅਦ ਅੱਜ ਭਾਰਤ ਦਾ ਸੁਨਹਿਰੀ ਦੌਰ ਚੱਲਿਆ ਹੈ। ਭਾਰਤ ਕੋਲ ਉਹ ਮੌਕਾ ਆਇਆ ਹੈ ਜਦੋਂ ਉਹ 10 ਸਾਲ ਪਹਿਲੇ ਨਿਰਾਸ਼ਾ ਛੱਡ ਕੇ ਪੂਰੇ ਆਤਮਵਿਸ਼ਵਾਸ ਨਾਲ ਅੱਗੇ ਵਧ ਰਿਹਾ ਹੈ।'' ਉਨ੍ਹਾਂ ਕਿਹਾ ਕਿ 2014 ਤੋਂ ਪਹਿਲਾਂ ਪੂਰੇ ਦੇਸ਼ 'ਚ ਹੋਣ ਵਾਲੇ ਵੱਡੇ-ਵੱਡੇ ਘਪਲਿਆਂ ਦੀ ਚਰਚਾ ਰਹਿੰਦੀ ਹੈ। ਪ੍ਰਧਾਨ ਮੰਤਰੀ ਨੇ ਕਿਹਾ,''ਉਦੋਂ ਆਏ ਦਿਨ ਹੋਣ ਵਾਲੇ ਬੰਬ ਧਮਾਕਿਆਂ ਦੀ ਚਰਚਾ ਹੁੰਦੀ ਸੀ ਅਤੇ ਦੇਸ਼ ਦੇ ਲੋਕ ਸੋਚਦੇ ਸਨ ਕਿ ਸਾਡਾ, ਦੇਸ਼ ਦਾ ਕੀ ਹੋਵੇਗਾ?.... ਕਾਂਗਰਸ ਦੇ ਰਾਜ 'ਚ ਚਾਰਾਂ ਪਾਸੇ ਉਦੋਂ ਇਹੀ ਮਾਹੌਲ ਸੀ।'' ਉਨ੍ਹਾਂ ਕਿਹਾ,''ਅੱਜ ਅੱਜ ਅਸੀਂ ਵਿਕਸਿਤ ਭਾਰਤ ਦੀ, ਵਿਕਸਿਤ ਰਾਜਸਥਾਨ ਦੀ ਗੱਲ ਕਰ ਰਹੇ ਹਾਂ। ਅੱਜ ਅਸੀਂ ਵੱਡੇ ਸੁਫ਼ਨੇ ਦੇਖ ਰਹੇ ਹਾਂ, ਵੱਡੇ ਸੰਕਲਪ ਲੈ ਰਹੇ ਹਾਂ ਅਤੇ ਉਨ੍ਹਾਂ ਦੀ ਪਾਉਣ ਲਈ ਤਨ-ਮਨ ਨਾਲ ਜੁਟੇ ਹਾਂ।''



## ਥਾਣੇ ਵਿੱਚ ਵਿਆਹ ਦਾ ਝਗੜਾ ਨਿਪਟਾਉਣ ਬਦਲੇ 20,000 ਰੁਪਏ ਰਿਸ਼ਵਤ ਲੈਣ ਵਾਲੀ ਔਰਤ ਵਿਜੀਲੈਂਸ ਬਿਊਰੋ ਵੱਲੋਂ ਗ੍ਰਿਫਤਾਰ



**ਚੰਡੀਗੜ੍ਹ, 17 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ ਇੱਕ ਮਹਿਲਾ ਮਨਮੀਤ ਕੌਰ ਵਾਸੀ ਪਿੰਡ ਭੋਲਾਪੁਰ, ਬਮਿਆਲ, ਜ਼ਿਲ੍ਹਾ ਪਠਾਨਕੋਟ ਨੂੰ 20,000 ਰੁਪਏ ਦੀ ਰਿਸ਼ਵਤ ਲੈਣ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਦੋਸ਼ਣ ਨੂੰ ਬਲਜੀਤ ਕੌਰ ਵਾਸੀ ਪਿੰਡ ਸਿੱਬਲ ਸਕੋਲ, ਤਹਿਸੀਲ ਨਰੋਟ ਜੈਮਲ ਸਿੰਘ ਜ਼ਿਲ੍ਹਾ ਪਠਾਨਕੋਟ ਵੱਲੋਂ ਮੁੱਖ ਮੰਤਰੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ ਵਿਖੇ ਦਰਜ ਕਰਵਾਈ ਗਈ ਆਨਲਾਈਨ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫਤਾਰ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਆਪਣੀ ਸ਼ਿਕਾਇਤ ਵਿੱਚ ਦੋਸ਼ ਲਾਇਆ ਹੈ ਕਿ ਉਕਤ ਮਨਮੀਤ ਕੌਰ ਨੇ ਉਸਦੇ ਪਤੀ ਨਾਲ ਵਿਆਹ ਦੇ ਝਗੜੇ ਨੂੰ ਸੁਲਝਾਉਣ ਬਦਲੇ 20 ਹਜ਼ਾਰ ਰੁਪਏ ਰਿਸ਼ਵਤ ਵਜੋਂ ਲਏ ਹਨ ਅਤੇ ਥਾਣਾ ਨਰੋਟ ਜੈਮਲ ਸਿੰਘ ਦੇ ਐੱਸਐੱਚਓ ਸਬ-ਇੰਸਪੈਕਟਰ ਅਜਵਿੰਦਰ ਸਿੰਘ ਦੇ ਨਾਮ ਉੱਪਰ 20-25 ਹਜ਼ਾਰ ਰੁਪਏ ਦੀ ਹੋਰ ਮੰਗ ਕਰ ਰਹੀ ਹੈ। ਸ਼ਿਕਾਇਤਕਰਤਾ ਨੇ ਪੈਸੇ ਦੀ ਮੰਗ ਕਰਦੇ ਸਮੇਂ ਮੁਲਜ਼ਮਾਂ ਨਾਲ ਹੋਈ ਗੱਲਬਾਤ ਰਿਕਾਰਡ ਕਰ ਲਈ।

ਉਨ੍ਹਾਂ ਦੱਸਿਆ ਕਿ ਵਿਜੀਲੈਂਸ ਰੇਂਜ ਅੰਮ੍ਰਿਤਸਰ ਨੇ ਇਸ ਸ਼ਿਕਾਇਤ ਦੀ ਜਾਂਚ ਕੀਤੀ ਅਤੇ ਦੋਸ਼ ਸਹੀ ਪਾਏ ਗਏ। ਇਸ ਸਬੰਧੀ ਮੁਲਜ਼ਮਾ ਮਨਮੀਤ ਕੌਰ ਖ਼ਿਲਾਫ਼ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 7-ਏ ਤਹਿਤ ਮੁਕੱਦਮਾ ਦਰਜ ਕਰਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ ਅਤੇ ਸਬੰਧਤ ਪੁਲਿਸ ਮੁਲਾਜ਼ਮਾਂ ਦੀ ਭੂਮਿਕਾ ਦੀ ਵੀ ਜਾਂਚ ਕੀਤੀ ਜਾਵੇਗੀ।

## ਕੇਂਦਰ ਦੀ ਹਰਿਆਣਾ ਨਾਲ ਜੋ ਵੀ ਉਮੀਦਾਂ ਹਨ, ਉਸ ਨੂੰ ਅਸੀਂ ਪੂਰਾ ਕਰਾਂਗੇ : ਖੱਟੜ

**ਚੰਡੀਗੜ੍ਹ, 17 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**


ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਸੂਬੇ ਦੀ ਜਨਤਾ ਵੱਲੋਂ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਅੱਜ ਦਾ ਦਿਨ ਇਤਿਹਾਸਕ ਹੈ, ਹੁਣ ਦੇਸ਼ ਦੇ 22ਵੇਂ ਏਮਸ ਦਾ ਇੱਥੇ ਨੀਂਹ ਪੱਥਰ ਹੋਇਆ ਹੈ। ਉਨ੍ਹਾਂ ਨੇ ਕਿਹਾ ਕਿ ਸਾਲ 2013 ਵਿਚ ਪ੍ਰਧਾਨ ਮੰਤਰੀ ਜਦੋਂ ਗੁਜਰਾਤ ਦੇ ਮੁੱਖ ਮੰਤਰੀ ਸਨ, ਉਸ ਸਮੇਂ ਦੇਸ਼ ਦੀ ਜਨਤਾ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਵਜੋ ਦੇਖ ਰਹੀ ਸੀ, ਉਨ੍ਹਾਂ ਦੀ ਪ੍ਰਧਾਨ ਮੰਤਰੀ ਦੀ ਉਹ ਯਾਤਰਾ 15 ਸਤੰਬਰ, 2013 ਨੂੰ ਰਿਵਾੜੀ ਦੀ ਧਰਤੀ ਤੋਂ ਹੀ ਸ਼ੁਰੂ ਹੋਈ ਸੀ।

ਉਨ੍ਹਾਂ ਨੇ ਕਿਹਾ ਕਿ ਇੱਥੇ ਦੇ ਲੋਕਾਂ ਦੀ ਸਾਲਾਂ ਪੁਰਾਣੀ ਮੰਗ ਸੀ ਕਿ ਏਮਸ ਦਾ ਕੇਂਦਰ ਖੋਲਿਆ ਜਾਵੇ ਅਤੇ ਅੱਜ ਉਸ ਦਾ ਨੀਂਹ ਪੱਥਰ ਹੋਇਆ ਹੈ। ਹਰਿਆਣਾ ਸਰਕਾਰ ਵੱਲੋਂ ਵੀ ਸੂਬੇ ਦੇ ਹਰ ਜਿਲ੍ਹੇ ਵਿਚ ਮੈਡੀਕਲ ਕਾਲਜ ਖੋਲਣ ਦੀ ਜੋ ਇਕ ਮੁਹਿੰਮ ਚਲਾਈ ਹੋਈ ਹੈ, ਉਸ ਮੁਹਿੰਮ ਵਿਚ ਵੀ ਇਹ ਏਮਸ ਇਕ ਵੱਡਾ ਮਹਤੱਵ ਰੱਖਦਾ ਹੈ। ਇਸ ਏਮਸ ਨਾਲ ਨਾ ਸਿਰਫ ਦੱਖਣ ਹਰਿਆਣਾ ਦੇ ਲੋਕਾਂ ਨੂੰ ਸਗੋ ਰਾਜਸਥਾਨ ਦੇ ਲੋਕਾਂ ਨੂੰ ਵੀ ਬਹੁਤ ਵੱਡਾ ਲਾਭ ਮਿਲਣ ਵਾਲਾ ਹੈ। ਉਨ੍ਹਾਂ ਨੇ ਇਸ ਏਮਸ ਦੇ ਲਈ ਮਾਜਰਾ ਪਿੰਡ ਦੇ ਲੋਕਾਂ ਦਾ ਵੀ ਧੰਨਵਾਦ ਪ੍ਰਗਟਾਇਆ ਜਿਨ੍ਹਾਂ ਨੇ ਆਪਣੀ ਪੰਚਾਇਤੀ ਜਮੀਨ ਦਿੱਤੀ ਹੈ। ਇਸ ਤੋਂ ਇਲਾਵਾ ਨਿਜੀ ਲੋਕਾਂ ਦੀ ਜਮੀਨ ਵੀ ਖਰੀਦੀ ਗਈ ਹੈ।

ਸ੍ਰੀ ਮਨੋਹਰ ਲਾਲ ਨੇ ਲਗਭਗ 5500 ਕਰੋੜ ਰੁਪਏ ਦੀ ਲਾਗਤ ਨਾਲ ਗੁਰੂਗ੍ਰਾਮ ਮੈਟਰੋ ਪ੍ਰੋਜੈਕਟ ਦਾ ਨੀਂਹ ਪੱਥਰ ਕਰਨ ਦੇ ਲਈ ਵੀ ਪ੍ਰਧਾਨ ਮੰਤਰੀ ਦਾ ਧੰਨਵਾਦ ਪ੍ਰਗਟਾਇਆ। ਇਸ ਮੈਟਰੋ ਸੇਵਾ ਨਾਲ ਦੇਸ਼-ਵਿਦੇਸ਼ ਦੇ ਲੋਕਾਂ ਨੂੰ ਬਹੁਤ ਲਾਭ ਹੋਵੇਗਾ। ਉਨ੍ਹਾਂ ਨੇ ਕਿਹਾ ਕਿ ਮਿਲੇਨਿਯਮ ਸਿਟੀ ਗੁਰੂਗ੍ਰਾਮ ਦੇਸ਼ ਤੇ ਸੂਬੇ ਦੀ ਪ੍ਰਗਤੀ ਵਿਚ ਬਹੁਤ ਵੱਡੀ ਭੂਮਿਕਾ ਅਦਾ ਕਰਦੀ ਹੈ।

ਉਨ੍ਹਾਂ ਨੇ ਕਿਹਾ ਕਿ ਹਰਿਆਣਾ ਦਾ ਆਪਣਾ ਪਹਿਲਾਂ ਹਵਾਈ ਅੱਡਾ ਜਿਲ੍ਹਾ ਹਿਸਾਰ ਵਿਚ ਬਦ ਰਿਹਾ ਹੈ। ਬਹਤੁ ਜਲਦੀ ਇੱਥੇ ਘਰੇਲੂ ਅਤੇ ਕੌਮਾਂਤਰੀ ਉੜਾਨਾਂ ਦੀ ਵੀ ਸ਼ੁਰੂਆਤ ਕੀਤੀ ਜਾਵੇਗੀ। ਇਸੀ ਤਰ੍ਹਾ ਰੇਲਵੇ ਨੈਟਵਰਕ ਨੂੰ ਮਜਬੂਤ ਕਰਨ ਲਈ ਵੀ ਪ੍ਰਧਾਨ ਮੰਤਰੀ ਨੇ ਅੱਜ ਰੋਹਤਕ ਤੋਂ ਹਾਂਸੀ ਰੇਲ ਲਾਇਨ ਦੀ ਸ਼ੁਰੂਆਤ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਅੱਜ ਦਾ ਦਿਨ ਸਭਿਆਚਾਰਕ ਮਹਤੱਵ ਦੀ ਦ੍ਰਿਸ਼ਟੀ ਨਾਲ ਵੀ ਮਹਤੱਵਪੂਰਨ ਹੈ। ਪ੍ਰਧਾਨ ਮੰਤਰੀ ਨੇ ਜੋਤੀਸਰ ਅਨੁਭਵ ਕੇਂਦਰ ਦਾ ਉਦਘਾਟਨ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਦੇਸ਼ ਦੀ ਪ੍ਰਗਤੀ ਵਿਚ ਹਰਿਆਣਾ ਦਾ ਵੱਡਾ ਯੋਗਦਾਨ ਹੈ। ਪ੍ਰਧਾਨ ਮੰਤਰੀ ਦੇ ਮਾਰਗਦਰਸ਼ਨ ਵਿਚ ਹਰਿਆਣਾ ਦਿਨ ਰਾਤ ਪ੍ਰਗਤੀ ਕਰ ਰਿਹਾ ਹੈ। ਉਨ੍ਹਾਂ ਨੇ ਭਰੋਸਾ ਦਿੰਦੇ ਹੋਏ ਕਿਹਾ ਕਿ ਕੇਂਦਰ ਦੀ ਹਰਿਆਣਾ ਤੋਂ ਜੋ ਵੀ ਉਮੀਦਾਂ ਹਨ, ਉਸ ਨੂੰ ਅਸੀਂ ਪੂਰਾ ਕਰਾਂਗੇ।

# ਮਹਾਰਾਜਾ ਅਗਰਸੈਨ ਦੀ ਮੂਰਤੀ ਦਾ ਉਦਘਾਟਨ



**ਰਤੀਆ, 17 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਵਿਧਾਨ ਸਭਾ ਦੇ ਸਪੀਕਰ ਗਿਆਨ ਚੰਦ ਗੁਪਤਾ ਨੇ ਅਗਰਸੈਨ ਚੌਂਕ ਵਿੱਚ ਮਹਾਰਾਜਾ ਅਗਰਸੈਨ ਦੀ ਨਵੀਂ ਬਣੀ ਮੂਰਤੀ ਦਾ ਵਰਚੁਅਲ ਉਦਘਾਟਨ ਕੀਤਾ।

ਉਨ੍ਹਾਂ ਆਪਣੇ ਸੰਬੋਧਨ 'ਚ ਕਿਹਾ ਕਿ ਮਹਾਰਾਜਾ ਅਗਰਸੇਨ ਨੇ ਲਗਪਗ 5000 ਸਾਲ ਪਹਿਲਾਂ ਅਵਤਾਰ ਧਾਰਿਆ ਸੀ। ਉਸ ਸਮੇਂ ਉਨ੍ਹਾਂ ਨੇ ਲੋਕਾਂ ਦੀ ਭਲਾਈ ਲਈ ਕੰਮ ਕੀਤਾ ਅਤੇ ਸਾਰਿਆਂ ਨੂੰ ਏਕਤਾ ਅਤੇ ਭਾਈਚਾਰੇ ਦਾ ਸੰਦੇਸ਼ ਦਿੱਤਾ। ਇਸ ਦੌਰਾਨ ਵਿਧਾਨ ਸਭਾ ਦੇ ਸਪੀਕਰ ਗਿਆਨ ਚੰਦ ਗੁਪਤਾ ਨੇ ਅਗਰਵਾਲ ਭਾਈਚਾਰੇ ਨੂੰ 11 ਲੱਖ ਰੁਪਏ ਦੀ ਸਹਾਇਤਾ ਰਾਸ਼ੀ ਦੇਣ ਦਾ ਐਲਾਨ ਕੀਤਾ। ਉਦਘਾਟਨ ਸਮਾਗਮ ਵਿੱਚ ਵਿਸ਼ੇਸ਼ ਮਹਿਮਾਨ ਵਿਧਾਇਕ ਲਛਮਣ ਨਾਪਾ ਨੇ ਕਿਹਾ ਕਿ ਅਗਰੋਹਾ ਮਹਾਰਾਜਾ ਅਗਰਸੈਨ ਸਾਮਰਾਜ ਦੀ ਰਾਜਧਾਨੀ ਹੈ। ਮਹਾਰਾਜਾ ਅਗਰਸੈਨ ਅਹਿੰਸਾ ਦੇ ਪੁਜਾਰੀ ਸਨ। ਉਨ੍ਹਾਂ ਦੀ ਸੋਚ ਇਹ ਸੀ ਕਿ ਉਨ੍ਹਾਂ ਦੇ ਸਾਮਰਾਜ ਵਿਚ ਆਉਣ ਵਾਲਾ ਕੋਈ ਵੀ ਗਰੀਬ ਵਿਅਕਤੀ ਬਿਨਾਂ ਘਰ ਜਾਂ ਕਾਰੋਬਾਰ ਤੋਂ ਬਿਨਾਂ ਨਹੀਂ ਰਹਿਣਾ ਚਾਹੀਦਾ। ਉਹ ਸਾਰਿਆਂ ਲਈ ਪ੍ਰੇਰਨਾ ਸਰੋਤ ਹਨ। ਉਹ ਸ਼ਾਂਤੀ ਅਤੇ ਸਦਭਾਵਨਾ ਦੇ ਪੱਖ ਵਿੱਚ ਸਨ।

ਚੇਅਰਮੈਨ ਪ੍ਰਮੋਦ ਬਾਂਸਲ ਨੇ ਸਮੁੱਚੇ ਅਗਰਵਾਲ ਭਾਈਚਾਰੇ ਵੱਲੋਂ ਮਹਾਰਾਜਾ ਅਗਰਸੈਨ ਦੇ ਨਾਂ 'ਤੇ ਹਸਪਤਾਲ ਬਣਾਉਣ ਅਤੇ ਬਾਹਮਣਵਾਲਾ ਤੋਂ ਫਤਿਹਾਬਾਦ ਰੋਡ ਦਾ ਨਾਂ ਮਹਾਰਾਜਾ ਅਗਰਸੈਨ ਦੇ ਨਾਂ 'ਤੇ ਰੱਖਣ ਦੀਆਂ ਦੋ ਪ੍ਰਮੁੱਖ ਮੰਗਾਂ ਵਿਧਾਇਕ ਰਾਹੀਂ ਵਿਧਾਨ ਸਭਾ ਸਪੀਕਰ ਅੱਗੇ ਰੱਖੀਆਂ। ਇਸ ਮੌਕੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਬਲਦੇਵ ਸਿੰਘ ਗਰੋਹਾ, ਨਗਰ ਪਾਲਿਕਾ ਚੇਅਰਮੈਨ ਪ੍ਰਿੰਤੀ ਖੰਨਾ, ਕਾਰਜਕਾਰਨੀ ਮੈਂਬਰ ਰਮੇਸ਼ ਮਹਿਤਾ, ਅਗਰਵਾਲ ਸਭਾ ਦੇ ਸਕੱਤਰ ਰਾਜ ਕੁਮਾਰ ਸਿੰਗਲਾ, ਅਗਰਵਾਲ ਸਭਾ ਦੇ ਕੈਸ਼ੀਅਰ ਪ੍ਰੇਮ ਬਾਂਸਲ, ਸਹਿ ਸਕੱਤਰ ਜਨਕ ਰਾਜ ਗੋਇਲ, ਸ਼ਹਿਰੀ ਮੰਡਲ ਪ੍ਰਧਾਨ ਸੁਖਵਿੰਦਰ ਗੋਇਲ ਤੇ ਹੋਰ ਹਾਜ਼ਰ ਸਨ।

# ਸ਼ੰਭੂ ਅਤੇ ਖਨੌਰੀ ਹੱਦਾਂ 'ਤੇ ਸਥਿਤੀ ਤਣਾਅਪੂਰਨ




**ਸੰਗਰੂਰ, 17 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤੀ) ਦੇ ਸੱਦੇ 'ਤੇ ਦਿੱਲੀ ਕੂਚ ਕਰਨ ਦੇ ਦੂਜੇ ਦਿਨ ਵੀ ਪੰਜਾਬ-ਹਰਿਆਣਾ ਦੇ ਖਨੌਰੀ ਅਤੇ ਸ਼ੰਭੂ ਬਾਰਡਰ 'ਤੇ ਬਾਅਦ ਦੁਪਹਿਰ ਹਰਿਆਣਾ ਪੁਲੀਸ ਤੇ ਕਿਸਾਨਾਂ ਵਿਚਕਾਰ ਝੜਪ ਹੋਈ। ਇਸ ਦੌਰਾਨ ਅੱਜ ਕਰੀਬ ਦਰਜਨ ਤੋਂ ਵੱਧ ਕਿਸਾਨ ਜ਼ਖ਼ਮੀ ਹੋਏ ਹਨ ਜਿਨ੍ਹਾਂ ਨੂੰ ਵੱਖ-ਵੱਖ ਹਸਪਤਾਲਾਂ ਵਿੱਚ ਦਾਖ਼ਲ ਕਰਵਾਇਆ ਗਿਆ ਹੈ। ਗੰਭੀਰ ਜ਼ਖ਼ਮੀ ਤਿੰਨ ਕਿਸਾਨਾਂ ਨੂੰ ਪਟਿਆਲਾ ਰੈਫ਼ਰ ਕੀਤਾ ਗਿਆ ਹੈ। ਕਿਸਾਨਾਂ ਵੱਲੋਂ ਸਵੇਰੇ ਹਰਿਆਣਾ ਪੁਲੀਸ ਦੇ ਇੱਕ ਮੁਲਾਜ਼ਮ ਨੂੰ ਫੜ ਕੇ ਪੰਜਾਬ ਪੁਲੀਸ ਦੇ ਹਵਾਲੇ ਕਰ ਦਿੱਤਾ ਗਿਆ। ਅੱਜ ਦੂਜੇ ਦਿਨ ਪੰਜਾਬ ਤੋਂ ਕਿਸਾਨਾਂ ਦੇ ਹੋਰ ਕਾਫ਼ਲੇ ਖਨੌਰੀ ਬਾਰਡਰ 'ਤੇ ਪੁੱਜ ਗਏ ਸਨ। ਬਾਅਦ ਦੁਪਹਿਰ ਵੱਡੀ ਗਿਣਤੀ 'ਚ ਕਿਸਾਨ ਜਦੋਂ ਬਾਰਡਰ ਨੇੜੇ ਪੁੱਜੇ ਤਾਂ

ਦਿੱਲੀ ਪਹੁੰਚਣ ਲਈ ਦੋ ਦਿਨਾਂ ਤੋਂ ਸ਼ੰਭੂ ਬੈਰੀਅਰ 'ਤੇ ਡੇਰੇ ਲਾਈਂ ਬੈਠੇ ਪੰਜਾਬ ਦੇ ਕਿਸਾਨਾਂ ਨੇ ਅੱਜ ਬਸੰਤ ਪੰਚਮੀ ਮੌਕੇ ਪਤੰਗ ਉਡਾ ਕੇ ਮਨਪ੍ਰਚਾਵਾ ਕੀਤਾ। ਇਸ ਦੌਰਾਨ ਅੱਜ ਕਿਸਾਨਾਂ ਨੇ ਹਰਿਆਣਾ ਪੁਲੀਸ ਦਾ ਇੱਕ ਡਰੋਨ ਵੀ ਪਤੰਗ ਨਾਲ ਹੀ ਸੁੱਟ ਲਿਆ। ਇਹ ਡਰੋਨ ਪੰਜਾਬ ਦੀ ਥਾਂ ਹਰਿਆਣਾ ਵਾਲੇ ਖੇਤਰ 'ਚ ਹੀ ਜਾ ਡਿੱਗਿਆ। ਇਸ ਉਪਰੰਤ ਕਿਸਾਨਾਂ ਦੇ ਜੈਕਾਰੇ ਗੂੰਜਣ ਲੱਗ ਪਏ। ਇਸ ਦੌਰਾਨ ਇੱਕ ਛੁੱਟੀ ਆਏ ਫੌਜੀ ਨੇ ਕਿਸਾਨਾਂ ਨੂੰ ਅੱਥਰੂ ਗੈਸ ਤੋਂ ਬਚਣ ਲਈ ਯੁਕਤ ਦੱਸੀ।

# ਸਤਿਗੁਰੂ ਰਾਮ ਸਿੰਘ ਦੇ ਪ੍ਰਕਾਸ਼ ਪੁਰਬ ਮੌਕੇ ਸੂਬਾ ਪੱਧਰੀ ਸਮਾਗਮ



**ਲੁਧਿਆਣਾ, 17 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੇ ਭੈਣੀ ਸਾਹਿਬ ਵਿਖੇ ਅੱਜ ਸਤਿਗੁਰੂ ਰਾਮ ਸਿੰਘ ਦੇ 208ਵੇਂ ਪ੍ਰਕਾਸ਼ ਪੁਰਬ ਸਬੰਧੀ ਰਾਜ ਪੱਧਰੀ ਸਮਾਗਮ ਕਰਵਾਇਆ ਗਿਆ। ਸਮਾਗਮ ਦੌਰਾਨ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਮੁੱਖ ਮਹਿਮਾਨ ਵਜੋਂ ਪੁੱਜੇ। ਸਮਾਗਮ ਦੀ ਅਗਵਾਈ ਸਤਿਗੁਰੂ ਉਦੈ ਸਿੰਘ ਨੇ ਕੀਤੀ।

ਇਸ ਮੌਕੇ ਸ੍ਰੀ ਸੰਧਵਾਂ ਨੇ ਕਿਹਾ ਕਿ ਸਤਿਗੁਰੂ ਰਾਮ ਸਿੰਘ ਨੇ ਅੰਗਰੇਜ਼ ਸਾਮਰਾਜ ਵਿਰੁੱਧ ਨਾ ਮਿਲਵਤਰਣ ਲਹਿਰ ਚਲਾਈ ਅਤੇ ਦੇਸ਼ ਨੂੰ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਸੇਧ ਦਿੱਤੀ। ਉਨ੍ਹਾਂ ਸੱਚ, ਸਤਿਆਗ੍ਰਹਿ ਅਤੇ ਅਹਿੰਸਾ ਦੇ ਸਿਧਾਤਾਂ 'ਤੇ ਪਹਿਰਾ ਦਿੱਤਾ।

ਇਨ੍ਹਾਂ ਸਿਧਾਤਾਂ ਨੂੰ ਅਪਣਾ ਕੇ ਉਨ੍ਹਾਂ ਦੇਸ਼ ਦੀ ਆਜ਼ਾਦੀ ਦੀ ਲਹਿਰ ਵਿੱਚ ਵਡਮੁੱਲਾ ਯੋਗਦਾਨ ਪਾਇਆ। ਉਨ੍ਹਾਂ ਦੀ ਸੋਚ ਨੂੰ ਸਮਾਜ ਸੁਧਾਰ ਦਾ ਆਧਾਰ ਬਣਾਉਣ ਦੀ ਲੋੜ ਹੈ। ਕੂਕਾ ਸ਼ਹੀਦਾਂ ਦੀਆਂ ਕੁਰਬਾਨੀਆਂ ਦਾ ਜ਼ਿਕਰ ਕਰਦਿਆਂ ਸੰਧਵਾਂ ਨੇ ਕਿਹਾ ਕਿ ਸਤਿਗੁਰੂ ਰਾਮ ਸਿੰਘ ਨੇ ਬਹਾਦਰ ਕ੍ਰਾਂਤੀਕਾਰੀ ਪੈਦਾ ਕੀਤੇ, ਜਿਨ੍ਹਾਂ ਅੰਗਰੇਜ਼ਾਂ ਖ਼ਿਲਾਫ ਹੌਸਲੇ ਨਾਲ ਲੜਾਈ ਲੜੀ ਅਤੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਤੋਪਾਂ ਦੇ ਸਾਹਮਣੇ ਖੜ੍ਹੇ ਹੋ ਕੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ।

ਉਨ੍ਹਾਂ ਕਿਹਾ ਕਿ ਆਜ਼ਾਦੀ ਦੌਰਾਨ ਨਾਮਧਾਰੀ ਸਿੰਘਾਂ ਦੀਆਂ ਕੁਰਬਾਨੀਆਂ ਨੂੰ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਸੰਗਤ ਨੂੰ ਇਸ ਸੰਪਰਦਾ ਅਤੇ ਗੁਰੂਆਂ ਵੱਲੋਂ ਦਰਸਾਏ ਮਾਰਗ 'ਤੇ ਚੱਲਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਨਾਮਧਾਰੀ ਸੰਪਰਦਾ ਵੱਲੋਂ ਪੰਜਾਬ ਸਰਕਾਰ ਨੂੰ ਜੋ ਹੁਕਮ ਜਾਂ ਸੇਵਾ ਲਗਾਈ ਜਾਵੇਗੀ, ਉਹ ਪੂਰੀ ਕੀਤੀ ਜਾਵੇਗੀ। ਸ੍ਰੀ ਸੰਧਵਾਂ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਕੁਝ ਮਜਬੂਰੀਆਂ ਕਾਰਨ ਸਮਾਗਮ ਵਿੱਚ ਸ਼ਾਮਲ ਨਹੀਂ ਹੋ ਸਕੇ। ਇਸ ਮੌਕੇ ਐੱਚਐੱਸ ਹੰਸਪਾਲ, ਵਿਧਾਇਕ ਹਰਦੀਪ ਸਿੰਘ ਮੁੰਡੀਆਂ, ਵਧੀਕ ਡਿਪਟੀ ਕਮਿਸ਼ਨਰ ਮੇਜਰ ਅਮਿਤ ਸਰੀਨ, ਸੁਰਿੰਦਰ ਸਿੰਘ ਨਾਮਧਾਰੀ ਹਾਜ਼ਰ ਸਨ।

# ਜ਼ਖ਼ਮੀ ਕਿਸਾਨਾਂ ਦਾ ਇਲਾਜ ਕਰਵਾਏਗੀ ਪੰਜਾਬ ਸਰਕਾਰ: ਸਿਹਤ ਮੰਤਰੀ

**ਪਟਿਆਲਾ, 17 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਮੀਡੀਆ ਨਾਲ ਗੱਲ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਨਾਲ ਖੜ੍ਹੀ ਹੈ ਅਤੇ ਅੰਦੋਲਨ ਦੌਰਾਨ ਜ਼ਖ਼ਮੀ ਹੋਏ ਵਿਅਕਤੀਆਂ ਦੇ ਇਲਾਜ ਦਾ ਸਾਰਾ ਖਰਚਾ ਸੂਬਾ ਸਰਕਾਰ ਵੱਲੋਂ ਕੀਤਾ ਜਾਵੇਗਾ। ਸਿਹਤ ਮੰਤਰੀ ਅੱਜ ਡਾ. ਬੀਆਰ ਅੰਬੇਦਕਰ ਸਟੇਟ ਇੰਸਟੀਚਿਊਟ ਫਾਰ ਮੈਡੀਕਲ ਸਾਇੰਸਿਜ਼ (ਸਰਕਾਰੀ ਮੈਡੀਕਲ ਕਾਲਜ) ਫੇਜ਼-6 ਵਿੱਚ ਜ਼ਖ਼ਮੀ ਕਿਸਾਨਾਂ, ਮੀਡੀਆ ਕਰਮੀਆਂ ਅਤੇ ਪੁਲੀਸ ਜਵਾਨਾਂ ਦਾ ਹਾਲ ਜਾਣਨ ਲਈ ਪਹੁੰਚੇ ਸਨ। ਬੀਤੇ ਦਿਨੀਂ ਹਰਿਆਣਾ ਸਰਕਾਰ ਵੱਲੋਂ ਕੀਤੀ ਗਈ ਕਾਰਵਾਈ ਮਗਰੋਂ ਵੱਡੀ ਗਿਣਤੀ ਕਿਸਾਨ, ਮੀਡੀਆ ਕਰਮੀ ਤੇ ਪੁਲੀਸ ਮੁਲਾਜ਼ਮ ਜ਼ਖ਼ਮੀ ਹੋਏ ਸਨ ਜਿਨ੍ਹਾਂ ਨੂੰ ਵੱਖ ਵੱਖ ਹਸਪਤਾਲਾਂ ਵਿੱਚ ਦਾਖਲ ਕਰਵਾਇਆ ਗਿਆ ਹੈ। ਸਿਹਤ ਮੰਤਰੀ ਨੇ ਇਸ ਦੌਰਾਨ ਏਮਜ਼ ਹਸਪਤਾਲ ਮੁਹਾਲੀ ਦੇ ਐਮਰਜੈਂਸੀ ਕੇਅਰ ਯੂਨਿਟ ਵਿੱਚ ਦਿੱਤੀਆਂ ਜਾ ਰਹੀਆਂ ਸਿਹਤ ਸਹੂਲਤਾਂ ਦਾ ਵੀ ਜਾਇਜ਼ਾ ਲਿਆ ਅਤੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜ਼ਖ਼ਮੀਆਂ ਨੂੰ ਸਾਰੀਆਂ ਸਹੂਲਤਾਂ ਦਿੱਤੀਆਂ ਜਾਣ। ਸਿਹਤ ਮੰਤਰੀ ਨੇ ਦੱਸਿਆ ਕਿ



ਪ੍ਰਦਰਸ਼ਨਕਾਰੀ ਕਿਸਾਨਾਂ ਦੀ ਸੁਰੱਖਿਆ ਦੇ ਮੱਦੇਨਜ਼ਰ ਹਰਿਆਣਾ ਸਰਹੱਦ ਨਾਲ ਲੱਗਦੇ ਸਾਰੇ ਹਸਪਤਾਲਾਂ ਨੂੰ ਹਾਈ ਅਲਰਟ 'ਤੇ ਰੱਖਿਆ ਗਿਆ ਹੈ ਅਤੇ ਐਮਰਜੈਂਸੀ ਸੇਵਾਵਾਂ 24 ਘੰਟੇ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।

ਸਿਵਲ ਹਸਪਤਾਲ ਰਾਜਪੁਰਾ ਵਿੱਚ ਬੀਤੇ ਦਿਨ 31 ਤੇ ਅੱਜ 24 ਜ਼ਖ਼ਮੀ ਕਿਸਾਨ ਲਿਆਂਦੇ ਗਏ ਹਨ। ਐੱਸਐੱਮਓ ਡਾ. ਬਿੰਧੀ ਚੰਦ ਨੇ ਦੱਸਿਆ ਕਿ ਹਸਪਤਾਲ ਵਿੱਚ ਕੁੱਲ 55 ਫੱਟੜ ਕਿਸਾਨ ਦਾਖਲ ਹੋਏ ਹਨ, ਜਿਨ੍ਹਾਂ 'ਚੋਂ 4 ਦੀ ਹਾਲਤ ਨਾਜ਼ੁਕ ਹੋਣ ਕਰਕੇ ਉਨ੍ਹਾਂ ਨੂੰ ਰੈਫ਼ਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ 46 ਕਿਸਾਨਾਂ ਨੂੰ ਡਾਕਟਰੀ ਸਹੂਲਤ ਦੇਣ ਮਗਰੋਂ ਘਰੇ ਭੇਜ ਦਿੱਤਾ ਗਿਆ ਹੈ ਤੇ ਇਸ ਵੇਲੇ ਪੰਜ ਜ਼ਖ਼ਮੀ ਹਸਪਤਾਲ ਵਿੱਚ ਜ਼ੇਰੇ ਇਲਾਜ ਹਨ।

ਸ਼ੰਭੂ ਬੈਰੀਅਰ 'ਤੇ ਹਰਿਆਣਾ ਪੁਲੀਸ ਵੱਲੋਂ ਕੀਤੀ ਗਈ ਕਾਰਵਾਈ ਮਗਰੋਂ ਜ਼ਖ਼ਮੀ ਹੋਏ ਕੁਝ ਕਿਸਾਨਾਂ ਨੂੰ ਸਥਾਨਕ ਸੀਐੱਚਸੀ ਵਿੱਚ ਭਰਤੀ ਕਰਵਾਇਆ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਅੱਥਰੂ ਗੈਸ ਦੇ ਗੋਲਿਆਂ ਕਾਰਨ ਜ਼ਖ਼ਮੀ ਹੋਏ ਚਾਰ ਕਿਸਾਨ ਇਸ ਹਸਪਤਾਲ ਵਿੱਚ ਪਹੁੰਚੇ ਹਨ ਜਿਨ੍ਹਾਂ ਵਿੱਚੋਂ ਤਿੰਨ ਨੂੰ ਡਾਕਟਰੀ ਸਹਾਇਤਾ ਦੇਣ ਮਗਰੋਂ ਘਰ ਭੇਜ ਦਿੱਤਾ ਗਿਆ ਹੈ ਜਦਕਿ ਇੱਕ ਨੌਜਵਾਨ ਦੀ ਅੱਖ ਅਤੇ ਮੱਥੇ ਵਿੱਚ ਗੰਭੀਰ ਜ਼ਖ਼ਮ ਹੋਣ ਕਾਰਨ ਚੰਡੀਗੜ੍ਹ ਸੈਕਟਰ-32 ਦੇ ਸਰਕਾਰੀ ਮੈਡੀਕਲ ਹਸਪਤਾਲ ਵਿੱਚ ਭੇਜਿਆ ਗਿਆ ਹੈ।

# ਪੰਜਾਬੀ ਪ੍ਰਬੋਧ ਦੀ ਪ੍ਰੀਖਿਆ 10 ਮਾਰਚ ਨੂੰ

**ਪਟਿਆਲਾ, 17 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਸ਼ਾ ਵਿਭਾਗ ਪੰਜਾਬ ਵੱਲੋਂ ਪੰਜਾਬੀ ਪ੍ਰਬੋਧ ਪ੍ਰੀਖਿਆ 10 ਮਾਰਚ ਨੂੰ ਰੱਖੀ ਗਈ ਹੈ। ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ ਦੇ ਮੁੱਖ ਦਫ਼ਤਰ ਪਟਿਆਲਾ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਵੱਲੋਂ ਭਰੀਆਂ ਜਾਣ ਵਾਲੀਆਂ ਗਰੁੱਪ ਸੀ ਅਤੇ ਇਸ ਤੋਂ ਉੱਪਰ ਦੀਆਂ ਅਸਾਮੀਆਂ ਲਈ ਉਮੀਦਵਾਰਾਂ ਲਈ ਨਿਰਧਾਰਤ ਯੋਗਤਾਵਾਂ ਵਿੱਚੋਂ ਇੱਕ ਯੋਗਤਾ ਮੈਟ੍ਰਿਕ ਪੱਧਰ ਦੀ ਪੰਜਾਬੀ ਦਾ ਵਿਸ਼ਾ ਪਾਸ ਕੀਤਾ ਹੋਣਾ ਲਾਜ਼ਮੀ ਹੈ।

ਜਿਨ੍ਹਾਂ ਉਮੀਦਵਾਰਾਂ ਕੋਲ ਮੈਟ੍ਰਿਕ ਪੱਧਰ ਦੀ ਪੰਜਾਬੀ ਦੀ ਯੋਗਤਾ ਨਹੀਂ ਹੈ, ਭਾਸ਼ਾ ਵਿਭਾਗ ਪੰਜਾਬ ਵੱਲੋਂ ਅਜਿਹੇ ਉਮੀਦਵਾਰਾਂ ਦੀ ਪੰਜਾਬੀ ਪ੍ਰਬੋਧ ਪ੍ਰੀਖਿਆ 10 ਮਾਰਚ, 2024 (ਦਿਨ ਐਤਵਾਰ) ਨੂੰ ਲਈ ਜਾਵੇਗੀ। ਇਸ ਸਬੰਧੀ ਫਾਰਮ ਜਮ੍ਹਾਂ ਕਰਵਾਉਣ ਦੀ ਆਖਰੀ ਤਾਰੀਕ 6 ਮਾਰਚ ਨਿਸਚਤ ਕੀਤੀ ਗਈ ਹੈ। ਪਹਿਲਾਂ ਦੀ ਤਰ੍ਹਾਂ ਇਹ ਪ੍ਰੀਖਿਆ ਵਿਭਾਗ ਦੇ ਮੁੱਖ ਦਫਤਰ, ਭਾਸ਼ਾ ਭਵਨ, ਸ਼ੇਰਾਂ ਵਾਲਾ ਗੇਟ, ਪਟਿਆਲਾ ਵਿਖੇ ਹੋਵੇਗੀ। ਇਸ ਪ੍ਰੀਖਿਆ ਦੀ ਫੀਸ 2000/- ਰੁਪਏ ਹੈ ਜੋ ਕਿ ਨਕਦ ਵਸੂਲ ਕੀਤੀ ਜਾਵੇਗੀ। ਫਾਰਮ ਜਮ੍ਹਾਂ ਕਰਵਾਉਣ ਵਾਲੇ ਉਮੀਦਵਾਰ ਆਪਣੇ ਨਾਲ ਦਸਵੀਂ, ਬਾਰ੍ਹਵੀਂ ਅਤੇ ਗ੍ਰੈਜੁਏਸ਼ਨ ਦੇ ਅਸਲ ਸਰਟੀਫਿਕੇਟ ਅਤੇ ਇਨ੍ਹਾਂ ਦੀਆਂ ਤਸਦੀਕਸ਼ੁਦਾ ਕਾਪੀਆਂ, ਇਕ 30 ਗੁਣਾ 25 ਸੈਂਟੀਮੀਟਰ ਸਾਈਜ਼ ਦਾ ਸਵੈ ਪਤੇ ਵਾਲਾ ਲਿਫਾਫਾ ਜਿਸ ਉਤੇ 40/- ਰੁਪਏ ਦੀਆਂ ਡਾਕ ਟਿਕਟਾਂ ਲੱਗੀਆਂ ਹੋਣ ਅਤੇ ਪੰਜ ਫੋਟੋਆਂ ਇੱਕੋ ਸਨੈਪ ਦੀਆਂ ਪਾਸਪੋਰਟ ਸਾਈਜ਼ (ਜਿਨ੍ਹਾਂ ਵਿੱਚੋਂ ਦੋ ਫੋਟੋਆਂ ਗਜ਼ਟਿਡ ਅਫਸਰ ਵੱਲੋਂ ਤਸਦੀਕ ਕੀਤੀਆਂ ਹੋਣ) ਜਿਨ੍ਹਾਂ ਦੀ ਬੈਕ ਗਰਾਊਂਡ ਅਤੇ ਕੱਪੜੇ ਹਲਕੇ ਰੰਗ ਦੇ ਹੋਣ, ਨਾਲ ਲਿਆਉਣੀਆਂ ਲਾਜ਼ਮੀ ਹਨ। ਪੰਜਾਬੀ ਪ੍ਰਬੋਧ ਪ੍ਰੀਖਿਆ ਸਬੰਧੀ ਵਧੇਰੇ ਜਾਣਕਾਰੀ ਲਈ ਦਫਤਰ ਦੇ ਫੋਨ ਨੰਬਰ 0175-2214469 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸੂਰਜਕੁੰਡ ਮੇਲੇ ਵਿੱਚ ਕੰਕਰ ਕਲਾ ਦੀ ਪ੍ਰਦਰਸ਼ਨੀ



**ਫਰੀਦਾਬਾਦ, 17 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕੌਮਾਂਤਰੀ ਸੂਰਜਕੁੰਡ ਮੇਲੇ ਵਿੱਚ ਦੇਸ਼ ਦੇ ਕੋਨੇ-ਕੋਨੇ ਤੋਂ ਆਏ ਕਾਰੀਗਰ ਆਪਣੀਆਂ ਵਿਲੱਖਣ ਕਲਾਕ੍ਰਿਤੀਆਂ ਦਾ ਪ੍ਰਦਰਸ਼ਨ ਕਰ ਰਹੇ ਹਨ। ਮਹਾਰਾਸ਼ਟਰ ਦੇ ਪਰਭਨੀ ਜ਼ਿਲ੍ਹੇ ਦੇ ਸ਼ਿਲਪਕਾਰ ਭਗਵਾਨ ਪੰਵਾਰ ਅਤੇ ਉਨ੍ਹਾਂ ਦਾ ਪੁੱਤਰ ਪ੍ਰਹਿਲਾਦ ਪੰਵਾਰ ਇਨ੍ਹਾਂ 'ਚੋਂ ਇੱਕ ਹੈ। ਇਹ ਕਾਰੀਗਰ ਪੰਜਵੀਂ ਸਦੀ ਦੀ ਪ੍ਰਸਿੱਧ 'ਕੰਕਰ ਕਲਾ' ਨੂੰ ਆਪਣੇ ਹੁਨਰ ਰਾਹੀਂ ਦੇਸ਼ ਦੇ ਕੋਨੇ-ਕੋਨੇ ਤੱਕ ਲੈ ਕੇ ਜਾ ਰਹੇ ਹਨ ਅਤੇ ਇਸ ਨੂੰ ਪਛਾਣ ਦੇ ਰਹੇ ਹਨ।

ਇਸ ਨੂੰ ਪੈਬਲ ਆਰਟ ਵੀ ਕਿਹਾ ਜਾਂਦਾ ਹੈ। ਪੁਰਾਣੇ ਜ਼ਮਾਨੇ ਵਿਚ ਪੱਥਰਾਂ ਤੋਂ ਕਈ ਤਰ੍ਹਾਂ ਦੀਆਂ ਮੂਰਤੀਆਂ ਬਣਾਈਆਂ ਜਾਂਦੀਆਂ ਸਨ। ਦੇਸ਼ ਵਿੱਚ ਇਹ ਕਲਾ ਹੁਣ ਲਗਭਗ ਅਲੋਪ ਹੋ ਚੁੱਕੀ ਹੈ ਪਰ ਇਹ ਦੋਵੇਂ ਪਿਤਾ-ਪੁੱਤਰ ਆਪਣੇ ਪਰਿਵਾਰ ਸਮੇਤ ਇਸ ਕਲਾ ਨੂੰ ਮੁੜ ਜੀਵਤ ਕਰਨ ਵਿੱਚ ਲੱਗੇ ਹੋਏ ਹਨ।

ਮੂਰਤੀਕਾਰ ਪ੍ਰਹਲਾਦ ਪੰਵਾਰ ਨੇ ਦੱਸਿਆ ਕਿ ਕੰਕਰ ਕਲਾ ਨੂੰ ਪੰਜਵੀਂ ਸਦੀ ਦੀ ਕਲਾ ਮੰਨਿਆ ਜਾਂਦਾ ਹੈ। ਉਸ ਸਮੇਂ ਪੱਥਰ ਆਦਿ ਨੂੰ ਉਕਰਾਉਣ ਦੀ ਕੋਈ ਸਹੂਲਤ ਨਹੀਂ ਸੀ। ਰਾਜਾ ਮਹਾਰਾਜੇ ਸਜਾਵਟ ਲਈ ਆਪਣੇ ਕਾਰੀਗਰਾਂ ਤੋਂ ਵੱਖ-ਵੱਖ ਤਰ੍ਹਾਂ ਦੀਆਂ ਪੱਥਰ ਦੀਆਂ ਮੂਰਤੀਆਂ ਬਣਵਾਉਂਦੇ ਸਨ।

ਉਸ ਨੇ ਦੱਸਿਆ ਕਿ ਉਹ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਵਗਦੀਆਂ ਨਦੀਆਂ ਅਤੇ ਸਮੁੰਦਰਾਂ ਦੇ ਕੰਢਿਆਂ 'ਤੇ ਜਾਂਦਾ ਅਤੇ ਉਥੋਂ ਪੱਥਰਾਂ ਦੇ ਛੋਟੇ-ਛੋਟੇ ਟੁਕੜੇ ਇਕੱਠੇ ਕਰਦਾ ਹੈ। ਇਸ ਤੋਂ ਬਾਅਦ ਇੱਕ ਥੀਮ ਨੂੰ ਸੋਚਦੇ ਹੋਏ ਪੱਥਰਾਂ ਨੂੰ ਤੋੜੇ ਜਾਂ ਉੱਕਰੇ ਬਿਨਾਂ ਉਨ੍ਹਾਂ ਨੂੰ ਆਕਾਰ ਦਿੰਦਾ ਹੈ। ਦਰਿਆਵਾਂ ਵਿੱਚੋਂ ਨਿਕਲਣ ਵਾਲੇ ਕੰਕਰਾਂ ਅਤੇ ਪੱਥਰਾਂ ਨੂੰ ਮਿਲਾ ਕੇ ਬਣਾਈਆਂ ਗਈਆਂ ਕਲਾਕ੍ਰਿਤੀਆਂ ਨੂੰ 'ਪੈਬਲ ਆਰਟ' ਵੀ ਕਿਹਾ ਜਾਂਦਾ ਹੈ। ਉਨ੍ਹਾਂ ਦਾ ਪੁੱਤਰ ਵੀ ਇਸ ਵਿਰਾਸਤੀ ਕਲਾ ਨੂੰ ਅੱਗੇ ਵਧਾ ਰਿਹਾ ਹੈ।

# ਇੰਡੀਅਨ ਇੰਸਟੀਚਿਊਟ ਆਫ਼ ਆਰਕੀਟੈਕਟਸ ਦੀ ਕੌਮੀ ਕਨਵੈਂਨਸ਼ਨ 'ਚ ਰਾਜਿੰਦਰ ਸਿੰਘ ਸੰਧੂ ਸਨਮਾਨਤ



**ਪਟਿਆਲਾ, 17 ਫਰਵਰੀ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਦੀ ਇੰਡੀਅਨ ਇੰਸਟੀਚਿਊਟ ਆਫ਼ ਆਰਕੀਟੈਕਟਸ ਦੀ ਲਖਨਊ ਵਿਖੇ ਹੋਈ ਕੌਮੀ ਕਨਵੈਂਨਸ਼ਨ ਮੌਕੇ ਪਟਿਆਲਾ ਦੇ ਆਰਕੀਟੈਕਟ ਰਜਿੰਦਰ ਸਿੰਘ ਸੰਧੂ ਨੂੰ ਪ੍ਰੈਜ਼ੀਡੈਂਸ਼ੀਅਲ ਸਪੈਸ਼ਲ ਰਿਕੋਗਨੀਸ਼ਨ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ।

ਦੇਸ਼ ਦੇ ਆਰਕੀਟੇਕਟਸ ਦੀ ਸੰਸਥਾ ਇੰਡੀਅਨ ਇੰਸਟੀਚਿਊਟ ਆਫ਼ ਆਰਕੀਟੈਕਟਸ (ਨੈਟਕੋਨ) ਵੱਲੋਂ ਕਰਵਾਏ ਇਸ ਤਿੰਨ ਦਿਨਾਂ ਸਮਾਗਮ ਵਿੱਚ ਦੇਸ਼ ਦੇ ਉੱਘੇ ਆਰਕੀਟੇਕਟਾਂ ਵੱਲੋਂ ਆਪਣੀਆਂ ਪੇਸ਼ਕਾਰੀਆਂ ਦਿੱਤੀਆਂ ਗਈਆਂ। ਇਸ ਮੌਕੇ ਅਯੁੱਧਿਆ ਸ੍ਰੀ ਰਾਮ ਮੰਦਿਰ ਦੇ ਆਰਕੀਟੈਕਟ ਅਸੀਸ ਸੋਮਪੁਰਾ ਵੱਲੋਂ ਵੀ ਆਪਣੇ ਵਿਚਾਰ ਪੇਸ਼ ਕੀਤੇ ਗਏ।

ਜ਼ਿਕਰਯੋਗ ਹੈ ਕਿ ਦੇਸ਼ ਦੇ ਆਰਕੀਟੈਕਚਰ ਦੇ ਸਭ ਤੋਂ ਵੱਡੇ ਸਮਾਗਮ ਵਿੱਚ ਪੂਰੇ ਭਾਰਤ ਦੇ ਆਰਕੀਟੈਕਟਾਂ ਨੂੰ ਉਨ੍ਹਾਂ ਦੇ ਕੀਤੇ ਕੰਮਾਂ ਲਈ ਮਾਨਤਾ ਦੇਣ ਅਤੇ ਸਨਮਾਨਿਤ ਕਰਨ ਲਈ ਇਹ ਸਮਾਰੋਹ ਕਰਵਾਇਆ ਜਾਂਦਾ ਹੈ।

ਪਟਿਆਲਾ ਵਿਖੇ ਫਾਊਨਟੇਨਹੈੱਡ ਆਰਕੀਟੈਕਟਸ ਪਟਿਆਲਾ ਦੇ ਆਰਕੀਟੈਕਟ ਰਾਜਿੰਦਰ ਸਿੰਘ ਸੰਧੂ ਨੇ ਨੈਟਕੋਨ ਵੱਲੋਂ ਪ੍ਰੈਜ਼ੀਡੈਂਸ਼ੀਅਲ ਸਪੈਸ਼ਲ ਰਿਕੋਗਨੀਸ਼ਨ ਅਵਾਰਡ ਦੇਣ ਲਈ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੇ ਸਨਮਾਨ ਆਰਕੀਟੈਕਚਰ ਦੇ ਖੇਤਰ ਵਿੱਚ ਕੰਮ ਕਰਨ ਵਾਲਿਆਂ ਨੂੰ ਹੋਰ ਉਤਸ਼ਾਹ ਨਾਲ ਕੰਮ ਕਰਨ ਲਈ ਪ੍ਰੇਰਿਤ ਕਰਦੇ ਹਨ।

ਉਨ੍ਹਾਂ ਦੱਸਿਆ ਕਿ ਲਖਨਊ ਵਿਖੇ ਹੋਈ ਕਨਵੈਂਨਸ਼ਨ ਵਿੱਚ ਪੰਜਾਬ ਦੇ ਅੰਮ੍ਰਿਤਸਰ ਦੇ ਆਰਕੀਟੈਕਟ ਪ੍ਰਿਤਪਾਲ ਸਿੰਘ ਆਹਲੂਵਾਲੀਆ ਨੂੰ ਰਾਸ਼ਟਰ ਸਮਾਗਮ ਕਰਵਾਉਣ ਲਈ ਸਨਮਾਨਤ ਕੀਤਾ ਗਿਆ। ਜਦਕਿ ਆਰਕੀਟੈਕਟ ਇੰਦੂ ਅਰੋੜਾ ਤੇ ਸੰਜੇ ਸ਼ਰਮਾ ਨੂੰ ਸਰਟੀਫਿਕੇਟ ਆਫ਼ ਮੈਰਿਟ ਦੇ ਕੇ ਸਨਮਾਨਿਤ ਕੀਤਾ ਗਿਆ ਹੈ।

# ਸੰਯੁਕਤ ਕਿਸਾਨ ਮੋਰਚੇ ਵੱਲੋਂ ਪੰਜਾਬ ਦੇ ਸਾਰੇ ਟੋਲ ਪਲਾਜ਼ੇ ਕੀਤੇ ਪਰਚੀ ਮੁਕਤ

**ਜਲੰਧਰ, 17 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਯੁਕਤ ਕਿਸਾਨ ਮੋਰਚਾ ਵੱਲੋਂ ਪੰਜਾਬ ਹਰਿਆਣਾ ਸਰਹੱਦ 'ਤੇ ਭਾਜਪਾ ਦੀਆਂ ਕੇਂਦਰ ਅਤੇ ਹਰਿਆਣਾ ਸਰਕਾਰਾਂ ਵੱਲੋਂ ਕਿਸਾਨਾਂ ਉੱਤੇ ਅੱਥਰੂ ਗੈਸ, ਰਬੜ ਦੀਆਂ ਗੋਲੀਆਂ ਅਤੇ ਪਾਣੀ ਦੀਆਂ ਬੁਛਾੜਾਂ ਮਾਰਨ ਦੀ ਨਿਖੇਧੀ ਕੀਤੀ। ਉਨ੍ਹਾਂ ਇਸ ਵਿਰੁੱਧ 11 ਤੋਂ 2 ਵਜੇ ਦੁਪਹਿਰ ਤੱਕ ਤਿੰਨ ਘੰਟਿਆਂ ਲਈ ਸੂਬੇ ਦੇ ਸਾਰੇ ਟੌਲ ਪਲਾਜ਼ਿਆਂ ਨੂੰ ਟੌਲ ਮੁਕਤ ਕਰਨ ਦਾ ਸੱਦਾ ਦਿੱਤਾ ਸੀ। ਜਿਸ ਤਹਿਤ ਸਾਰੇ ਟੋਲ ਪਲਾਜੇ ਪਰਚੀ ਮੁਕਤ ਕੀਤੇ ਗਏ। ਇਥੇ ਅੱਜ ਹੋਈ ਮੀਟਿੰਗ ਵਿੱਚ ਕਿਸਾਨਾਂ ਉੱਤੇ ਜਬਰ ਨੂੰ ਬੰਦ ਕਰਕੇ ਕਿਸਾਨਾਂ ਨੂੰ ਦਿੱਲੀ ਵਿਖੇ ਪ੍ਰਦਰਸ਼ਨ ਕਰਨ ਲਈ ਖੜ੍ਹੀਆਂ ਕੀਤੀਆਂ ਰੋਕਾਂ ਨੂੰ ਹਟਾਉਣ ਦੀ ਮੰਗ ਕੀਤੀ ਗਈ ਹੈ। ਆਗੂਆਂ ਨੇ ਕਿਹਾ ਹੈ ਕਿ ਭਾਜਪਾ ਸਰਕਾਰਾਂ ਵੱਲੋਂ ਪੰਜਾਬ ਦੇ ਲੋਕਾਂ ਨਾਲ ਦੁਸ਼ਮਣ ਦੇਸ਼ ਦੇ ਨਾਗਰਿਕਾਂ ਵਾਲਾ ਵਿਹਾਰ ਕੀਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰਾਂ ਦਾ ਅਜਿਹਾ ਵਤੀਰਾ ਪੰਜਾਬ ਦੇ ਲੋਕਾਂ ਵਿੱਚ ਬੇਗਾਨਗੀ ਦੀ ਭਾਵਨਾ ਦਾ ਅਹਿਸਾਸ ਮਜ਼ਬੂਤ ਕਰਨ ਦਾ ਸਬੱਬ ਬਣੇਗਾ। ਉਨ੍ਹਾਂ ਕਿਹਾ ਕਿ ਜੇ ਭਾਜਪਾ ਸਰਕਾਰਾਂ ਨੇ ਜਬਰ ਨੂੰ ਫੌਰੀ ਬੰਦ ਨਾ ਕੀਤਾ ਤਾਂ ਸੰਯੁਕਤ ਕਿਸਾਨ ਮੋਰਚਾ ਪੰਜਾਬ 18 ਫਰਵਰੀ ਨੂੰ ਲੁਧਿਆਣਾ ਮੀਟਿੰਗ ਵਿੱਚ ਭਾਜਪਾ ਵਿਰੁੱਧ ਸਖ਼ਤ ਐਕਸ਼ਨ ਲੈਣ ਤੋਂ ਪਿੱਛੇ ਨਹੀਂ ਹਟੇਗਾ। ਮੀਟਿੰਗ ਦੀ ਪ੍ਰਧਾਨਗੀ ਹਰਮੀਤ ਸਿੰਘ ਕਾਦੀਆਂ, ਬਲਜੀਤ ਸਿੰਘ ਗਰੇਵਾਲ ਅਤੇ ਕੁਲਵੰਤ ਸਿੰਘ ਸੰਧੂ ਨੇ ਕੀਤੀ। ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰਾਂ ਵੱਲੋਂ ਕੀਤੇ ਜਾ ਰਹੇ ਜਬਰ ਦਾ ਲੋਕ ਮੂੰਹ ਤੋੜ ਜਵਾਬ ਦੇਣਗੇ। ਹਰਿਆਣਾ ਪੁਲੀਸ ਵੱਲੋਂ ਪੰਜਾਬ ਦੇ ਕਿਸਾਨਾਂ 'ਤੇ ਡਰੋਨ ਨਾਲ ਅੱਥਰੂ ਗੈਸ ਦੇ ਗੋਲ਼ੇ ਦਾਗੇ ਜਾ ਰਹੇ ਹਨ। ਇਸ ਕਾਰਨ ਹੁਣ ਤੱਕ ਡੇਢ ਸੌ ਦੇ ਕਰੀਬ ਕਿਸਾਨ ਫੱਟੜ ਹੋ ਚੁੱਕੇ ਹਨ। ਇਸ ਕਾਰਨ ਪਟਿਆਲਾ ਦੇ ਡੀਸੀ ਸ਼ੌਕਤ ਅਹਿਮਦ ਪਰੇ ਨੇ ਅੱਜ ਅੰਬਾਲਾ ਦੇ ਡੀਸੀ ਨੂੰ ਪੱਤਰ ਲਿਖ ਕੇ ਇਸ ਕਦਰ ਪੰਜਾਬ ਵਾਲੇ ਖੇਤਰ 'ਚ ਡਰੋਨ ਭੇਜਣ ਤੋਂ ਵਰਜਿਆ ਹੈ। ਪਟਿਆਲਾ ਦੇ ਡੀਸੀ ਵੱਲੋਂ ਇਸ ਸਬੰਧੀ ਅੰਬਾਲਾ ਦੇ ਡੀਸੀ ਨੂੰ ਪੱਤਰ ਲਿਖਿਆ ਗਿਆ ਹੈ। ਅੰਬਾਲਾ ਦੇ ਡੀਸੀ ਨੇ ਇਸ ਦਾ ਕੀ ਜਵਾਬ ਦਿੱਤਾ ਇਸ ਦੀ ਪੁਸ਼ਟੀ ਨਹੀਂ ਹੋ ਸਕੀ।ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਸਾਨਾਂ 'ਤੇ ਪੁਲੀਸ ਦੀ ਧੱਕੇਸ਼ਾਹੀ ਨੂੰ ਜਮਹੂਰੀ ਹੱਕਾਂ ਦੀ ਘੋਰ ਉਲੰਘਣਾ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਦੀਆਂ ਹੱਕੀ ਮੰਗਾਂ ਪੂਰੀਆਂ ਕੀਤੀਆਂ ਜਾਣ ਅਤੇ ਉਨ੍ਹਾਂ ਨੂੰ ਖੁੱਲ੍ਹੀ ਵਿਚਾਰ-ਚਰਚਾ ਲਈ ਸੱਦਿਆ ਜਾਵੇ। ਸ੍ਰੀ ਸੰਧਵਾਂ ਨੇ ਕੌਮੀ ਰਾਜਧਾਨੀ ਦੇ ਰਾਹ 'ਚ ਬੈਰੀਕੇਡਿੰਗ ਤੇ ਹੋਰ ਰੋਕਾਂ ਲਾਉਣ ਨੂੰ ਲੋਕਤੰਤਰ 'ਤੇ ਵੱਡਾ ਹਮਲਾ ਕਰਾਰ ਦਿੱਤਾ ਹੈ।ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਅੱਜ ਕੇਂਦਰ ਸਰਕਾਰ 'ਤੇ ਤਿੱਖਾ ਹਮਲਾ ਕਰਦਿਆਂ ਉਸ 'ਤੇ ਦੇਸ਼ ਭਰ ਦੇ ਕਿਸਾਨ ਭਾਈਚਾਰੇ ਨਾਲ ਸਬੰਧਤ ਗੰਭੀਰ ਮੁੱਦਿਆਂ ਅਤੇ ਉਨ੍ਹਾਂ ਦੀਆਂ ਮੰਗਾਂ ਨੂੰ ਨਜ਼ਰਅੰਦਾਜ਼ ਕਰਨ ਦਾ ਦੋਸ਼ ਲਗਾਇਆ। ਉਨ੍ਹਾਂ ਕਿਸਾਨਾਂ ਵੱਲੋਂ ਕੀਤੇ ਜਾ ਰਹੇ ਪ੍ਰਦਰਸ਼ਨਾਂ ਪ੍ਰਤੀ ਭਾਜਪਾ ਸਰਕਾਰਾਂ ਵੱਲੋਂ ਬੇਰੁਖ਼ੀ ਵਰਤਣ ਦੀ ਨਿਖੇਧੀ ਕਰਦਿਆਂ ਇਸ ਨੂੰ ਨਿਰਾਦਰ ਭਰਿਆ ਅਤੇ ਗ਼ੈਰ-ਜਮਹੂਰੀ ਕਰਾਰ ਦਿੱਤਾ।

# ਨਾਹਰਕਾ ਮੁਹੱਲੇ ਵਿੱਚ ਦੂਸ਼ਿਤ ਪਾਣੀ ਕਾਰਨ ਦੋ ਦਰਜਨ ਲੋਕਾਂ ਨੂੰ ਡਾਇਰੀਆ



**ਰਤੀਆ, 17 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਟੋਹਾਣਾ ਰੋਡ ਸਥਿਤ ਵਾਰਡ ਨੰਬਰ-6 ਦੇ ਨਾਹਰਕਾ ਮੁਹੱਲੇ ਵਿਚ ਪਿਛਲੇ 20 ਦਿਨ ਤੋਂ ਪੀਣ ਵਾਲੇ ਪਾਣੀ ਵਿਚ ਮਿਲ ਰਹੇ ਸੀਵਰੇਜ ਦੇ ਦੂਸ਼ਿਤ ਪਾਣੀ ਕਾਰਨ 20 ਤੋਂ ਜ਼ਿਆਦਾ ਲੋਕਾਂ ਨੂੰ ਡਾਇਰੀਆ ਹੋ ਗਿਆ ਹੈ। ਮਰੀਜ਼ਾਂ ਦਾ ਪ੍ਰਾਈਵੇਟ ਹਸਪਤਾਲਾਂ ਵਿਚ ਇਲਾਜ ਚੱਲ ਰਿਹਾ ਹੈ। ਇਲਾਕਾ ਵਾਸੀਆਂ ਨੇ ਕਿਹਾ ਕਿ ਜੇ ਪ੍ਰਸ਼ਾਸਨ ਨੇ ਸਮੇਂ 'ਤੇ ਇਸ ਸਮੱਸਿਆ ਦਾ ਹੱਲ ਨਾ ਕੀਤਾ ਤਾਂ ਸਮੱਸਿਆ ਗੰਭੀਰ ਹੋ ਸਕਦੀ ਹੈ।

ਵਾਰਡ ਵਾਸੀ ਸੁਰਿੰਦਰ ਸੈਨ, ਰਘਵੀਰ ਸੈਨੀ, ਹੈਪੀ, ਮੱਖਣ, ਬਬਲੀ, ਮੇਲਾ ਰਾਮ, ਕਾਲਾ, ਹਰਬੰਸ ਅਤੇ ਜੈਕੀ ਨੇ ਦੱਸਿਆ ਕਿ ਉਨ੍ਹਾਂ ਦੇ ਵਾਰਡ ਵਿਚ ਨਾਲ ਲੱਗਦੇ ਵਾਰਡ ਨੰਬਰ-5 ਦੇ ਵਾਟਰ ਵਰਕਸ ਤੋਂ ਪਾਣੀ ਦੀ ਸਪਲਾਈ ਹੁੰਦੀ ਹੈ। ਪਿਛਲੇ 20 ਦਿਨ ਤੋਂ ਪੀਣ ਵਾਲੇ ਪਾਣੀ ਵਿੱਚ ਸੀਵਰੇਜ ਦਾ ਦੂਸ਼ਿਤ ਪਾਣੀ ਮਿਲ ਕੇ ਆ ਰਿਹਾ ਹੈ। ਪਾਣੀ ਬੁਰੀ ਤਰ੍ਹਾਂ ਬਦਬੂ ਮਾਰਦਾ ਹੈ। ਉਹ ਕਈ ਵਾਰ ਸਮੱਸਿਆ ਦੇ ਹੱਲ ਦੀ ਮੰਗ ਕਰ ਚੁੱਕੇ ਹਨ ਪਰ ਹੱਲ ਨਹੀਂ ਹੋ ਰਿਹਾ। ਹੁਣ ਸਥਿਤੀ ਇਹ ਹੈ ਕਿ ਲੋਕਾਂ ਵਿਚ ਉਲਟੀ ਅਤੇ ਦਸਤ ਦੀ ਸਮੱਸਿਆ ਵਧ ਰਹੀ ਹੈ। ਮਜਬੂਰੀ ਵਿੱਚ ਲੋਕਾਂ ਨੂੰ ਨੇੜਲੇ ਖੇਤਾਂ 'ਚ ਲੱਗੇ ਟਿਊਬਵੈਲਾਂ ਅਤੇ ਕਲੋਨੀਆਂ 'ਚੋਂ ਪੀਣ ਵਾਲਾ ਪਾਣੀ ਲਿਆਉਣਾ ਪੈ ਰਿਹਾ ਹੈ। ਦੂਸ਼ਿਤ ਪਾਣੀ ਕਾਰਨ ਹੋਰ ਬਿਮਾਰੀਆਂ ਫੈਲਣ ਦਾ ਵੀ ਖਦਸ਼ਾ ਹੈ।

ਜੇਈ ਵੱਲੋਂ ਜਲਦੀ ਸਮੱਸਿਆ ਦੇ ਹੱਲ ਦਾ ਭਰੋਸਾ

ਜਨ ਸਿਹਤ ਵਿਭਾਗ ਦੇ ਜੇਈ ਅਮਨਦੀਪ ਸਿੰਘ ਨੇ ਦੱਸਿਆ ਕਿ ਇਸ ਸਬੰਧੀ ਟੀਮ ਭੇਜੀ ਦਿੱਤੀ ਗਈ ਹੈ। ਜਲਦੀ ਹੀ ਸਮੱਸਿਆ ਦਾ ਹੱਲ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਕਿਸੇ ਨੂੰ ਵੀ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ।

# ਕਿਸਾਨਾਂ ਨੇ ਸ਼ੱਕ ਦੇ ਆਧਾਰ 'ਤੇ ਸੀਆਈਡੀ ਅਧਿਕਾਰੀ ਨੂੰ ਬੰਧੀ ਬਣਾਇਆ

**ਜੀਂਦ, 17 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ-ਪਟਿਆਲਾ ਕੌਮੀ ਮਾਰਗ 'ਤੇ ਖਨੌਰੀ-ਦਾਤਾ ਸਿੰਘ ਵਾਲਾ ਬਾਰਡਰ 'ਤੇ ਅੱਜ ਕਿਸਾਨਾਂ ਨੇ ਥਾਣਾ ਗੜ੍ਹੀ ਦੇ ਸੀਆਈਡੀ ਅਧਿਕਾਰੀ ਸਤਿੰਦਰਪਾਲ ਨੂੰ ਸ਼ੱਕ ਦੇ ਆਧਾਰ 'ਤੇ ਫੜ ਲਿਆ। ਉਨ੍ਹਾਂ ਦੋਸ਼ ਲਾਇਆ ਕਿ ਸੀਆਈਡੀ ਅਧਿਕਾਰੀ ਕਿਸਾਨਾਂ ਦੀ ਰਣਨੀਤੀ ਦਾ ਭੇਤ ਲੈਣ ਆਇਆ ਸੀ।

ਇਸ ਤੋਂ ਇਲਾਵਾ ਅੱਜ ਇੱਥੇ ਮਾਹੌਲ ਸ਼ਾਂਤ ਰਿਹਾ। ਇਸ ਦੌਰਾਨ ਐੱਸਪੀ ਸੁਮਿਤ ਕੁਮਾਰ ਨੇ ਪੰਜਾਬ ਵੱਲ ਯਾਤਰਾ ਕਰਨ ਵਾਲੇ ਲੋਕਾਂ ਨੂੰ ਸਲਾਹ ਦਿੱਤੀ ਕਿ ਉਹ ਜ਼ਰੂਰੀ ਕੰਮਾਂ ਲਈ ਹੀ ਯਾਤਰਾ ਕਰਨ। ਉਨ੍ਹਾਂ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਸਹਾਇਤਾ ਲਈ ਹੈਲਪਲਾਈਨ ਨੰਬਰ 112 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਜ਼ਿਕਰਯੋਗ ਹੈ ਕਿ ਬੀਤੀ ਸ਼ਾਮ ਕਿਸਾਨਾਂ ਅਤੇ ਪੁਲੀਸ ਜਵਾਨਾਂ ਵਿਚਾਲੇ ਹੋਈ ਝੜਪ ਮਗਰੋਂ ਮਾਹੌਲ ਤਣਾਅਪੂਰਨ ਹੋ ਗਿਆ ਸੀ। ਇਸ ਝੜਪ ਵਿੱਚ ਪੁਲੀਸ ਦੇ ਲਗਪਗ 5 ਜਵਾਨ ਅਤੇ ਇੱਕ ਬਜ਼ੁਰਗ ਜ਼ਖ਼ਮੀ ਹੋ ਗਿਆ ਸੀ। ਇਸ ਮਗਰੋਂ ਐੱਸਪੀ ਜੀਂਦ ਸੁਮਿਤ ਕੁਮਾਰ ਅਪਣੀ ਟੀਮ ਸਮੇਤ ਜ਼ਖ਼ਮੀਆਂ ਦਾ ਹਾਲ ਪੁੱਛਿਆ। ਉਨ੍ਹਾਂ ਕਿਹਾ ਕਿ ਘਬਰਾਉਣ ਦੀ ਲੋੜ ਨਹੀਂ ਹੈ। ਸਥਿਤੀ ਕੰਟਰੋਲ ਹੇਠ ਹੈ। ਉਨ੍ਹਾਂ ਨੇ ਕਿਸਾਨ ਅੰਦੋਲਨ ਵਿੱਚ ਆਮ ਲੋਕਾਂ ਨੂੰ ਸਹਿਯੋਗ ਬਣਾਈ ਰੱਖਣ ਦੀ ਅਪੀਲ ਕੀਤੀ ਹੈ। ਉਨ੍ਹਾਂ ਦੱਸਿਆ ਕਿ ਕਿਸਾਨ ਅੰਦੋਲਨ ਦੇ ਮੱਦੇਨਜ਼ਰ ਜ਼ਿਲ੍ਹਾ ਪ੍ਰਸ਼ਾਸਨ ਤੇ ਪੁਲੀਸ ਵੱਲੋਂ ਜੀਂਦ ਵਿੱਚ ਸੁਰੱਖਿਆ ਲਈ ਠੋਸ ਪ੍ਰਬੰਧ ਕੀਤੇ ਗਏ ਹਨ। ਜੀਂਦ ਦੇ ਸਹਿਕਾਰੀ ਖੰਡ ਮਿੱਲ ਨੂੰ ਅਸਥਾਈ ਰੂਪ ਵਿੱਚ ਪੁਲੀਸ ਛਾਊਣੀ 'ਚ ਬਦਲਿਆ ਗਿਆ ਹੈ। ਡਰੋਨ ਕੈਮਰਿਆਂ ਰਾਹੀਂ ਹਰ ਪਾਸੇ ਨਜ਼ਰ ਰੱਖੀ ਜਾ ਰਹੀ ਹੈ ਅਤੇ ਅਗਲੇ ਹੁਕਮਾਂ ਤੱਕ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਛੁੱਟੀਆਂ ਰੱਦ ਕੀਤੀਆਂ ਹੋਈਆਂ ਹਨ।

# ਰਾਜ ਸਭਾ ਚੋਣਾਂ: ਸੋਨੀਆ ਨੇ ਰਾਜਸਥਾਨ ਤੋਂ ਨਾਮਜ਼ਦਗੀ ਭਰੀ

**ਨਵੀਂ ਦਿੱਲੀ, 17 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਨੇ 27 ਫਰਵਰੀ ਨੂੰ ਹੋਣ ਵਾਲੀਆਂ ਰਾਜ ਸਭਾ ਚੋਣਾਂ ਲਈ ਪਾਰਟੀ ਦੀ ਸਾਬਕਾ ਪ੍ਰਧਾਨ ਸੋਨੀਆ ਗਾਂਧੀ (77), ਸੀਨੀਅਰ ਆਗੂਆਂ ਅਜੈ ਮਾਕਨ, ਅਭਿਸ਼ੇਕ ਸਿੰਘਵੀ ਅਤੇ ਰੇਣੂਕਾ ਚੌਧਰੀ ਸਣੇ 10 ਆਗੂਆਂ ਨੂੰ ਮੈਦਾਨ 'ਚ ਉਤਾਰਿਆ ਹੈ। ਸੋਨੀਆ ਨੇ ਅੱਜ ਜੈਪੁਰ 'ਚ ਆਪਣੇ ਨਾਮਜ਼ਦਗੀ ਕਾਗਜ਼ ਦਾਖ਼ਲ ਕੀਤੇ। ਇਸ ਮੌਕੇ ਪੁੱਤਰ ਰਾਹੁਲ ਗਾਂਧੀ ਤੇ ਧੀ ਪ੍ਰਿਯੰਕਾ ਗਾਂਧੀ ਵਾਡਰਾ ਅਤੇ ਰਾਜਸਥਾਨ ਦੇ ਸਾਬਕਾ ਮੁੱਖ ਮੰਤਰੀ ਅਸ਼ੋਕ ਗਹਿਲੋਤ ਵੀ ਹਾਜ਼ਰ ਸਨ। ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿਘ ਦਾ ਰਾਜ ਸਭਾ ਕਾਰਜਕਾਲ ਅਪਰੈਲ 'ਚ ਖ਼ਤਮ ਹੋਣ ਮਗਰੋਂ ਇਹ ਸੀਟ ਖਾਲੀ ਹੋ ਰਹੀ ਹੈ। ਸੋਨੀਆ ਰਾਜਸਥਾਨ ਤੋਂ ਪਹਿਲੀ ਵਾਰ ਰਾਜ ਸਭਾ 'ਚ ਦਾਖ਼ਲ ਹੋਣ ਲਈ ਤਿਆਰ ਹੈ। ਮੰਨਿਆ ਜਾ ਰਿਹਾ ਹੈ ਕਿ ਉਨ੍ਹਾਂ ਦੀ ਲੋਕ ਸਭਾ ਸੀਟ ਰਾਏ ਬਰੇਲੀ ਤੋਂ ਪ੍ਰਿਯੰਕਾ ਗਾਂਧੀ ਨੂੰ ਚੋਣ ਲੜਾਈ ਜਾ ਸਕਦੀ ਹੈ। ਪਾਰਟੀ ਦੇ ਖ਼ਜ਼ਾਨਚੀ ਅਜੈ ਮਾਕਨ ਨੂੰ ਕਰਨਾਟਕ ਅਤੇ ਅਭਿਸ਼ੇਕ ਸਿੰਘਵੀ ਨੂੰ ਹਿਮਾਚਲ ਪ੍ਰਦੇਸ਼ ਤੋਂ ਰਾਜ ਸਭਾ ਲਈ ਭੇਜਿਆ ਜਾ ਰਿਹਾ ਹੈ। ਦੋਵੇਂ ਸੂਬਿਆਂ 'ਚ ਪਾਰਟੀ ਦੀ ਸਰਕਾਰ ਹੈ। ਮਾਕਨ ਨੇ ਪਿਛਲੇ ਸਾਲ ਹਰਿਆਣਾ ਤੋਂ ਰਾਜ ਸਭਾ ਦੀ ਚੋਣ ਲੜੀ ਸੀ ਪਰ ਉਹ ਹਾਰ ਗਏ ਸਨ। ਕਾਂਗਰਸ ਨੇ ਸਾਬਕਾ ਕੇਂਦਰੀ ਮੰਤਰੀ ਰੇਣੂਕਾ ਚੌਧਰੀ ਅਤੇ ਸਥਾਨਕ ਆਗੂ ਐੱਮ ਅਨਿਲ ਕੁਮਾਰ ਯਾਦਵ ਨੂੰ ਤਿਲੰਗਾਨਾ ਤੋਂ ਰਾਜ ਸਭਾ ਉਮੀਦਵਾਰ ਬਣਾਇਆ ਹੈ ਜਿਥੇ ਪਾਰਟੀ ਪਿਛਲੇ ਸਾਲ ਦਸੰਬਰ 'ਚ ਸੱਤਾ 'ਚ ਆਈ ਹੈ। ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੇ ਦੱਸਿਆ ਕਿ ਸਿੰਘਵੀ ਹਿਮਾਚਲ ਪ੍ਰਦੇਸ਼ ਦੀ ਇਕਲੌਤੀ ਰਾਜ



ਸਭਾ ਸੀਟ ਤੋਂ ਵੀਰਵਾਰ ਨੂੰ ਨਾਮਜ਼ਦਗੀ ਕਾਗਜ਼ ਦਾਖ਼ਲ ਕਰਨਗੇ। ਸੀਨੀਅਰ ਪਾਰਟੀ ਆਗੂ ਅਤੇ ਸਾਬਕਾ ਕੇਂਦਰੀ ਮੰਤਰੀ ਆਨੰਦ ਸ਼ਰਮਾ ਨੇ ਹਿਮਾਚਲ ਤੋਂ ਰਾਜ ਸਭਾ ਟਿਕਟ 'ਤੇ ਅੱਖ ਰੱਖੀ ਹੋਈ ਸੀ। ਰਾਜ ਸਭਾ ਦੀਆਂ 56 ਸੀਟਾਂ 'ਤੇ ਚੋਣਾਂ 27 ਫਰਵਰੀ ਨੂੰ ਹੋਣਗੀਆਂ। ਨਾਮਜ਼ਦਗੀ ਕਾਗਜ਼ ਦਾਖ਼ਲ ਕਰਨ ਦੀ ਆਖਰੀ ਤਰੀਕ 17 ਫਰਵਰੀ ਹੈ। ਕਾਂਗਰਸ ਨੇ ਸੱਯਦ ਨਾਸਿਰ ਹੁਸੈਨ, ਜੋ ਪਾਰਟੀ ਪ੍ਰਧਾਨ ਮਲਿਕਾਰਜੁਨ ਖੜਗੇ ਦੇ ਦਫ਼ਤਰ 'ਚ ਕੋਆਰਡੀਨੇਟਰ ਹਨ, ਨੂੰ ਮੁੜ ਤੋਂ ਰਾਜ ਸਭਾ ਲਈ ਨਾਮਜ਼ਦ ਕੀਤਾ ਹੈ। ਉਹ ਦੂਜੀ ਵਾਰ ਕਰਨਾਟਕ ਤੋਂ ਰਾਜ ਸਭਾ ਮੈਂਬਰ ਬਣਨਗੇ। ਪਾਰਟੀ ਨੇ ਬਿਹਾਰ ਇਕਾਈ ਦੇ ਪ੍ਰਧਾਨ ਅਖਿਲੇਸ਼ ਪ੍ਰਸਾਦ ਸਿੰਘ ਨੂੰ ਸੂਬੇ ਤੋਂ ਰਾਜ ਸਭਾ ਦੀ ਮੁੜ ਟਿਕਟ ਦਿੱਤੀ ਹੈ ਅਤੇ ਉਨ੍ਹਾਂ ਮੰਗਲਵਾਰ ਨੂੰ ਨਾਮਜ਼ਦਗੀ ਕਾਗਜ਼ ਦਾਖ਼ਲ ਕਰ ਦਿੱਤੇ ਹਨ। ਪਾਰਟੀ ਵੱਲੋਂ ਐਲਾਨੀ ਸੂਚੀ 'ਚ ਕਰਨਾਟਕ ਦੇ ਆਗੂ ਜੀ ਸੀ ਚੰਦਰਸ਼ੇਖਰ, ਮੱਧ ਪ੍ਰਦੇਸ਼ ਤੋਂ ਸਥਾਨਕ ਆਗੂ ਅਸ਼ੋਕ ਸਿੰਘ ਅਤੇ ਮਹਾਰਾਸ਼ਟਰ ਤੋਂ ਚੰਦਰਕਾਂਤ ਹੰਡੋਰੇ ਦੇ ਨਾਮ ਵੀ ਸ਼ਾਮਲ ਹਨ। ਭਾਜਪਾ ਨੇ ਪਾਰਟੀ ਪ੍ਰਧਾਨ ਜੇ ਪੀ ਨੱਢਾ ਨੂੰ ਰਾਜ ਸਭਾ ਚੋਣਾਂ ਲਈ ਗੁਜਰਾਤ ਤੇ ਸਾਬਕਾ ਮੁੱਖ ਮੰਤਰੀ ਤੇ ਦੋ ਕੁ ਦਿਨ ਪਹਿਲਾਂ ਕਾਂਗਰਸ ਛੱਡ ਕੇ ਭਾਜਪਾ 'ਚ ਸ਼ਾਮਲ ਹੋਏ ਅਸ਼ੋਕ ਚਵਾਨ ਨੂੰ ਮਹਾਰਾਸ਼ਟਰ ਤੋਂ ਉਮੀਦਵਾਰ ਬਣਾਇਆ ਹੈ। ਕੇਂਦਰੀ ਮੰਤਰੀ ਅਸ਼ਵਨੀ ਵੈਸ਼ਨਵ ਉੜੀਸਾ ਤੋਂ ਉਮੀਦਵਾਰ ਬਣਾਏ ?ਗਏ ?ਹਨ। ਭਾਜਪਾ ਨੇ ਰਾਜ ਸਭਾ ਚੋਣਾਂ ਲਈ 28 ਉਮੀਦਵਾਰਾਂ ਦੀ ਸੂਚੀ ਜਾਰੀ ਕੀਤੀ ਹੈ ਜਿਨ੍ਹਾਂ 'ਚੋਂ ਚਾਰ ਗੁਜਰਾਤ ਤੇ ਤਿੰਨ ਮਹਾਰਾਸ਼ਟਰ ਤੋਂ ਚੋਣ ਲੜਨਗੇ।

ਨੱਢਾ ਇਸ ਸਮੇਂ ਹਿਮਾਚਲ ਪ੍ਰਦੇਸ਼ ਤੋਂ ਰਾਜ ਸਭਾ ਮੈਂਬਰ ਹਨ ਪਰ ਐਤਕੀਂ ਕਾਂਗਰਸ ਸ਼ਾਸਿਤ ਸੂਬੇ 'ਚ ਇਕਲੌਤੀ ਸੀਟ ਜਿੱਤਣ ਲਈ ਉਸ ਕੋਲ ਘੱਟ ਵਿਧਾਇਕ ਹਨ। ਭਾਜਪਾ ਨੇ ਕੇਂਦਰੀ ਮੰਤਰੀਆਂ ਤੇ ਰਾਜ ਸਭਾ ਤੋਂ ਸੇਵਾਮੁਕਤ ਹੋ ਰਹੇ ਮਨਸੁਖ ਮਾਂਡਵੀਆ, ਪਰਸ਼ੋਤਮ ਰੁਪਾਲਾ ਅਤੇ ਨਾਰਾਇਣ ਰਾਣੇ ਨੂੰ ਮੁੜ ਨਾਮਜ਼ਦ ਨਹੀਂ ਕੀਤਾ ਹੈ। ਮੰਨਿਆ ਜਾ ਰਿਹਾ ਹੈ ਕਿ ਪਾਰਟੀ ਵੱਲੋਂ ਤਿੰਨੋਂ ਆਗੂਆਂ ਨੂੰ ਲੋਕ ਸਭਾ ਚੋਣਾਂ ਲੜਵਾਈਆਂ ਜਾ ਸਕਦੀਆਂ ਹਨ।

# ਰਾਹੁਲ ਗਾਂਧੀ ਨੇ ਜ਼ਖ਼ਮੀ ਕਿਸਾਨ ਦੀ ਫੋਨ ਉੱਤੇ ਲਈ ਖ਼ਬਰਸਾਰ

**ਰਾਜਪੁਰਾ, 17 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਆਗੂ ਰਾਹੁਲ ਗਾਂਧੀ ਨੇ 'ਦਿੱਲੀ ਚਲੋ' ਮਾਰਚ ਦੌਰਾਨ ਸ਼ੰਭੂ ਬਾਰਡਰ 'ਤੇ ਹਰਿਆਣਾ ਪੁਲੀਸ ਦੀ ਕਾਰਵਾਈ ਵਿਚ ਜ਼ਖ਼ਮੀ ਹੋਏ ਕਿਸਾਨ ਨਾਲ ਫੋਨ 'ਤੇ ਗੱਲਬਾਤ ਕਰਕੇ ਉਸ ਦੀ ਖ਼ਬਰਸਾਰ ਲਈ। ਗਾਂਧੀ ਨੇ ਮੋਦੀ ਸਰਕਾਰ ਉੱਤੇ ਦੇਸ਼ ਦੇ ਅੰਨਦਾਤੇ ਪ੍ਰਤੀ 'ਤਾਨਾਸ਼ਾਹੀ ਰਵੱਈਆ' ਅਖ਼ਤਿਆਰ ਕਰਨ ਦਾ ਦੋਸ਼ ਲਾਇਆ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਰਾਜਾ ਵੜਿੰਗ ਨੇ ਮੰਗਲਵਾਰ ਰਾਤ ਨੂੰ ਜ਼ਖ਼ਮੀ ਕਿਸਾਨ ਗੁਰਮੀਤ ਸਿੰਘ ਦੀ ਗਾਂਧੀ ਨਾਲ ਫੋਨ 'ਤੇ ਗੱਲਬਾਤ ਕਰਵਾਈ। ਵੜਿੰਗ ਹਰਿਆਣਾ ਪੁਲੀਸ ਨਾਲ ਝੜਪ ਦੌਰਾਨ ਜ਼ਖ਼ਮੀ ਹੋਏ ਕਿਸਾਨਾਂ ਦੀ ਖ਼ਬਰਸਾਰ ਲੈਣ ਲਈ ਰਾਜਪੁਰਾ ਦੇ ਸਰਕਾਰੀ ਹਸਪਤਾਲ ਪੁੱਜੇ ਸਨ।

ਗਾਂਧੀ ਨੇ ਮਗਰੋਂ ਆਪਣੇ ਵੱਟਸਐਪ ਚੈਨਲ 'ਤੇ ਹਿੰਦੀ ਵਿਚ ਪਾਈ ਪੋਸਟ ਵਿਚ ਕਿਹਾ, "ਸਾਬਕਾ ਫੌਜੀ ਗੁਰਮੀਤ ਸਿੰਘ ਜੀ, ਜੋ ਕਿਸਾਨ ਅੰਦੋਲਨ ਦੌਰਾਨ ਪੁਲੀਸ ਵੱਲੋਂ ਕੀਤੇ ਅੱਤਿਆਚਾਰ ਵਿਚ ਜ਼ਖ਼ਮੀ ਹੋ ਗਏ ਸਨ,



ਨਾਲ ਫੋਨ 'ਤੇ ਗੱਲਬਾਤ ਕੀਤੀ। ਉਨ੍ਹਾਂ ਦੀ ਸਿਹਤ ਬਾਰੇ ਪੁੱਛਿਆ ਤੇ ਹੱਕਾਂ ਦੀ ਮੰਗ ਨੂੰ ਲੈ ਕੇ ਕੀਤੇ ਜਾ ਰਹੇ ਸ਼ਾਂਤਪੂਰਨ ਅੰਦੋਲਨ ਲਈ ਹਮਾਇਤ ਜਤਾਈ।" ਗਾਂਧੀ ਨੇ ਕਿਹਾ , "ਉਹ ਜਵਾਨ ਵੀ ਸਨ ਤੇ ਕਿਸਾਨ ਵੀ ਹਨ, ਉਨ੍ਹਾਂ ਦੀ ਜੈ ਕਰਨ ਦੀ ਥਾਂ ਦੇਸ਼ ਦੇ ਰਕਸ਼ਕ ਤੇ ਅੰਨਦਾਤਿਆਂ ਨਾਲ ਮੋਦੀ ਸਰਕਾਰ ਦਾ ਇਹ ਤਾਨਾਸ਼ਾਹੀ ਰਵੱਈਆ ਲੋਕਤੰਤਰ ਨੂੰ ਸ਼ਰਮਸਾਰ ਕਰ ਰਿਹਾ ਹੈ।" ਕਾਂਗਰਸ ਆਗੂ ਨੇ ਜ਼ਖ਼ਮੀ ਕਿਸਾਨ ਨੂੰ ਪੁੱਛਿਆ ਕਿ ਉਸ ਦੇ ਕਿੱਥੇ ਸੱਟ ਲੱਗੀ ਹੈ।

## ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ 'ਚ ਤਰੱਕੀਆਂ ਦਾ ਦੌਰ ਜਾਰੀ : ਡਾ. ਬਲਜੀਤ ਕੌਰ

ਚੰਡੀਗੜ੍ਹ 17 ਫਰਵਰੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਮੁਲਾਜਮਾਂ ਨੂੰ ਸਮੇਂ ਸਿਰ ਬਣਦੀਆਂ ਤਰੱਕੀਆਂ ਦੇਣ ਲਈ ਵਚਨਬੱਧ ਹੈ। ਇਸੇ ਤਹਿਤ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਦੇ 18 ਸੁਪਰਵਾਈਜਰਾਂ ਨੂੰ ਬਤੌਰ ਸੀ. ਡੀ. ਪੀ. ਓਜ਼ ਤਰੱਕੀ ਦਿੱਤੀ ਗਈ ਹੈ। ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਸੂਬਾ ਸਰਕਾਰ ਨੇ ਮੁਲਾਜਮਾਂ ਦੀਆਂ ਤਰੱਕੀਆਂ ਸਬੰਧੀ ਮੰਗਾਂ ਪੂਰੀਆਂ ਕਰ ਦਿੱਤੀਆਂ ਹਨ। ਉਨ੍ਹਾਂ ਦੱਸਿਆ ਕਿ ਵਿਭਾਗ ਵਿੱਚ



ਤਰੱਕੀਆਂ ਦਾ ਦੌਰ ਜਾਰੀ ਹੈ। ਇਸ ਸੰਦਰਭ ਵਿੱਚ 18 ਸੁਪਰਵਾਈਜ਼ਰਾਂ ਨੂੰ ਬਾਲ ਵਿਕਾਸ ਪ੍ਰਾਜੈਕਟ ਅਫਸਰਾਂ (ਸੀ. ਡੀ. ਪੀ. ਓਜ਼) ਵਜੋਂ ਤਰੱਕੀ ਦਿੱਤੀ ਗਈ ਹੈ। ਇਸ ਮੌਕੇ ਪਦਉੱਨਤ ਮੁਲਾਜ਼ਮਾਂ ਨੂੰ ਵਧਾਈ ਦਿੰਦਿਆਂ ਕੈਬਨਿਟ ਮੰਤਰੀ ਨੇ ਸਮਰਪਣ ਭਾਵਨਾ ਅਤੇ ਈਮਾਨਦਾਰੀ ਨਾਲ ਕੰਮ ਕਰਨ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਇਹ ਵਿਭਾਗ ਸਮਾਜ ਦੇ ਵੱਖ-ਵੱਖ ਵਰਗਾਂ ਦੇ ਲੋਕਾਂ ਦੀ ਭਲਾਈ ਲਈ ਕੰਮ ਕਰਦਾ ਹੈ। ਇਸ ਲਈ ਮੁਲਾਜ਼ਮਾਂ ਦਾ ਵੀ ਫਰਜ਼ ਬਣਦਾ ਹੈ ਕਿ ਉਹ ਹਮੇਸ਼ਾ ਸੇਵਾ ਭਾਵਨਾ ਨਾਲ ਡਿਊਟੀ ਨਿਭਾਉਣ। ਜ਼ਿਕਰਯੋਗ ਹੈ ਕਿ ਵਿਭਾਗ ਦੇ ਪਦਉੱਨਤ 18 ਬਾਲ ਵਿਕਾਸ ਪ੍ਰਾਜੈਕਟ ਅਫਸਰਾਂ ਵਿੱਚ ਚਾਰ ਅਨੁਸੂਚਿਤ ਸ਼੍ਰੇਣੀ ਨਾਲ ਸਬੰਧਿਤ ਅਤੇ ਇੱਕ ਦਿਵਿਆਂਗ ਸ਼੍ਰੇਣੀ ਨਾਲ ਸਬੰਧਿਤ ਹਨ।

# ਪੰਜਾਬ ਦੇ ਖੇਤੀਬਾੜੀ ਮੰਤਰੀ ਗੁਰਮੀਤ ਖੁੱਡੀਆਂ ਦਾ ਕੇਂਦਰ ਸਰਕਾਰ 'ਤੇ ਤਿੱਖਾ ਹਮਲਾ, ਖੱਟਰ ਸਰਕਾਰ ਨੂੰ ਵੀ ਪਾਈ ਝਾੜ

ਕਿਸ਼ਨ ਪਾਲ

ਚੰਡੀਗੜ੍ਹ 17 ਫਰਵਰੀ। ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ 'ਤੇ ਤਿੱਖਾ ਹਮਲਾ ਕਰਦਿਆਂ ਦੇਸ ਭਰ ਦੇ ਕਿਸਾਨੀ ਭਾਈਚਾਰੇ ਨਾਲ ਸਬੰਧਤ ਗੰਭੀਰ ਮੁੱਦਿਆਂ ਅਤੇ ਉਨ੍ਹਾਂ ਦੀਆਂ ਮੰਗਾਂ ਨੂੰ ਨਜਰਅੰਦਾਜ ਕਰਨ ਦਾ ਦੋਸ ਲਗਾਇਆ। ਉਨ੍ਹਾਂ ਨੇ ਕਿਸਾਨ ਵੱਲੋਂ ਕੀਤੇ ਜਾ ਰਹੇ ਪ੍ਰਦਰਸਨਾਂ ਪ੍ਰਤੀ ਭਾਜਪਾ ਸਰਕਾਰਾਂ ਵੱਲੋਂ ਬੇਰੁਖੀ ਵਰਤਣ ਦੀ ਸਖਤ ਨਿਖੇਧੀ ਕਰਦਿਆਂ ਇਸ ਨੂੰ ਨਿਰਾਦਰ ਭਰਿਆ ਅਤੇ ਗੈਰ-ਜਮਹੂਰੀ ਕਰਾਰ ਦਿੱਤਾ। ਜਾਰੀ ਪ੍ਰੈੱਸ ਬਿਆਨ 'ਚ ਉਨ੍ਹਾਂ ਨੇ ਕਿਸਾਨਾਂ ਨਾਲ ਕੀਤੇ ਅਹਿਮ ਵਾਅਦਿਆਂ ਨੂੰ ਪੂਰਾ ਕਰਨ 'ਚ ਨਾਕਾਮ ਰਹਿਣ ਲਈ ਕੇਂਦਰ ਸਰਕਾਰ ਦੀ ਆਲੋਚਨਾ ਕੀਤੀ, ਜਿਸ ਵਿੱਚ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ, ਸਵਾਮੀਨਾਥਨ ਫਾਰਮੂਲੇ ਅਨੁਸਾਰ ਸਾਰੀਆਂ ਫਸਲਾਂ ਦੀ ਖਰੀਦ ਕਰਨ ਲਈ ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) ਦੀ ਕਾਨੂੰਨੀ ਗਾਰੰਟੀ ਅਤੇ ਕਰਜਾ ਮਾਫੀ ਸਾਮਲ ਹੈ। ਉਨ੍ਹਾਂ ਨੇ ਕੇਂਦਰ ਸਰਕਾਰ ਨੂੰ ਕਿਸਾਨਾਂ ਦੇ ਮੁੱਦਿਆਂ ਦਾ ਤੁਰੰਤ ਹੱਲ ਕਰਨ, ਕੀਤੇ ਵਾਅਦੇ ਮੁਤਾਬਕ ਸੁਧਾਰਾਂ ਨੂੰ ਲਾਗੂ ਕਰਨ ਅਤੇ ਦੇਸ ਦੀ ਖੁਰਾਕ ਸੁਰੱਖਿਆ ਤੇ ਪੇਂਡੂ ਖੇਤਰਾਂ ਦੀ ਖੁਸਹਾਲੀ ਲਈ ਕਿਸਾਨਾਂ ਦੀ ਭਲਾਈ ਨੂੰ ਤਰਜੀਹ ਦੇਣ ਦੀ ਅਪੀਲ ਵੀ ਕੀਤੀ। ਉਨ੍ਹਾਂ ਕਿਹਾ ਕਿ ਇਸ ਸਬੰਧੀ ਹੋਰ



ਸੰਕਟ ਨੂੰ ਟਾਲਣ ਲਈ ਤੁਰੰਤ ਕਾਰਵਾਈ ਜਰੂਰੀ ਹੈ। ਆਪਣੀਆਂ ਜਾਇਜ ਮੰਗਾਂ ਲਈ ਕੌਮੀ ਰਾਜਧਾਨੀ ਵੱਲ ਕਿਸਾਨਾਂ ਦੇ ਸਾਂਤਮਈ ਮਾਰਚ ਨੂੰ ਰੋਕਣ ਲਈ ਪੁਲਸ ਨੂੰ ਇੱਕ ਸਾਧਨ ਵਜੋਂ ਵਰਤਣ ਲਈ ਹਰਿਆਣਾ ਸਰਕਾਰ ਦੀ ਸਖਤ ਆਲੋਚਨਾ ਕਰਦਿਆਂ ਖੇਤੀਬਾੜੀ ਮੰਤਰੀ ਨੇ ਕਿਹਾ ਕਿ ਕਿਸਾਨ ਸਾਡੇ ਦੇਸ ਦੀ ਰੀੜ੍ਹ ਦੀ ਹੱਡੀ ਹਨ ਅਤੇ ਉਨ੍ਹਾਂ ਦੀ ਨਿਰਾਸਾ ਖੇਤੀਬਾੜੀ ਤੇ ਪੇਂਡੂ ਵਿਕਾਸ ਲਈ ਕੇਂਦਰ ਸਰਕਾਰ ਦੇ ਮਾੜੇ ਰਵੱਈਏ ਨੂੰ ਦਰਸਾਉਂਦੀ ਹੈ। ਕਿਸਾਨ ਦੇਸ ਦੇ ਨਾਗਰਿਕ ਹਨ, ਜਿਨ੍ਹਾਂ ਨੇ ਹਰੀ ਕ੍ਰਾਂਤੀ ਲਿਆਂਦੀ ਹੈ ਅਤੇ ਦੇਸ ਦੇ ਅਨਾਜ ਭੰਡਾਰਾਂ ਨੂੰ ਭਰਿਆ ਹੈ। ਉਨ੍ਹਾਂ ਨੂੰ ਆਪਣੇ ਰਾਸਟਰਵਾਦੀ ਹੋਣ ਦਾ ਕਿਸੇ ਨੂੰ ਸਬੂਤ ਦੇਣ ਦੀ ਲੋੜ ਨਹੀਂ ਹੈ ਅਤੇ ਉਨ੍ਹਾਂ ਨੂੰ ਲੋਕਤੰਤਰੀ ਦੇਸ ਵਿੱਚ ਆਪਣੀਆਂ ਜਾਇਜ ਮੰਗਾਂ ਨੂੰ ਉਠਾਉਣ ਲਈ ਸਾਂਤਮਈ ਪ੍ਰਦਰਸਨ ਕਰਨ ਦਾ ਪੂਰਾ ਹੱਕ ਹੈ। ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਨੇ ਕਿਸਾਨਾਂ ਨਾਲ ਕੀਤੇ ਆਪਣੇ ਵਾਅਦਿਆਂ ਨੂੰ ਭੁਲਾ ਦਿੱਤਾ ਹੈ ਅਤੇ ਉਨ੍ਹਾਂ ਨੂੰ ਵੱਡੀਆਂ ਚੁਣੌਤੀਆਂ ਨਾਲ ਜੂਝਣ ਲਈ ਛੱਡ ਦਿੱਤਾ ਹੈ। ਇਹ ਅਣਸਵੀਕਾਰਯੋਗ ਅਤੇ ਗੈਰ-ਵਾਜਿਬ ਹੈ। ਉਨ੍ਹਾਂ ਕਿਹਾ ਕਿ ਕੇਂਦਰ ਤੋਂ ਲੋੜੀਂਦੀ ਸਹਾਇਤਾ ਨਾ ਮਿਲਣ ਕਾਰਨ ਦੇਸ ਦਾ 'ਅੰਨਦਾਤਾ' ਵਧ ਰਹੀਆਂ ਖੇਤੀਬਾੜੀ ਲਾਗਤਾਂ ਅਤੇ ਅਸਥਿਰ ਬਾਜਾਰੀ ਕੀਮਤਾਂ ਨਾਲ ਜੂਝ ਰਿਹਾ ਹੈ। ਇਸ ਕਾਰਨ ਉਨ੍ਹਾਂ ਦੀ ਰੋਜੀ-ਰੋਟੀ ਅਤੇ ਖੇਤੀਬਾੜੀ ਸੈਕਟਰ ਖਤਰੇ 'ਚ ਹੈ। ਪੰਜਾਬ ਸਰਕਾਰ ਆਪਣੇ ਕਿਸਾਨਾਂ ਨਾਲ ਡਟ ਕੇ ਖੜ੍ਹੀ ਹੈ। ਉਨ੍ਹਾਂ ਹਰਿਆਣਾ ਸਰਕਾਰ ਨੂੰ ਕਿਸਾਨਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਬੰਦ ਕਰਨ ਦੀ ਵੀ ਅਪੀਲ ਕੀਤੀ।

## ਫਿਜੀਓਥੈਰੇਪਿਸਟ ਮਹਿਲਾ ਡਾਕਟਰ ਦਾ ਕੀਤਾ ਡਰਾਮਾ, ਗ੍ਰਿਫਤਾਰ ਕਰਨ ਗਈ ਮਹਿਲਾ ਕਾਂਸਟੇਬਲ ਨੂੰ ਦੰਦਾਂ ਨਾਲ ਵੱਢਿਆ

ਲੁਧਿਆਣਾ 17 ਫਰਵਰੀ। ਲੁਧਿਆਣਾ ਦੇ ਸ਼ਹੀਦ ਕਰਨੈਲ ਸਿੰਘ ਨਗਰ ਵਿਚ ਰਹਿਣ ਵਾਲੀ ਰਹਿਣ ਵਾਲੀ ਮਹਿਲਾ ਫਿਜੀਓਥੈਰੇਪਿਸਟ ਡਾ. ਸੋਨੀਆ ਮਲਹੋਤਰਾ ਖਿ਼ਲਾਫ ਐੱਸ. ਸੀ. ਐਕਟ ਤਹਿਤ ਥਾਣਾ ਸਦਰ ਦੀ ਪੁਲਸ ਨੇ ਮਾਮਲਾ ਦਰਜ ਕੀਤਾ ਹੈ। ਪੁਲਸ ਨੇ ਉਸ ਦੇ ਗੁਆਂਢ ਵਿੱਚ ਰਹਿਣ ਵਾਲੇ ਪ੍ਰਦੀਪ ਸਿੰਘ ਦੇ ਬਿਆਨਾਂ 'ਤੇ ਕਾਰਵਾਈ ਕੀਤੀ ਹੈ। ਪ੍ਰਦੀਪ ਸਿੰਘ ਨੇ ਪੁਲਸ ਨੂੰ ਦਿੱਤੇ ਆਪਣੇ ਬਿਆਨ 'ਚ ਦੱਸਿਆ ਕਿ ਉਹ ਆਪਣੇ ਬੱਚਿਆਂ ਨਾਲ ਦੁਕਾਨ ਤੋਂ ਸਾਮਾਨ ਲੈਣ ਜਾ ਰਿਹਾ ਸੀ ਤਾਂ ਉਕਤ ਮਹਿਲਾ ਡਾਕਟਰ ਆਪਣੀ ਕਾਰ 'ਚ ਜਾ ਰਹੀ ਸੀ, ਜਿਸ ਨੂੰ ਵੇਖ ਕੇ ਉਨ੍ਹਾਂ ਨੇ ਜਾਣਬੁੱਝ ਕੇ ਆਪਣੀ ਕਾਰ ਰੋਕ ਦਿੱਤੀ ਅਤੇ ਹੇਠਾਂ ਉਤਰ ਕੇ ਉਸ ਨਾਲ ਗੱਲਾਂ ਕਰਨ ਲੱਗ ਪਈ। ਬਹਿਸ ਕਰਦੇ ਹੋਏ ਉਨ੍ਹਾਂ ਨੇ ਉਸ ਨੂੰ ਜਾਤੀ ਨਾਲ ਸਬੰਧਤ ਸਬਦ ਕਹਿਣੇ ਸ਼ੁਰੂ ਕਰ ਦਿੱਤੇ। ਦੂਜੇ ਪਾਸੇ ਮਾਮਲਾ ਦਰਜ ਹੋਣ ਤੋਂ ਬਾਅਦ ਜਦੋਂ ਪੁਲਸ ਉਸ ਨੂੰ ਗ੍ਰਿਫਤਾਰ ਕਰਨ ਗਈ ਤਾਂ ਉਸ ਨੇ ਕਾਫੀ ਡਰਾਮਾ ਕੀਤਾ। ਪੁਲਸ ਦਾ ਦੋਸ ਹੈ ਕਿ ਉਸ ਨੇ ਮਹਿਲਾ ਕਾਂਸਟੇਬਲ ਨੂੰ ਦੰਦਾਂ ਨਾਲ ਵੱਢਿਆ ਹੈ। ਕਿਸੇ ਤਰ੍ਹਾਂ ਪੁਲਸ ਨੇ ਉਸ ਨੂੰ ਕਾਬੂ ਕਰਕੇ ਮੈਡੀਕਲ ਕਰਵਾਉਣ ਲਈ ਹਸਪਤਾਲ ਪਹੁੰਚਾਇਆ। ਇਸ ਦੌਰਾਨ ਮਹਿਲਾ ਡਾਕਟਰ ਨੇ ਪੁਲਸ 'ਤੇ ਦੋਸ ਲਗਾਉਂਦੇ ਹੋਏ ਕਿਹਾ ਕਿ ਉਹ ਗੋਲਡ ਮੈਡਲ ਜੇਤੂ ਹੈ। ਪੁਲਸ ਨੇ ਉਸ ਦੀ ਕੁੱਟਮਾਰ ਕੀਤੀ ਅਤੇ ਉਸ ਨਾਲ ਗਲਤ ਵਿਵਹਾਰ ਕੀਤਾ ਹੈ। ਉਸ ਦਾ ਦੋਸ ਸੀ ਕਿ ਇਲਾਕੇ ਦੇ ਕੁਝ ਲੋਕ ਨਸਾ ਵੇਚਦੇ ਹਨ ਅਤੇ ਗਲਤ ਕੰਮ ਕਰਦੇ ਹਨ। ਉਸ ਨੇ ਕਈ ਵਾਰ ਪੁਲਸ ਨੂੰ ਸਿ਼ਕਾਇਤ ਕੀਤੀ ਪਰ ਉਸ ਦੀ ਗੱਲ ਸੁਣਨ ਦੀ ਬਜਾਏ ਉਸ ਖਿ਼ਲਾਫ ਕੇਸ ਦਰਜ ਕਰ ਲਿਆ ਗਿਆ। ਪੁਲਸ ਦਾ ਕਹਿਣਾ ਹੈ ਕਿ ਔਰਤ ਨਾਲ ਕਿਸੇ ਨੇ ਕੁੱਟਮਾਰ ਨਹੀਂ ਕੀਤੀ, ਸਗੋਂ ਉਹ ਜਾਣਬੁੱਝ ਕੇ ਡਰਾਮਾ ਕਰ ਰਹੀ ਸੀ।

## ਕਿਸਾਨਾਂ ਦੇ ਹੱਕ 'ਚ ਲੋਕਲ ਬਾਡੀ ਮੰਤਰੀ ਬਲਕਾਰ ਸਿੰਘ,ਕੇਂਦਰ ਸਰਕਾਰ ਨੂੰ ਕੀਤੀ ਇਹ ਅਪੀਲ

ਏਜੰਸੀਆਂ

ਜਲੰਧਰ 17 ਫਰਵਰੀ। ਲੋਕਲ ਬਾਡੀ ਮੰਤਰੀ ਬਲਕਾਰ ਸਿੰਘ ਨੇ ਕਿਹਾ ਹੈ ਕਿ ਆਮ ਆਦਮੀ ਪਾਰਟੀ ਕਿਸਾਨ ਅੰਦੋਲਨ 'ਚ ਕਿਸਾਨਾਂ ਦੇ ਨਾਲ ਖੜ੍ਹੀ ਹੈ ਅਤੇ ਇਸ ਮਾਮਲੇ 'ਚ ਕੇਂਦਰ ਸਰਕਾਰ ਨੂੰ ਤੁਰੰਤ ਕਿਸਾਨਾਂ ਦੀਆਂ ਮੰਗਾਂ ਮੰਨ ਲੈਣੀਆਂ ਚਾਹੀਦੀਆਂ ਹਨ ਤਾਂ ਜੋ ਸਾਰਿਆਂ ਨੂੰ ਰਾਹਤ ਮਿਲ ਸਕੇ। ਉਨ੍ਹਾਂ ਕਿਹਾ ਕਿ ਇਸ ਮਸਲੇ ਨੂੰ ਵਧਣ ਤੋਂ ਰੋਕਿਆ ਜਾ ਸਕਦਾ ਸੀ ਪਰ ਇਸ ਪਾਸੇ ਕੇਂਦਰ ਸਰਕਾਰ ਨੇ ਧਿਆਨ ਨਹੀਂ ਦਿੱਤਾ, ਜਿਸ ਕਾਰਨ ਹੁਣ ਮਾਮਲਾ ਇੰਨਾ ਜਿ਼ਆਦਾ ਵਧ ਗਿਆ ਹੈ। ਇਕ ਸਵਾਲ ਦੇ ਜਵਾਬ 'ਚ ਉਨ੍ਹਾਂ ਕਿਹਾ ਕਿ ਕਿਸਾਨਾਂ ਦੀਆਂ ਮੰਗਾਂ ਐੱਮ. ਐੱਸ. ਪੀ. ਅਤੇ ਕਰਜਿ਼ਆਂ ਨੂੰ ਖਤਮ ਕਰਨ ਨਾਲ ਜੁੜੀਆਂ ਹੋਈਆਂ ਹਨ। ਪੰਜਾਬ ਦੇ ਕਿਸਾਨਾਂ ਉੱਪਰ ਕਾਫੀ ਕਰਜਾ ਚੜ੍ਹਿਆ ਹੋਇਆ ਹੈ ਅਤੇ ਉਨ੍ਹਾਂ ਵਲੋਂ ਆਤਮਹੱਤਿਆਵਾਂ ਕਰਨ ਦੀਆਂ ਘਟਨਾਵਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ। ਇਸ ਲਈ ਕੇਂਦਰ ਸਰਕਾਰ ਨੂੰ ਕਿਸਾਨਾਂ ਦੇ ਨੇਤਾਵਾਂ ਨਾਲ ਗੱਲਬਾਤ ਕਰਨੀ ਚਾਹੀਦੀ ਹੈ, ਜਿਸ ਨਾਲ ਇਸ ਮਸਲੇ ਨੂੰ ਹੱਲ ਕਰਵਾਇਆ ਜਾ ਸਕੇ। ਬਲਕਾਰ ਸਿੰਘ ਨੇ ਕਿਹਾ ਕਿ ਇਸ ਵੇਲੇ ਸਥਿਤੀ ਵਿਸਫੋਟਕ ਬਣਨ ਤੋਂ ਰੋਕੀ ਜਾਣੀ ਚਾਹੀਦੀ ਹੈ ਅਤੇ ਕੇਂਦਰ ਸਰਕਾਰ ਨੂੰ ਸੰਜਮ ਤੋਂ ਕੰਮ ਲੈਣਾ ਚਾਹੀਦਾ ਹੈ। ਦੱਸਣਯੋਗ ਹੈ ਕਿ ਕਿਸਾਨ



ਆਪਣੀਆਂ ਵੱਖ-ਵੱਖ ਮੰਗਾਂ ਨੂੰ ਲੈ ਕੇ 'ਦਿੱਲੀ ਚਲੋ' ਅੰਦੋਲਨ ਚਲਾ ਰਹੇ ਹਨ ਅਤੇ ਇਸ ਸਮੇਂ ਸੈਂਕੜੇ ਕਿਸਾਨ ਸਰਹੱਦਾਂ 'ਤੇ ਡੇਰੇ ਲਾਏ ਹੋਏ ਹਨ, ਜਦਕਿ ਸੁਰੱਖਿਆ ਕਰਮੀ ਉਨ੍ਹਾਂ ਨੂੰ ਰਾਸਟਰੀ ਰਾਜਧਾਨੀ 'ਚ ਦਾਖਲ ਹੋਣ ਤੋਂ ਰੋਕਣ ਲਈ ਪੂਰੀ ਤਰ੍ਹਾਂ ਤਿਆਰ ਹਨ। ਇਨ੍ਹਾਂ ਤਿਆਰੀਆਂ ਦੇ ਹਿੱਸੇ ਵਜੋਂ ਦਿੱਲੀ ਪੁਲਸ ਨੇ 30,000 ਹੰਝੂ ਗੈਸ ਦੇ ਗੋਲੇ ਮੰਗਵਾਏ ਹਨ। ਦਿੱਲੀ ਪੁਲਸ ਦੇ ਇਕ ਸੂਤਰ ਨੇ ਕਿਹਾ ਕਿ ਉਹ ਪ੍ਰਦਰਸਨਕਾਰੀਆਂ ਦੇ ਅੱਗੇ ਵਧਣ 'ਤੇ ਉਨ੍ਹਾਂ ਨੂੰ ਰਾਸ਼ਟਰੀ ਰਾਜਧਾਨੀ 'ਚ ਪ੍ਰਵੇਸ਼ ਕਰਨ ਤੋਂ ਰੋਕਣ ਲਈ ਵਚਨਬੱਧ ਹਨ। ਇਕ ਅਧਿਕਾਰੀ ਨੇ ਕਿਹਾ ਕਿ ਦਿੱਲੀ ਪੁਲਸ ਪੂਰੀ ਤਰ੍ਹਾਂ ਤਿਆਰ ਹੈ ਅਤੇ ਉਸ ਨੇ ਪਹਿਲਾਂ ਹੀ ਵੱਡੀ ਗਿਣਤੀ 'ਚ ਹੰਝੂ ਗੈਸ ਦੇ ਗੋਲੇ ਇਕੱਠੇ ਕਰ ਲਏ ਹਨ। ਇਸ ਦੇ ਨਾਲ ਹੀ ਮੱਧ ਪ੍ਰਦੇਸ ਦੇ ਗਵਾਲੀਅਰ ਦੇ ਟੇਕਨਪੁਰ ਸਥਿਤ ਬੀ. ਐੱਸ. ਐੱਫ. ਦੀ 'ਟੀਅਰ ਸਮੋਕ ਯੂਨਿਟ' (ਟੀ.ਐੱਸ.ਯੂ.) ਤੋਂ 30,000 ਗੋਲਿਆਂ ਦੀ ਨਵੀਂ ਖੇਪ ਮੰਗਵਾਈ ਗਈ ਹੈ। ਉਨ੍ਹਾਂ ਦੱਸਿਆ ਕਿ ਇਹ ਗੋਲੇ ਗਵਾਲੀਅਰ ਤੋਂ ਦਿੱਲੀ ਲਿਆਂਦੇ ਜਾ ਰਹੇ ਹਨ। ਹੰਝੂ ਗੈਸ ਇਕ ਦੰਗਾ ਵਿਰੋਧੀ ਯੰਤਰ ਹੈ, ਜਿਸ ਦਾ ਸੁਰੱਖਿਆ ਫੋਰਸ ਭੀੜ ਨੂੰ ਦੌੜਾਉਣ ਲਈ ਉਪਯੋਗ ਕਰਦੀ ਹੈ। ਗੈਸ ਨਾਲ ਅੱਖਾਂ ਵਿਚ ਜਲਣ ਅਤੇ ਹੰਝੂ ਆਉਂਦੇ ਹਨ।

## ਕਿਸਾਨਾਂ 'ਤੇ ਰਬੜ ਦੀਆਂ ਗੋਲੀਆਂ ਚਲਾਉਣ ਵਾਲਿਆਂ ਖਿਲਾਫ ਪੰਜਾਬ ਸਰਕਾਰ ਕਰਵਾਵੇ ਪਰਚੇ : ਗਿਆਨੀ ਹਰਪ੍ਰੀਤ ਸਿੰਘ

ਤਲਵੰਡੀ ਸਾਬੋ 17 ਫਰਵਰੀ। ਆਪਣੀਆਂ ਮੰਗਾਂ ਨੂੰ ਲੈ ਕੇ ਦਿੱਲੀ ਵੱਲ ਕੂਚ ਕਰ ਰਹੇ ਕਿਸਾਨਾਂ 'ਤੇ ਹਰਿਆਣਾ ਦੀਆਂ ਹੱਦਾਂ 'ਤੇ ਪੁਲਸ ਬਲਾਂ ਵੱਲੋਂ ਕਿਸਾਨਾਂ ਖਿ਼ਲਾਫ ਕੀਤੀ



ਕਾਰਵਾਈ 'ਤੇ ਤਿੱਖਾ ਪ੍ਰਤੀਕਰਮ ਦਿੰਦਿਆਂ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਉਕਤ ਘਟਨਾ ਨੂੰ ਅਤਿ ਨਿੰਦਣਯੋਗ ਦੱਸਦਿਆਂ ਇਸ ਨੂੰ ਲੋਕਤੰਤਰ ਦਾ ਕਤਲ ਕਰਾਰ ਦਿੱਤਾ ਹੈ। ਗੱਲਬਾਤ ਕਰਦਿਆਂ ਸਿੰਘ ਸਾਹਿਬ ਨੇ ਕਿਹਾ ਕਿ ਕਿਸਾਨੀ ਮੰਗਾਂ ਲਈ ਸ਼ਾਂਤਮਈ ਦਿੱਲੀ ਵੱਲ ਜਾ ਰਹੇ ਕਿਸਾਨਾਂ ਨੂੰ ਰੋਕਣ ਲਈ ਹਰਿਆਣਾ ਸਰਕਾਰ ਨੇ ਹੱਦਾਂ ਨੂੰ ਅਜਿਹਾ ਰੂਪ ਦਿੱਤਾ ਕਿ ਜੰਮੂ-ਕਸ਼ਮੀਰ ਅਤੇ ਪੰਜਾਬ ਨੂੰ ਸਮੁੱਚੇ ਦੇਸ਼ ਨਾਲੋਂ ਅਲੱਗ ਕਰ ਦਿੱਤਾ। ਉਨ੍ਹਾਂ ਕਿਹਾ ਕਿ ਸ਼ੰਭੂ ਬੈਰੀਅਰ 'ਤੇ ਅਜਿਹਾ ਮਾਹੌਲ ਸਿਰਜ ਦਿੱਤਾ ਗਿਆ, ਜਿਵੇਂ ਹਿੰਦ ਪੰਜਾਬ ਦਾ ਜੰਗ ਲੱਗਾ ਹੋਵੇ। ਉਨ੍ਹਾਂ ਨੇ ਕਿਹਾ ਕਿ ਜਿਵੇਂ ਹਰਿਆਣਾ ਸਰਕਾਰ ਦੇ ਹੁਕਮਾਂ 'ਤੇ ਪੁਲਸ ਬਲਾਂ ਨੇ ਪੰਜਾਬ ਦੀ ਹੱਦ 'ਚ ਹੀ ਡਰੋਨ ਭੇਜ ਕੇ ਕਿਸਾਨਾਂ 'ਤੇ ਅੱਥਰੂ ਗੈਸ ਦੇ ਗੋਲੇ ਸੁੱਟੇ ਅਤੇ ਉਨ੍ਹਾਂ ਵੱਲ ਰਬੜ ਦੀਆਂ ਗੋਲੀਆਂ ਚਲਾ ਕਿਸਾਨਾਂ ਨੂੰ ਜਖਮੀ ਕੀਤਾ, ਉਸ 'ਤੇ ਪੰਜਾਬ ਸਰਕਾਰ ਨੂੰ ਨਾ ਕੇਵਲ ਹਰਿਆਣਾ ਸਰਕਾਰ ਦਾ ਵਿਰੋਧ ਕਰਨਾ ਚਾਹੀਦਾ ਸਗੋਂ ਪਰਚੇ ਦਰਜ ਕਰਵਾਉਣੇ ਚਾਹੀਦੇ ਹਨ। ਗੋਲੀਬਾਰੀ ਦੇ ਮਾਮਲੇ 'ਚ ਪਤਾ ਲੱਗਾ ਹੈ ਕਿ ਪੰਜਾਬ ਪੁਲਸ ਦੇ ਵੀ ਕੁਝ ਮੁਲਾਜ਼ਮ ਜਖਮੀ ਹੋਏ ਹਨ, ਸਬੰਧੀ ਪਰਚੇ ਦਰਜ ਕਰਨੇ ਚਾਹੀਦੇ ਹਨ। ਸਿੰਘ ਸਾਹਿਬ ਨੇ ਕਿਹਾ ਕਿ ਕਿਸਾਨਾਂ 'ਤੇ ਅਣਮਨੁੱਖੀ ਤਸ਼ੱਦਦ ਲੋਕਤੰਤਰ ਦੀ ਹੱਤਿਆ ਵਰਗਾ ਹੈ। ਇਸ ਲਈ ਹਰਿਆਣਾ ਸਰਕਾਰ ਨੂੰ ਸੰਯਮ ਤੋਂ ਕੰਮ ਲੈਣਾ ਚਾਹੀਦਾ ਹੈ, ਜਦੋਂ ਕਿ ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਕਿਸਾਨਾਂ ਨਾਲ ਗੱਲਬਾਤ ਰਾਹੀਂ ਮਸਲੇ ਦਾ ਹੱਲ ਕੱਢੇ।

## ਹਰਿਆਣਾ ਦੀ ਭਾਜਪਾ ਸਰਕਾਰ ਦੀ ਕਿਸਾਨਾਂ 'ਤੇ ਕਾਰਵਾਈ ਗੈਰ ਸੰਵਿਧਾਨਿਕ : ਸੁਖਜਿੰਦਰ ਰੰਧਾਵਾ

ਪਠਾਨਕੋਟ 17 ਫਰਵਰੀ। ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਤੇ ਰਾਜਸਥਾਨ ਕਾਂਗਰਸ ਦੇ ਇੰਚਾਰਜ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਪੰਜਾਬ ਦੇ ਕਿਸਾਨ ਆਪਣੀਆਂ ਫਸਲਾ 'ਤੇ ਘੱਟੋ-ਘੱਟ ਸਮਰਥਨ ਮੁੱਲ ਤੇ ਬਾਕੀ ਰਹਿੰਦੀਆਂ ਹੱਕੀ ਤੇ ਜਾਇਜ ਮੰਗਾਂ ਨੂੰ ਲੈ ਕੇ ਕੇਂਦਰ ਸਰਕਾਰ ਨੂੰ ਗਹਿਰੀ ਸੁੱਤੀ ਪਈ ਨੀਂਦ ਤੋਂ ਜਗਾਉਣ ਲਈ ਦਿਲੀ ਵੱਲ ਅਮਨ ਅਮਾਨ ਨਾਲ ਕੂਚ ਕਰ ਰਹੇ ਸਨ ਪਰ ਹਰਿਆਣਾ ਦੀ ਭਾਜਪਾ ਸਰਕਾਰ ਨੇ ਕੇਂਦਰ ਸਰਕਾਰ ਦੀ ਸ਼ਹਿ ਸੰਭੂ ਬਾਰਡਰ 'ਤੇ ਕਿਸਾਨਾਂ 'ਤੇ ਅੱਥਰੂ ਗੈਸ ਦੇ ਗੋਲੇ ਦਾਗ



ਕੇ ਅਤੇ ਰਬੜ ਦੀਆਂ ਗੋਲੀਆਂ ਚਲਾਉਣ ਅਤੇ ਪੁਲਸ ਬੱਲ ਦਾ ਪ੍ਰਯੋਗ ਕਰਕੇ ਲੋਕਤੰਤਰ ਦਾ ਜਨਾਜਾ ਕੱਢ ਦਿਤਾ ਹੈ। ਰੰਧਾਵਾ ਨੇ ਕਿਹਾ ਆਜਾਦ ਦੇਸ ਵਿਚ ਹਰ ਨਾਗਰਿਕ ਨੂੰ ਆਪਣੀ ਗੱਲ ਸੰਵਿਧਾਨ ਦੇ ਦਾਇਰੇ ਵਿਚ ਰਹਿ ਕੇ ਕਰਨ ਦਾ ਅਧਿਕਾਰ ਹੈ ਪਰ ਭਾਜਪਾ ਦੀ ਖੱਟਰ ਸਰਕਾਰ ਨੇ ਜਮਹੂਰੀਅਤ ਤਰੀਕੇ ਨਾਲ ਆਪਣੀਆਂ ਜਾਇਜ ਤੇ ਹੱਕੀ ਮੰਗਾਂ ਲਈ ਸ਼ਾਂਤਮਈ ਸੰਘਰਸ਼ ਕਰ ਰਹੇ ਕਿਸਾਨਾਂ 'ਤੇ ਅਥਰੂ ਗੈਸ ਦੇ ਗੋਲੇ ਦਾਗ ਕੇ ਤੇ ਪੁਲਸ ਬੱਲ ਦਾ ਪ੍ਰਯੋਗ ਕਰਕੇ ਭਾਰਤ ਦੇ ਸੰਵਿਧਾਨ ਦੀਆਂ ਧੱਜੀਆਂ ਉਡਾਈਆਂ ਹਨ। ਉਨ੍ਹਾਂ ਕੇਂਦਰ ਸਰਕਾਰ ਨੂੰ ਕਿਹਾ ਕਿ ਕਿਸਾਨਾਂ ਦੀਆਂ ਫਸਲਾ 'ਤੇ ਘੱਟੋ-ਘੱਟ ਸਮਰਥਨ ਮੁੱਲ ਤੈਅ ਕਰਕੇ ਉਸ ਨੂੰ ਅਮਲੀ ਜਾਮਾ ਪਹਿਨਾਇਆ ਜਾਵੇ ਤਾਂ ਕਿ ਦੇਸ ਦਾ ਪੇਟ ਭਰਨ ਵਾਲੇ ਕਿਸਾਨਾਂ ਨੂੰ ਰਾਹਤ ਮਿਲ ਸਕੇ। ਰੰਧਾਵਾ ਨੇ ਕਿਹਾ ਕਿ ਇਹ ਬਹੁਤ ਹੀ ਨਿਰਾਸ਼ਾਜਨਕ ਹੈ ਕਿ ਦੇਸ ਦਾ ਅੰਨਦਾਤਾ ਆਪਣੇ ਮੌਲਿਕ ਅਧਿਕਾਰਾਂ ਲਈ ਲਗਾਤਾਰ ਸੰਘਰਸ ਕਰ ਰਿਹਾ ਅਤੇ ਕਾਂਗਰਸ ਪਾਰਟੀ ਪੂਰੀ ਤਰ੍ਹਾਂ ਸੰਘਰਸ ਕਰ ਰਹੇ ਕਿਸਾਨਾਂ ਦੇ ਨਾਲ ਹੈ ਅਤੇ ਆਪਣੀਆਂ ਹੱਕੀ ਅਤੇ ਜਾਇਜ ਮੰਗਾਂ ਲਈ ਸੰਘਰਸ਼ ਕਰ ਰਹੇ ਕਿਸਾਨਾਂ ਨੂੰ ਕਾਂਗਰਸ ਪਾਰਟੀ ਵੱਲੋਂ ਪੂਰਾ ਸਾਥ ਦਿੱਤਾ ਜਾਵੇਗਾ।

## ਜਲੰਧਰ 'ਚ ਆਪਣੇ ਵਿਆਹ ਦਾ ਕਾਰਡ ਦੇਣ ਆਏ ਟ੍ਰੈਵਲ ਏਜੰਟ ਨੇ ਔਰਤ ਨਾਲ ਟੱਪੀਆਂ ਹੱਦਾਂ

ਜਲੰਧਰ/ਪਟਿਆਲਾ 17 ਫਰਵਰੀ। ਨਾਭਾ ਦੀ ਇਕ ਇਮੀਗ੍ਰੇਸਨ ਕੰਪਨੀ ਦੇ ਮਾਲਕ ਵੱਲੋਂ ਆਪਣੀ ਮਹਿਲਾ ਦੋਸਤ ਨਾਲ ਜਬਰਦਸਤੀ ਸਰੀਰਕ ਸਬੰਧ ਬਣਾਉਣ ਦੀ ਕੋਸਿ਼ਸ ਕਰਨ ਦੇ ਦੋਸ 'ਚ ਥਾਣਾ ਮਹਿਲ ਕਲਾਂ ਪੁਲਸ ਨੇ ਧਾਰਾ 376, 354 ਅਤੇ 511 ਤਹਿਤ ਮਾਮਲਾ ਦਰਜ ਕੀਤਾ ਹੈ . ਫਿਲਹਾਲ ਦੋਸੀ ਦੀ ਗ੍ਰਿਫਤਾਰੀ ਨਹੀਂ ਹੋਈ ਹੈ। ਪੁਲਸ ਪਾਰਟੀ ਗ੍ਰਿਫਤਾਰੀ ਲਈ ਛਾਪੇਮਾਰੀ ਕਰ ਰਹੀ ਹੈ। ਮਹਿਲਾ ਥਾਣੇ ਦੇ ਤਫਤੀਸੀ ਅਫਸਰ ਰਾਜੇਸ ਕੁਮਾਰ ਨੇ ਦੱਸਿਆ ਕਿ ਜਲੰਧਰ ਦੀ ਰਹਿਣ ਵਾਲੀ ਸਪਨਾ (ਕਾਲਪਨਿਕ ਨਾਮ) ਨੇ ਮੁਲਜਮ ਗੁਰਸਿਮਰਨ ਸਿੰਘ ਖਹਿਰਾ ਪੁੱਤਰ ਗੁਰਦੀਪ ਸਿੰਘ ਵਾਸੀ ਰਾਜਗੜ੍ਹ ਖਿ਼ਲਾਫ 4 ਜਨਵਰੀ 2024 ਨੂੰ ਪੁਲਸ ਕਮਿਸਨਰ ਦਫਤਰ ਵਿੱਚ ਸਿ਼ਕਾਇਤ ਦੇ ਕੇ ਜਬਰੀ ਸਰੀਰਕ ਸੰਬੰਧ ਬਣਾਉਣ ਅਤੇ ਅਸਲੀਲ ਹਰਕਤਾਂ ਕਰਨ ਦੇ ਦੋਸ 'ਚ ਮਾਮਲਾ ਦਰਜ ਕਰਨ ਦੀ ਅਪੀਲ ਕੀਤੀ ਸੀ . ਜਾਂਚ ਅਧਿਕਾਰੀ ਨੇ ਦੱਸਿਆ ਕਿ ਮਹਿਲਾ ਥਾਣਾ ਪੁਲਸ ਨੂੰ ਸਿ਼ਕਾਇਤ ਮਿਲਣ ਤੋਂ ਬਾਅਦ ਜਾਂਚ 'ਚ ਦੋਵਾਂ ਧਿਰਾਂ ਦੇ ਬਿਆਨ ਲਏ ਗਏ ਹਨ। ਆਪਣੇ ਬਿਆਨਾਂ 'ਚ ਸਪਨਾ ਨੇ ਦੱਸਿਆ ਕਿ ਉਹ ਵਿਆਹੁਤਾ ਹੈ ਅਤੇ ਉਸ ਦਾ ਆਪਣੇ ਪਤੀ ਨਾਲ ਝਗੜਾ ਚੱਲ ਰਿਹਾ ਹੈ। ਉਹ ਕੰਮ ਦੇ ਸਿਲਸਿਲੇ 'ਚ ਇਕ ਇਮੀਗ੍ਰੇਸਨ ਕੰਪਨੀ ਦੇ ਮਾਲਕ ਗੁਰਸਿਮਰਨ ਸਿੰਘ ਖਹਿਰਾ ਨੂੰ ਮਿਲੀ ਸੀ ਪਰ ਲੰਬੀ ਮੁਲਾਕਾਤ ਦੌਰਾਨ ਦੋਵੇਂ ਦੋਸਤ ਬਣ ਗਏ ਅਤੇ ਇਕ-ਦੂਜੇ ਨੂੰ ਮਿਲਦੇ ਰਹੇ। ਇਸ ਦੌਰਾਨ ਜਦੋਂ ਉਸ ਨੂੰ ਗੁਰਸਿਮਰਨ ਸਿੰਘ ਦੀ ਕਿਸੇ ਲੜਕੀ ਨਾਲ ਮੰਗਣੀ ਹੋਣ ਬਾਰੇ ਪਤਾ ਲੱਗਾ ਤਾਂ ਉਹ ਪਿੱਛੇ ਹੋ ਗਈ। ਇਕ ਦਿਨ ਗੁਰਸਿਮਰਨ ਸਿੰਘ ਉਸ ਦੇ ਫਲੈਟ 'ਤੇ ਆਇਆ ਅਤੇ ਕਿਹਾ ਕਿ ਉਹ ਉਸ ਨੂੰ ਵਿਆਹ ਦਾ ਕਾਰਡ ਦੇਣ ਆਇਆ ਹੈ। ਇਸ ਦੌਰਾਨ ਉਸ ਦਾ ਢਾਈ ਸਾਲ ਦਾ ਬੇਟਾ ਅਤੇ ਨੌਕਰਾਣੀ ਉਸ ਦੇ ਫਲੈਟ ਵਿੱਚ ਮੌਜੂਦ ਸਨ। ਗੁਰਸਿਮਰਨ ਨੇ ਉਸ ਨੂੰ ਦੱਸਿਆ ਕਿ ਉਹ ਉਸ ਨਾਲ ਨਿੱਜੀ ਤੌਰ 'ਤੇ ਗੱਲ ਕਰਨਾ ਚਾਹੁੰਦਾ ਹੈ। ਇਸ ਲਈ ਉਹ ਗੁਰਸਿਮਰਨ ਨੂੰ ਸਟੱਡੀ ਰੂਮ ਵਿੱਚ ਲੈ ਗਈ। ਇਥੇ ਗੱਲ ਕਰਦੇ ਹੋਏ ਉਸ ਨੇ ਅਸਲੀਲ ਹਰਕਤਾਂ ਕਰਨੀਆਂ ਸੁਰੂ ਕਰ ਦਿੱਤੀਆਂ।

## ਕੈਨੇਡਾ ਭੇਜਣ ਦਾ ਝਾਂਸਾ ਦੇ ਕੇ ਮਾਰੀ 38 ਲੱਖ ਤੋਂ ਵੱਧ ਦੀ ਠੱਗੀ, ਕੰਪਨੀ ਸੰਚਾਲਕਾਂ ਖਿਲਾਫ ਮਾਮਲਾ ਦਰਜ

ਏਜੰਸੀਆਂ

ਮੋਹਾਲੀ 17 ਫਰਵਰੀ। ਵਿਦੇਸ ਭੇਜਣ ਦਾ ਝਾਂਸਾ ਦੇ ਕੇ ਕਈ ਲੋਕਾਂ ਤੋਂ ਲੱਖਾਂ ਰੁਪਏ ਦੀ ਠੱਗੀ ਮਾਰਨ ਦੇ ਮਾਮਲੇ ਵਿਚ ਥਾਣਾ ਸੋਹਾਣਾ ਪੁਲਸ ਨੇ ਪਟਿਆਲਾ ਦੇ ਰਹਿਣ ਵਾਲੇ ਰਵਿੰਦਰ ਅਤੇ ਹੋਰਾਂ ਦੀ ਸਿ਼ਕਾਇਤ 'ਤੇ ਮਾਮਲਾ ਦਰਜ ਕਰ ਕੇ ਜਾਂਚ ਸੁਰੂ ਕਰ ਦਿੱਤੀ ਹੈ। ਸ਼ਿਕਾਇਤਕਰਤਾ ਨੇ ਪੁਲਸ ਨੂੰ ਦੱਸਿਆ ਕਿ ਉਸ ਨੇ ਮੋਹਾਲੀ ਦੇ ਸੈਕਟਰ-82 ਵਿਚ ਸਥਿਤ ਇਕ ਇਮੀਗ੍ਰੇਸਨ ਕੰਪਨੀ ਦਾ ਇਸਤਿਹਾਰ ਦੇਖਿਆ ਸੀ। ਇਸਤਿਹਾਰ ਵਿਚ ਦਿਖਾਇਆ ਗਿਆ ਸੀ ਕਿ ਕੰਪਨੀ ਬਹੁਤ ਘੱਟ ਸਮੇਂ ਵਿਚ ਵਿਦੇਸਾਂ ਵਿਚ ਪੀ.ਆਰ., ਵਰਕ ਪਰਮਿਟ ਅਤੇ ਕਾਰੋਬਾਰੀ ਵੀਜਾ ਦਿੰਦੀ ਹੈ। ਕੰਪਨੀ ਵਲੋਂ ਦਿੱਤੇ ਗਏ ਨੰਬਰਾਂ 'ਤੇ ਸੰਪਰਕ ਕਰਨ 'ਤੇ ਮੁਲਾਜਮਾਂ ਨੇ ਮੋਹਾਲੀ ਦਫਤਰ ਆਉਣ ਲਈ ਕਿਹਾ ਗਿਆ। ਦਫਤਰ ਆ ਕੇ ਬਿਜਨੈੱਸ ਵੀਜਾ 'ਤੇ ਰਾਜੀਨਾਮਾ ਹੋ ਗਿਆ ਤਾਂ ਕੰਪਨੀ ਦੇ ਮੁਲਾਜਮਾਂ ਨੇ 8 ਲੱਖ ਰੁਪਏ ਵਿਚ ਕੈਨੇਡਾ ਦਾ ਬਿਜਨੈੱਸ ਵੀਜਾ ਲਗਵਾਉਣ ਲਈ ਕਿਹਾ। ਰਵਿੰਦਰ ਨੂੰ ਕਿਹਾ ਕਿ 7 ਲੱਖ ਰੁਪਏ ਪਹਿਲਾਂ ਅਤੇ 1 ਲੱਖ ਰੁਪਏ ਵੀਜਾ ਆਉਣ ਤੋਂ ਬਾਅਦ ਅਦਾ ਕਰਨੇ ਪੈਣਗੇ। ਰਵਿੰਦਰ ਨੇ ਪਹਿਲਾਂ 40 ਹਜਾਰ ਰੁਪਏ ਆਨਲਾਈਨ ਟਰਾਂਸਫਰ ਕੀਤੇ ਅਤੇ ਫਿਰ 6




ਲੱਖ 60 ਹਜਾਰ ਰੁਪਏ ਦਾ ਚੈੱਕ ਦਿੱਤਾ। ਇਸ ਤੋਂ ਬਾਅਦ ਉਸ ਨੂੰ ਜਲਦੀ ਵੀਜਾ ਲਗਵਾਉਣ ਲਈ ਕਿਹਾ ਗਿਆ। ਕੁਝ ਮਹੀਨੇ ਇੰਤਜਾਰ ਕਰਨ ਤੋਂ ਬਾਅਦ ਕੰਪਨੀ ਦੇ ਮੁਲਾਜਮਾਂ ਨੇ ਰਵਿੰਦਰ ਦੀਆਂ ਕਾਲਾਂ ਚੁੱਕਣੀਆਂ ਬੰਦ ਕਰ ਦਿੱਤੀਆਂ ਤਾਂ ਰਵਿੰਦਰ ਨੇ ਖੁਦ ਮੋਹਾਲੀ ਦਫਤਰ ਜਾ ਕੇ ਦੇਖਿਆ ਕਿ ਦਫਤਰ ਨੂੰ ਤਾਲਾ ਲੱਗਾ ਹੋਇਆ ਸੀ। ਇਸ ਦੌਰਾਨ ਰਵਿੰਦਰ ਨੂੰ ਹੋਰ ਲੋਕ ਵੀ ਮਿਲੇ ਜਿਨ੍ਹਾਂ ਨਾਲ ਵੀ ਕੰਪਨੀ ਵਲੋਂ ਠੱਗੀ ਮਾਰੀ ਗਈ ਸੀ। ਕੈਨੇਡਾ ਭੇਜਣ ਦੇ ਨਾਂ 'ਤੇ ਰਾਜ ਕੁਮਾਰ 7 ਲੱਖ 85 ਹਜਾਰ ਰੁਪਏ ਦੀ ਠੱਗੀ ਮਾਰੀ ਗਈ। ਫਿਰੋਜਪੁਰ ਵਾਸੀ 6 ਲੱਖ 80 ਹਜ਼ਾਰ ਰੁਪਏ ਦੀ ਠੱਗੀ ਕੀਤੀ ਹੈ। ਗਗਨਪ੍ਰੀਤ ਸਿੰਘ ਨਾਲ 9 ਲੱਖ 17 ਹਜ਼ਾਰ 893 ਰੁਪਏ ਦੀ ਠੱਗੀ ਮਾਰੀ ਗਈ। ਦਵਿੰਦਰ ਸਿੰਘ ਨਾਲ ਕੰਪਨੀ ਵਲੋਂ 7 ਲੱਖ 70 ਹਜ਼ਾਰ ਰੁਪਏ ਦੀ ਠੱਗੀ ਮਾਰੀ ਗਈ। ਕੰਪਨੀ ਵਲੋਂ ਇਨ੍ਹਾਂ ਸਾਰਿਆਂ ਤੋਂ ਕੁੱਲ 38 ਲੱਖ 52 ਹਜ਼ਾਰ 893 ਲੱਖ ਰੁਪਏ ਲਏ ਗਏ ਅਤੇ ਉਨ੍ਹਾਂ ਨੂੰ ਕੈਨੇਡਾ ਦਾ ਵੀਜਾ ਨਹੀਂ ਦਿੱਤਾ ਗਿਆ। ਹੁਣ ਇਸ ਸਬੰਧੀ ਸੋਹਾਣਾ ਥਾਣੇ ਵਿਚ ਕੰਪਨੀ ਦੇ ਸੰਚਾਲਕਾਂ ਖਿਲਾਫ ਕੇਸ ਦਰਜ ਕਰ ਲਿਆ ਗਿਆ ਹੈ। ਫਿਲਹਾਲ ਕੰਪਨੀ ਦੇ ਸੰਚਾਲਕ ਫਰਾਰ ਚੱਲ ਰਹੇ ਹਨ। ਜਾਂਚ ਅਧਿਕਾਰੀ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਭਰਾ ਦੀ ਮੌਤ ਨੂੰ ਨਾ ਸਹਾਰਦਿਆਂ ਵੱਡੇ ਭਰਾ ਨੇ ਵੀ ਤੋੜਿਆ ਦਮ, ਇਕੋ ਚਿਖਾ 'ਤੇ ਹੋਇਆ ਦੋਵਾਂ ਦਾ ਸਸਕਾਰ

ਡੇਰਾ ਬਾਬਾ ਨਾਨਕ 17 ਫਰਵਰੀ। ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਅੰਦਰ ਪੈਂਦੇ ਪਿੰਡ ਅਲੀ ਨੰਗਲ ਵਿੱਚ ਉਸ ਵੇਲੇ ਮਾਹੌਲ ਗਮਗੀਨ ਹੋ ਗਿਆ ਜਦੋਂ ਦੋ ਸਕੇ ਭਰਾਵਾਂ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋਈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਮ੍ਰਿਤਕ ਭਰਾਵਾਂ ਦੇ ਚਚੇਰੇ ਭਰਾ ਅਤੇ ਰਿਸਤੇਦਾਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਬਲਜਿੰਦਰ ਸਿੰਘ (42) ਪੁੱਤਰ ਰਤਨ ਸਿੰਘ ਆਪਣੇ ਪਰਿਵਾਰਕ ਮੈਂਬਰਾਂ ਨਾਲ ਖੇਤਾਂ ਵਿੱਚ ਕੰਮ ਕਰ ਰਿਹਾ ਸੀ। ਇਸ ਦੌਰਾਨ ਉਸ ਨੂੰ ਇਕਦਮ ਘਬਰਾਹਟ ਮਹਿਸੂਸ ਹੋਈ ਤਾਂ ਉਸ ਨੂੰ ਤੁਰੰਤ ਬਟਾਲਾ ਦੇ ਨਿਜੀ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਵੱਲੋਂ ਉਸ ਨੂੰ ਮ੍ਰਿਤਕ ਐਲਾਨ ਕਰ ਦਿੱਤਾ। ਉਨ੍ਹਾਂ ਦੱਸਿਆ ਕਿ ਉਸ ਦੀ ਮੌਤ ਦੀ ਖਬਰ ਉਸ ਦੇ ਵੱਡੇ ਭਰਾ ਸੁਖਵਿੰਦਰ ਸਿੰਘ ਨੂੰ ਦਿੱਤੀ ਗਈ ਜੋ ਕਿ ਲੁਧਿਆਣਾ ਦੀ ਇੱਕ ਨਿਜੀ ਕੰਪਨੀ ਵਿੱਚ ਡਰਾਈਵਰ ਦੀ ਨੌਕਰੀ ਕਰਦਾ ਸੀ। ਜਦੋਂ ਉਸ ਨੂੰ ਆਪਣੇ ਭਰਾ ਦੀ ਮੌਤ ਦਾ ਪਤਾ ਲੱਗਿਆ ਤਾਂ ਉਸ ਵੱਲੋਂ ਭਰਾ ਦੀ ਮੌਤ ਦਾ ਦੁੱਖ ਨਾ ਸਹਾਰਦੇ ਹੋਏ ਉਸ ਨੂੰ ਵੀ ਦਿਲ ਦਾ ਦੌਰਾ ਪੈ ਗਿਆ, ਜਿਸ ਨੂੰ ਵੀ ਕੰਪਨੀ ਦੇ ਅਧਿਕਾਰੀਆਂ ਵੱਲੋਂ ਚੰਡੀਗੜ੍ਹ ਹਸਪਤਾਲ ਵਿਖੇ ਲਿਜਾਇਆ ਗਿਆ, ਜਿੱਥੇ ਕਿ ਉਸ ਨੂੰ ਵੀ ਡਾਕਟਰਾਂ ਵੱਲੋਂ ਮ੍ਰਿਤਕ ਐਲਾਨ ਕਰ ਦਿੱਤਾ ਗਿਆ। ਜਦੋਂ ਦੋਵਾਂ ਸਕੇ ਭਰਾਵਾਂ ਦੀਆਂ ਮ੍ਰਿਤਕ ਦੇਹਾਂ ਸਮਸਾਨਘਾਟ ਅੰਤਿਮ ਸੰਸਕਾਰ ਲਈ ਲਿਆਂਦੀਆਂ ਗਈਆਂ ਤਾਂ ਰਿਸਤੇਦਾਰਾਂ ਅਤੇ ਪਰਿਵਾਰਿਕ ਮੈਂਬਰਾਂ ਦਾ ਰੋ-ਰੋ ਬੁਰਾ ਹਾਲ ਸੀ ਤੇ ਉੱਥੇ ਹੀ ਦੋਵਾਂ ਭਰਾਵਾਂ ਦੀਆਂ ਮ੍ਰਿਤਕ ਦੇਹਾਂ ਨੂੰ ਇੱਕੋ ਚਿਖਾ 'ਤੇ ਅਗਨੀ ਭੇਟ ਕੀਤਾ ਗਿਆ। ਇਸ ਮੌਕੇ ਪਰਿਵਾਰਕ ਮੈਂਬਰਾਂ ਨੇ ਕੰਪਨੀ ਅਧਿਕਾਰੀਆਂ ਤੋ ਮੰਗ ਕੀਤੀ ਹੈ ਕਿ ਮ੍ਰਿਤਕਾਂ ਦੇ ਪਰਿਵਾਰਕ ਮੈਂਬਰਾਂ ਨੂੰ ਕੰਪਨੀ ਵਿੱਚ ਨੌਕਰੀ ਦਿੱਤੀ ਜਾਵੇ ਤਾਂ ਕਿ ਉਹ ਆਪਣੇ ਪਰਿਵਾਰ ਦਾ ਪਾਲਣ-ਪੋਸਣ ਕਰ ਸਕਣ। ਇਸ ਮੌਕੇ ਸੁਲੱਖਣ ਸਿੰਘ, ਮੱਖਣ ਸਿੰਘ,ਜਸਵੰਤ ਸਿੰਘ ,ਬਲਵਿੰਦਰ ਸਿੰਘ,ਬਿਕਰਮਜੀਤ ਸਿੰਘ ,ਅਰਜਨ ਸਿੰਘ,ਟਹਿਲ ਸਿੰਘ ,ਗੁਰਦੀਪ ਸਿੰਘ, ਜਗਦੀਪ ਸਿੰਘ ਰਜਿੰਦਰ ਸਿੰਘ ਹਰਦਿਆਲ ਸਿੰਘ ਆਦਿ ਹਾਜ਼ਰ ਸਨ।

## ਪ੍ਰਾਪਰਟੀ ਡੀਲਰਾਂ ਤੇ ਦੁਕਾਨਦਾਰਾਂ ਨੇ ਵੀ ਸ਼ੁਰੂ ਕੀਤਾ 66 ਫੁੱਟ ਰੋਡ 'ਤੇ ਲੱਗਣ ਵਾਲੇ ਕੂੜੇ ਦੇ ਕਾਰਖਾਨੇ ਦਾ ਵਿਰੋਧ

ਸਰਦੂਲ ਸਿੰਘ

ਜਲੰਧਰ 17 ਫਰਵਰੀ। ਨਗਰ ਨਿਗਮ ਨੇ ਮਾਡਲ ਟਾਊਨ ਡੰਪ ਅਤੇ ਜੋਤੀ ਨਗਰ ਡੰਪ ਦੀ ਸਮੱਸਿਆ ਨੂੰ ਖਤਮ ਕਰਨ ਲਈ 66 ਫੁੱਟ ਰੋਡ 'ਤੇ ਫੋਲੜੀਵਾਲ ਟਰੀਟਮੈਂਟ ਪਲਾਂਟ ਦੇ ਅੰਦਰ ਕੂੜੇ ਤੋਂ ਖਾਦ ਬਣਾਉਣ ਵਾਲਾ ਕਾਰਖਾਨਾ ਲਗਾਉਣ ਦਾ ਜੋ ਪ੍ਰਾਜੈਕਟ ਤਿਆਰ ਕੀਤਾ ਹੈ, ਉਸ ਨੂੰ ਲੈ ਕੇ ਵਿਰੋਧ ਵਧਦਾ ਜਾ ਰਿਹਾ ਹੈ। ਇਸ ਮਾਮਲੇ ਵਿਚ ਕੁਝ ਰਿਹਾਇਸ਼ੀ ਕਾਲੋਨੀਆਂ ਵਿਚ ਰਹਿਣ ਵਾਲਿਆਂ 'ਤੇ ਆਧਾਰਿਤ ਯੂਨਾਈਟਿਡ ਰੈਜੀਡੈਂਟ ਫੋਰਮ ਨੇ ਜਿੱਥੇ ਆਪਣੇ ਪੱਧਰ 'ਤੇ ਯਤਨ ਸ਼ੁਰੂ ਕਰ ਰੱਖੇ ਹਨ, ਉਥੇ ਹੀ 66 ਫੁੱਟ ਰੋਡ 'ਤੇ ਰੀਅਲ ਅਸਟੇਟ ਦਾ ਕਾਰੋਬਾਰ ਕਰਨ ਵਾਲੇ ਪ੍ਰਾਪਰਟੀ ਡੀਲਰਾਂ, ਰੀਅਲ ਅਸਟੇਟ ਏਜੰਟਾਂ ਅਤੇ ਦੁਕਾਨਦਾਰਾਂ ਨੇ ਵੀ ਇਸ ਮਾਮਲੇ ਵਿਚ ਵਿਰੋਧ ਦੇ ਸੁਰ ਉਠਾਉਣੇ ਸ਼ੁਰੂ ਕਰ ਦਿੱਤੇ ਹਨ। ਕਾਂਗਰਸੀ ਨੇਤਾ ਸੁਦੇਸ਼ ਵਿਜ ਦੀ ਅਗਵਾਈ ਵਿਚ ਇਸ ਮਾਮਲੇ ਵਿਚ ਇਕ ਬੈਠਕ 17 ਫਰਵਰੀ ਨੂੰ ਬਾਅਦ ਦੁਪਹਿਰ 4 ਵਜੇ 66 ਫੁੱਟ ਰੋਡ 'ਤੇ ਸਥਿਤ ਪ੍ਰਾਈਮ ਅਸਟੇਟ (ਸਾਹਮਣੇ ਕੋਹਿਨੂਰ ਪ੍ਰਾਪਰਟੀਜ ਸਟੂਡੀਓ) ਵਿਚ ਰੱਖੀ ਗਈ ਹੈ, ਜਿਸ ਦੌਰਾਨ ਮਾਰਕੀਟ ਐਸੋਸੀਏਸ਼ਨ ਵੱਲੋਂ ਪ੍ਰਧਾਨ ਅਜੇ ਪਾਲ ਸਿੰਘ ਬਾਕਸਰ, ਚੇਅਰਮੈਨ ਗੁਲਸ਼ਨ ਕੰਡਾ, ਜਨਰਲ ਸੈਕਰੇਟਰੀ ਵਿਜੇ ਹਾਂਡਾ, ਵਾਈਸ ਪ੍ਰੈਜੀਡੈਂਟ ਵਿਜੇ ਧੀਮਾਨ, ਜਗਦੀਪ ਸਿੰਘ ਬੌਬੀ, ਕਪਿਲ ਭੱਲਾ, ਸਿਧਾਨਾ ਬ੍ਰਦਰਜ, ਬੰਟੀ ਖਾਂਬਰਾ ਅਤੇ ਇਲਾਕੇ ਦੇ ਸਾਰੇ ਪ੍ਰਾਪਰਟੀ ਡੀਲਰ ਮੌਜੂਦ ਰਹਿਣਗੇ। ਹੁਣ ਦੇਖਣਾ ਹੈ ਕਿ ਇਸ ਬੈਠਕ ਵਿਚ ਪਲਾਂਟ ਦੇ ਵਿਰੋਧ ਸਬੰਧੀ ਕਿਹੜਾ ਰਸਤਾ ਧਾਰਨ ਕੀਤਾ ਜਾਂਦਾ ਹੈ। ਪ੍ਰਾਪਰਟੀ ਮਾਰਕੀਟ 'ਚ ਫਿਲਹਾਲ ਤੇਜੀ ਕਾਰਨ ਬਦਬੂ ਅਤੇ ਕੂੜੇ ਦੇ ਪਲਾਂਟ ਦਾ ਮੁੱਦਾ ਨਹੀਂ ਉਠਾ ਰਹੇ ਬਿਲਡਰਜ ਇਸ ਸਮੇਂ ਸਾਰੇ ਜਲੰਧਰ ਸ਼ਹਿਰ ਦੇ ਸੀਵਰ ਦਾ ਪਾਣੀ ਫੋਲੜੀਵਾਲ ਸੀਵਰੇਜ ਟਰੀਟਮੈਂਟ ਪਲਾਂਟ ਵਿਚ ਜਾ ਰਿਹਾ ਹੈ, ਜਿਥੇ ਉਸਨੂੰ ਟਰੀਟ ਕੀਤਾ ਜਾਂਦਾ ਹੈ। ਇਸ ਪਲਾਂਟ ਤੋਂ ਕਾਫੀ ਭਿਆਨਕ ਬਦਬੂ ਉੱਠਦੀ ਹੈ, ਜੋ ਕਈ-ਕਈ ਕਿਲੋਮੀਟਰ ਤਕ ਆਪਣਾ ਪ੍ਰਭਾਵ ਛੱਡਦੀ ਹੈ। ਇਸ ਬਦਬੂ ਤੋਂ ਲੋਕ ਕਾਫੀ ਪ੍ਰੇਸ਼ਾਨ ਹਨ। ਇਸ ਪਲਾਂਟ ਤੋਂ ਹੀ 66 ਫੁੱਟ ਰੋਡ ਸ਼ੁਰੂ ਹੁੰਦੀ ਹੈ, ਜਿਥੇ ਪਿਛਲੇ ਕੁਝ ਸਮੇਂ ਤੋਂ ਪ੍ਰਾਪਰਟੀ ਸੈਕਟਰ ਕਾਫੀ ਤੇਜੀ ਨਾਲ ਗ੍ਰੋ ਹੋ ਰਿਹਾ ਹੈ। ਖਾਸ ਗੱਲ ਇਹ ਹੈ ਕਿ 66 ਫੁੱਟ ਰੋਡ ਤੋਂ ਹੀ ਜਲੰਧਰ ਵਰਗੇ ਸ਼ਹਿਰ 'ਚ ਫਲੈਟ ਕਲਚਰ ਵਿਕਸਿਤ ਹੋਇਆ ਅਤੇ ਹੁਣ ਆਲੀਸ਼ਾਨ ਵਿਲਾ ਤੋਂ ਲੈ ਕੇ ਕਈ ਤਰ੍ਹਾਂ ਦੇ ਹਾਊਸਿੰਗ ਪ੍ਰਾਜੈਕਟ ਅਤੇ ਵੱਡੀਆਂ-ਵੱਡੀਆਂ ਕਾਲੋਨੀਆਂ ਇਥੇ ਡਿਵੈੱਲਪ ਹੋਣ ਲੱਗੀਆਂ ਹਨ। ਲੰਮੇ ਸਮੇਂ ਤੋਂ ਸੀਵਰੇਜ ਟਰੀਟਮੈਂਟ ਪਲਾਂਟ ਤੋਂ ਉੱਠਦੀ ਬਦਬੂ ਦਾ ਤਾਂ ਕੋਈ ਹੱਲ ਨਹੀਂ ਹੋ ਸਕਿਆ ਪਰ ਹੁਣ ਨਗਰ ਨਿਗਮ ਨੇ ਇਸੇ ਇਲਾਕੇ ਵਿਚ ਕੂੜੇ ਤੋਂ ਖਾਦ ਬਣਾਉਣ ਵਾਲਾ ਕਾਰਖਾਨਾ ਵੀ ਲਗਾਉਣ ਦਾ ਫੈਸਲਾ ਲੈ ਲਿਆ ਹੈ। ਹੁਣ ਚਰਚਾ ਹੈ ਕਿ ਸੀਵਰੇਜ ਟਰੀਟਮੈਂਟ ਪਲਾਂਟ ਤੋਂ ਉੱਠਦੀ ਬਦਬੂ ਤੋਂ ਬਾਅਦ ਜੇਕਰ ਇਸ ਇਲਾਕੇ ਵਿਚ ਕੂੜੇ ਤੋਂ ਖਾਦ ਬਣਾਉਣ ਵਾਲਾ



ਕਾਰਖਾਨਾ ਵੀ ਲੱਗਦਾ ਹੈ ਤਾਂ ਪ੍ਰਦੂਸ਼ਣ ਵਰਗੀਆਂ ਸਮੱਸਿਆਵਾਂ ਵਿਚ ਹੋਰ ਵਾਧਾ ਹੋਵੇਗਾ। ਅਜਿਹੇ ਵਿਚ 66 ਫੁੱਟ ਰੋਡ ਇਲਾਕੇ ਵਿਚ ਪ੍ਰਾਪਰਟੀ ਦਾ ਕਾਰੋਬਾਰ ਕਰਨ ਵਾਲੇ ਰੀਅਲ ਅਸਟੇਟ ਕਾਰੋਬਾਰੀ, ਬਿਲਡਰਜ, ਵੱਡੇ-ਵੱਡੇ ਡਿਵੈੱਲਪਰਜ, ਕਾਲੋਨਾਈਜਰ ਆਦਿ ਕੂੜੇ ਦੇ ਕਾਰਖਾਨੇ ਨੂੰ ਲੈ ਕੇ ਕੋਈ ਵਿਰੋਧ ਨਹੀਂ ਜਤਾ ਰਹੇ ਅਤੇ ਬਿਲਕੁਲ ਸ਼ਾਂਤ ਬੈਠੇ ਹਨ ਕਿਉਂਕਿ ਉਨ੍ਹਾਂ ਨੂੰ ਖਦਸ਼ਾ ਹੈ ਕਿ ਕਿਤੇ ਦੋਬਾਰਾ ਤੋਂ 66 ਫੁੱਟ ਰੋਡ ਦੀ ਪ੍ਰਾਪਰਟੀ ਮਾਰਕੀਟ ਨੂੰ ਧੱਕਾ ਨਾ ਲੱਗ ਜਾਵੇ, ਜੋ ਕਾਫੀ ਉੱਪਰ ਜਾ ਚੁੱਕੀ ਹੈ। ਇਨ੍ਹਾਂ ਬਿਲਡਰਾਂ ਅਤੇ ਰੀਅਲ ਅਸਟੇਟ ਕਾਰੋਬਾਰੀਆਂ ਵੱਲੋਂ ਅੱਜ ਤਕ ਇਕ ਵੀ ਪੱਤਰ ਸਬੰਧਤ ਅਧਿਕਾਰੀਆਂ ਨੂੰ ਨਹੀਂ ਭੇਜਿਆ ਗਿਆ ਤੇ ਨਾ ਹੀ ਕਿਸੇ ਰਾਜਨੇਤਾ ਨਾਲ ਸੰਪਰਕ ਹੀ ਕੀਤਾ ਗਿਆ ਹੈ। ਇਸ ਸਮੇਂ 66 ਫੁੱਟ ਰੋਡ 'ਤੇ ਜਿਸ ਤਰ੍ਹਾਂ ਪ੍ਰਾਪਰਟੀ ਮਾਰਕੀਟ ਵਿਚ ਤੇਜੀ ਹੈ ਅਤੇ ਜਮੀਨਾਂ ਤੇ ਫਲੈਟਾਂ ਆਦਿ ਦੇ ਭਾਅ ਲਗਾਤਾਰ ਚੜ੍ਹ ਰਹੇ ਹਨ, ਉਸ ਤੋਂ ਲੱਗਦਾ ਹੈ ਕਿ ਕਰੋੜਾਂ ਰੁਪਏ ਕਮਾ ਚੁੱਕੇ ਬਿਲਡਰ ਅਤੇ ਪ੍ਰਾਪਰਟੀ ਕਾਰੋਬਾਰੀ ਸ਼ਾਇਦ ਇਹ ਭੁੱਲ ਗਏ ਹਨ ਕਿ ਆਉਣ ਵਾਲੇ ਸਮੇਂ ਵਿਚ ਟਰੀਟਮੈਂਟ ਪਲਾਂਟ ਅਤੇ ਕੂੜੇ ਦੇ ਕਾਰਖਾਨੇ ਕਾਰਨ ਜੇ ਇਸ ਇਲਾਕੇ ਨੂੰ ਪ੍ਰਦੂਸ਼ਣ ਸਬੰਧੀ ਸਮੱਸਿਆ ਆਉਂਦੀ ਹੈ ਤਾਂ ਆਪਣੇ ਜੀਵਨ ਭਰ ਦੀ ਕਮਾਈ ਫਲੈਟਾਂ, ਪਲਾਟਾਂ ਵਿਚ ਇਨਵੈਸਟ ਕਰਨ ਵਾਲੇ ਆਮ ਲੋਕ ਇਸ ਤੋਂ ਕਾਫੀ ਪ੍ਰਭਾਵਿਤ ਹੋਣਗੇ। ਹੁਣ ਤਕ ਕਿਸੇ ਵੀ ਸਿਆਸੀ ਪਾਰਟੀ ਦੇ ਨੇਤਾ ਨੇ ਵੀ ਇਸ ਪਲਾਂਟ ਦਾ ਵਿਰੋਧ ਨਹੀਂ ਕੀਤਾ। ਸੱਤਾ ਧਿਰ ਅਤੇ ਵਿਰੋਧੀ ਧਿਰ ਦੇ ਸਭ ਨੇਤਾ ਇਸ ਮਾਮਲੇ ਵਿਚ ਚੁੱਪ ਬੈਠੇ ਹਨ।

## ਅਗਲੇ ਕੁਝ ਮਹੀਨਿਆਂ ਵਿਚ ਨੀਤੀਗਤ ਦਰਾਂ ਘਟਾ ਸਕਦਾ ਹੈ ਰਿਜਰਵ ਬੈਂਕ

ਨਵੀਂ ਦਿੱਲੀ 17 ਫਰਵਰੀ। ਰਿਜਰਵ ਬੈਂਕ ਨੇ ਵੀਰਵਾਰ ਨੂੰ ਇਕ ਵਾਰ ਫਿਰ ਰੈਪੋ ਦਰ ਨੂੰ ਸਥਿਰ ਰੱਖਣ ਦਾ ਫੈਸਲਾ ਕੀਤਾ ਹੈ। ਪਰ ਹੋਮ ਲੋਨ ਦੀਆਂ ਵਿਆਜ ਦਰਾਂ 2023 ਦੇ ਮੁਕਾਬਲੇ ਪਹਿਲਾਂ ਹੀ ਘਟੀਆਂ ਹਨ। . ਅਨੁਸਾਰ, ਪਿਛਲੇ ਸਾਲ ਹੋਮ ਲੋਨ ਦੀਆਂ ਦਰਾਂ 9% ਤੱਕ ਪਹੁੰਚ ਗਈਆਂ ਸਨ। ਹੁਣ ਜਿ਼ਆਦਾਤਰ ਬੈਂਕ 8.50 ਫੀਸਦੀ 'ਤੇ ਹੋਮ ਲੋਨ ਦੇ ਰਹੇ ਹਨ। ਘੱਟੋ-ਘੱਟ ਵਿਆਜ ਦਰ 8.30 ਫੀਸਦੀ 'ਤੇ ਆ ਗਈ ਹੈ। ਅਗਲੇ ਡੇਢ ਸਾਲ 'ਚ ਹੋਮ ਲੋਨ ਸਸਤੇ ਹੋਣ ਦੀ ਸੰਭਾਵਨਾ ਹੈ। ਮਾਹਰਾਂ ਮੁਤਾਬਕ ਰਿਜਰਵ ਬੈਂਕ ਇਸ ਸਾਲ ਅਕਤੂਬਰ ਤੋਂ ਨੀਤੀਗਤ ਦਰਾਂ 'ਚ ਕਟੌਤੀ ਸੁਰੂ ਕਰ ਸਕਦਾ ਹੈ। ਅਗਲੇ 18 ਮਹੀਨਿਆਂ ਵਿੱਚ ਰੈਪੋ ਦਰ ਨੂੰ 0.50-0.75% ਤੋਂ ਘਟਾ ਕੇ 5.75% ਹੋ ਸਕਦੀ ਹੈ। ਇਸ ਦੇ ਨਾਲ ਹੀ ਮੋਰਗਨ ਸਟੈਨਲੀ ਦੀ ਇੱਕ ਰਿਪੋਰਟ ਵਿੱਚ ਕਿਹਾ ਗਿਆ ਹੈ, 'ਭਾਵੇਂ ਅਸੀਂ ਘੱਟੋ-ਘੱਟ ਉਮੀਦ ਕਰਦੇ ਹਾਂ, ਰੈਪੋ ਦਰ ਵਿੱਚ 0.50% ਦੀ ਕਟੌਤੀ ਦਾ ਚੱਕਰ ਜੂਨ 2024 ਤੋਂ ਸੁਰੂ ਹੋ ਸਕਦਾ ਹੈ।' ਦਸੰਬਰ ਵਿੱਚ ਪ੍ਰਚੂਨ ਮਹਿੰਗਾਈ ਦਰ 5.7% ਸੀ ਅਤੇ ਨਵੰਬਰ ਵਿੱਚ ਇਹ 5.65% ਸੀ। 31 ਮਾਰਚ ਨੂੰ ਖਤਮ ਹੋ ਰਹੇ ਵਿੱਤੀ ਸਾਲ 2023-24 ਲਈ ਔਸਤ ਪ੍ਰਚੂਨ ਮਹਿੰਗਾਈ 5.4 ਫੀਸਦੀ ਹੋ ਸਕਦੀ ਹੈ। 2024-25 ਵਿੱਚ ਇਹ ਘਟ ਕੇ 4.5 ਰਹਿ ਜਾਵੇਗਾ।